@Qpatrika · @qaumipatrika punjabi · instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Thursday, 23 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 23 ਮਈ 2024, 9 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 183, qpatrika@gmail.com ਫੋਨ : 9971359517 www.qaumipatrika.org

## ਵੋਟਾਂ ਵਾਲਾ ਦਿਨ 1 ਜੂਨ ਸਿੱਖਾਂ ਲਈ ਖਾਸ, ਅਕਾਲ ਪੁਰਖ ਨੇ ਸਜਾ ਦੇਣ ਦੀ ਯਾਦ ਦਿਵਾਉਣ ਲਈ ਚੁਣਿਆ : ਸੁਖਬੀਰ

ਚੰਡੀਗੜ੍ਹ 22 ਮਈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿਚ 1 ਜੂਨ ਨੂੰ ਪੈਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਸੁਖਬੀਰ ਬਾਦਲ ਨੇ ਆਖਿਆ ਹੈ ਕਿ ਹਰ ਪੰਜਾਬੀ ਅਤੇ ਹਰ ਸਿੱਖ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਵਿਚ ਵੋਟਾਂ ਦੀ ਮਿਤੀ 1 ਜੂਨ ਹੈ। ਸਾਲ 1984 ਵਿਚ ਇਸੇ ਦਿਨ "ਸਾਕਾ ਨੀਲਾ ਤਾਰਾ" ਸ਼ੁਰੂ ਹੋਇਆ ਸੀ। ਇਹ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ 40ਵੀਂ ਬਰਸੀ ਵਾਲਾ ਦਿਨ ਹੈ। ਕੁਦਰਤ ਅਤੇ ਅਕਾਲ ਪੁਰਖ ਨੇ ਇਸ




ਜਜਬਾਤੀ ਇਤਫਾਕ ਨੂੰ ਇਕ ਵਾਰ ਫਿਰ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਟੈਂਕਾਂ ਅਤੇ ਤੋਪਾਂ ਨਾਲ ਸਾਡੇ ਪਵਿੱਤਰ ਅਸਥਾਨ 'ਤੇ ਹਮਲਾ ਕਰਨ ਵਾਲਿਆਂ ਨੂੰ ਸਜਾ ਦੇਣ ਦੀ ਯਾਦ ਦਿਵਾਉਣ ਲਈ ਚੁਣਿਆ ਹੈ। ਸੁਖਬੀਰ ਨੇ ਕਿਹਾ ਕਿ ਉਹ ਹਰ ਪੰਜਾਬੀ ਅਤੇ ਖਾਸ ਕਰਕੇ ਹਰ ਸਿੱਖ ਨੂੰ ਅਪੀਲ ਕਰਦੇ ਹਨ ਕਿ 1 ਜੂਨ ਨੂੰ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਸਿੱਖ ਵਿਰੋਧੀ ਕਾਂਗਰਸ ਨੂੰ ਸਬਕ ਸਿਖਾਉਣ।

## ਗ੍ਰਹਿ ਮੰਤਰਾਲਾ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

ਨਵੀਂ ਦਿੱਲੀ 22 ਮਈ। ਦਿੱਲੀ ਫਾਇਰ ਸਰਵਿਸ (ਡੀਐੱਫਐੱਸ) ਦੇ ਇਕ ਅਧਿਕਾਰੀ ਅਨੁਸਾਰ ਨਾਰਥ ਬਲਾਕ, ਜਿੱਥੇ ਗ੍ਰਹਿ ਮੰਤਰਾਲਾ ਹੈ, ਨੂੰ ਉਡਾਉਣ ਦੀ ਧਮਕੀ ਮਿਲੀ ਹੈ। ਅਧਿਕਾਰੀ ਅਨੁਸਾਰ ਧਮਕੀ ਇਕ ਈ-ਮੇਲ ਰਾਹੀਂ ਮਿਲੀ ਹੈ। ਡੀਐੱਫਐੱਸ ਅਧਿਕਾਰੀ ਨੇ ਕਿਹਾ ਕਿ ਪੁਲਸ ਅਤੇ ਫਾਇਰ ਸਰਵਿਸ ਦੇ ਕਰਮਚਾਰੀਆਂ ਨਾਲ ਇਕ ਡੌਗ ਸਕੁਐਡ ਅਤੇ ਬੰਬ ਨਿਰੋਧਕ ਅਤੇ ਖੋਜ ਟੀਮਾਂ ਤਲਾਸ਼ੀ ਲੈ ਰਹੀਆਂ ਹਨ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਨਾਰਥ ਬਲਾਕ 'ਚ ਤਾਇਨਾਤ ਇਕ ਅਧਿਕਾਰੀ ਨੂੰ ਬੰਬ ਦੀ ਧਮਕੀ ਵਾਲਾ ਈ-ਮੇਲ ਮਿਲਣ ਤੋਂ ਬਾਅਦ ਡੀਐੱਫਐੱਸ ਨੂੰ ਫੋਨ ਕੀਤਾ ਗਿਆ ਸੀ। ਅਧਿਕਾਰੀ ਨੇ ਕਿਹਾ,"ਤਲਾਸ਼ੀ ਜਾਰੀ ਹੈ ਅਤੇ ਫਿਲਹਾਲ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

## ਪਤੀ ਨਾਲ ਝਗੜੇ ਮਗਰੋਂ ਮਾਂ ਨੇ ਮਾਸੂਮ ਧੀ ਦਾ ਕੀਤਾ ਕਤਲ, ਫਿਰ ਲਾਸ਼ ਨਾਲ 4 ਕਿ.ਮੀ. ਤੱਕ ਸੜਕਾਂ 'ਤੇ ਰਹੀ ਘੁੰਮਦੀ

ਨਾਗੁਪਰ 22 ਮਈ। ਮਹਾਰਾਸ਼ਟਰ ਦੇ ਨਾਗਪੁਰ 'ਚ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਇਕ ਔਰਤ ਆਪਣੇ ਪਤੀ ਨਾਲ ਝਗੜੇ ਮਗਰੋਂ ਇੰਨਾ ਗੁੱਸੇ ਵਿਚ ਆ ਗਈ ਕਿ ਉਸ ਨੇ ਆਪਣੀ 3 ਸਾਲ ਦੀ ਮਾਸੂਮ ਧੀ ਦਾ ਗਲ ਘੁੱਟ ਕੇ ਕਤਲ ਕਰ ਦਿੱਤਾ। ਔਰਤ ਘਟਨਾ ਬਾਰੇ ਪੁਲਸ ਨੂੰ ਸੂਚਿਤ ਕਰਨ ਤੋਂ ਪਹਿਲਾਂ ਲਾਸ਼ ਨਾਲ ਲੱਗਭਗ 4 ਕਿਲੋਮੀਟਰ ਤੱਕ ਸੜਕਾਂ 'ਤੇ ਘੁੰਮਦੀ ਰਹੀ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਸ਼ਾਮ ਨੂੰ ਖੇਤਰ ਵਿਚ ਵਾਪਰੀ। ਪੁਲਸ ਨੇ ਦੋਸ਼ੀ ਔਰਤ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਮਾਂ ਟਵਿੰਕਲ ਰਾਉਤ (23) ਅਤੇ ਉਸ ਦਾ ਪਤੀ ਰਾਮ ਲਕਸਮਣ ਰਾਉਤ (24) 4 ਸਾਲ ਪਹਿਲਾਂ ਰੁਜਗਾਰ ਦੀ ਭਾਲ ਵਿਚ ਨਾਗਪੁਰ ਆਏ ਸਨ। ਪੁਲਸ ਨੇ ਦੱਸਿਆ ਕਿ ਉਹ ਇਕ ਕਾਗਜੀ ਬਣਾਉਣ ਵਾਲੀ ਕੰਪਨੀ ਵਿਚ ਕੰਮ ਕਰਦੇ ਸਨ ਅਤੇ ਖੇਤਰ ਵਿਚ ਹਿੰਗਨਾ ਰੋਡ ਉੱਤੇ ਕੰਪਨੀ ਦੇ ਅਹਾਤੇ ਵਿਚ ਇਕ ਕਮਰੇ 'ਚ ਰਹਿੰਦੇ ਸਨ। ਉਨ੍ਹਾਂ ਵਿਚਕਾਰ ਅਕਸਰ ਲੜਾਈ ਹੁੰਦੀ ਰਹਿੰਦੀ ਸੀ। ਥਾਣੇ ਦੇ ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਸਾਮ ਕਰੀਬ 4 ਵਜੇ ਦੋਹਾਂ ਵਿਚਕਾਰ ਇਕ ਵਾਰ ਫਿਰ ਲੜਾਈ ਹੋਈ ਅਤੇ ਤਿੱਖੀ ਬਹਿਸ ਦੌਰਾਨ ਉਨ੍ਹਾਂ ਦੀ ਧੀ ਰੋਣ ਲੱਗੀ। ਅਧਿਕਾਰੀ ਨੇ ਦੱਸਿਆ ਕਿ ਮਾਂ ਗੁੱਸੇ 'ਚ ਆ ਕੇ ਆਪਣੀ ਧੀ ਨੂੰ ਘਰੋਂ ਬਾਹਰ ਲੈ ਗਈ ਅਤੇ ਇਕ ਦਰੱਖਤ ਹੇਠਾਂ ਬੱਚੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਮੁਤਾਬਕ ਉਹ ਲਾਸ ਨੂੰ ਲੈ ਕੇ ਕਰੀਬ ਚਾਰ ਕਿਲੋਮੀਟਰ ਤੱਕ ਇਧਰ-ਉਧਰ ਭਟਕਦੀ ਰਹੀ। ਰਾਤ ਕਰੀਬ 8 ਵਜੇ ਉਸ ਨੇ ਪੁਲਸ ਦੀ ਗੱਡੀ ਦੇਖ ਕੇ ਪੁਲਸ ਮੁਲਾਜਮਾਂ ਨੂੰ ਘਟਨਾ ਦੀ ਸੂਚਨਾ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਪੁਲਸ ਬੱਚੀ ਨੂੰ ਹਸਪਤਾਲ ਲੈ ਗਈ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਪੁਲਸ ਨੇ ਔਰਤ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਦੀ ਧਾਰਾ-302 (ਕਤਲ) ਤਹਿਤ ਕੇਸ ਦਰਜ ਕਰ ਲਿਆ ਹੈ। ਅਧਿਕਾਰੀ ਨੇ ਦੱਸਿਆ ਕਿ ਬਾਅਦ 'ਚ ਔਰਤ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ 24 ਮਈ ਤੱਕ ਪੁਲਸ ਹਿਰਾਸਤ 'ਚ ਭੇਜ ਦਿੱਤਾ ਗਿਆ।

# ਮੁੱਖ ਮੰਤਰੀ ਭਗਵੰਤ ਮਾਨ ਨੇ ਹਰਸਿਮਰਤ ਬਾਦਲ ਨੂੰ ਲੈ ਕੇ ਦਿੱਤਾ ਇਹ ਬਿਆਨ?

**ਸਿੰਮੀ ਕੌਰ ਬੱਬਰ**

ਸੋਸ਼ਲ ਮੀਡੀਆ 'ਤੇ ਇੱਕ ਰੀਲ ਵਾਇਰਲ ਹੋ ਰਹੀ ਹੈ। ਵੀਡੀਓ ਨੂੰ ਸਾਂਝਾ ਕਰਦਿਆਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਠਿੰਡਾ ਵਿਖੇ ਕੀਤੀ ਰੈਲੀ 'ਚ ਦਾਅਵਾ ਕੀਤਾ ਹੈ ਕਿ ਹਰਸਿਮਰਤ ਕੌਰ ਬਾਦਲ 2 ਲੱਖ ਵੋਟਾਂ ਤੋਂ ਜਿੱਤ ਰਹੀ ਹੈ। ਵਾਇਰਲ ਹੋ ਰਹੀ ਵੀਡੀਓ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੋਲਦੇ ਹੋਏ ਸੁਣਿਆ ਜਾ ਸਕਦਾ ਹੈ, "2 ਲੱਖ 'ਤੇ ਬੀਬਾ ਜੀ 2 ਲੱਖ 'ਤੇ" ਸ਼੍ਰੋਮਣੀ ਅਕਾਲੀ ਦਲ ਵੱਲੋਂ ਰੀਲ ਵੀਡੀਓ ਸਾਂਝਾ ਕਰਦਿਆਂ ਲਿਖਿਆ ਗਿਆ,"ਬਠਿੰਡਾ 'ਚ ਭਗਵੰਤ ਮਾਨ ਦੇ ਮੂੰਹੋਂ ਨਿਕਲਿਆ ਸੱਚ। ਬੀਬਾ ਜੀ 2ਲੱਖ 'ਤੇ ਜਿੱਤਣਗੇ" ਅਸੀਂ ਸੋਸਲ ਮੀਡੀਆ ਤੇ ਵਾਇਰਲ ਹੋ ਰਹੀ ਵੀਡੀਓ ਦੀ ਪੜਤਾਲ ਸੁਰੂ ਕੀਤੀ। ਅਸੀਂ ਸਭ ਤੋਂ ਪਹਿਲਾਂ ਵੀਡੀਓ ਨੂੰ ਧਿਆਨ ਦੇ ਨਾਲ ਵੇਖਿਆ ਅਤੇ ਅਸੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਬਠਿੰਡਾ ਰੋਡ ਸ਼ੋਅ ਦੌਰਾਨ ਦਿੱਤੀ ਗਈ ਸਪੀਚ ਨੂੰ ਸੁਣਿਆ। 7 ਮਈ 2024 ਨੂੰ ਪੰਜਾਬ




ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਰੈਲੀ 'ਚ ਦਿੱਤੀ ਸਪੀਚ ਦਾ ਵੀਡੀਓ ਮਿਲਿਆ। ਵੀਡੀਓ ਨਾਲ ਕੈਪਸ਼ਨ ਦਿੱਤਾ ਗਿਆ ਸੀ,"ਲੋਕ ਸਭਾ ਹਲਕਾ ਬਠਿੰਡਾ ਦੇ ਲੋਕਾਂ ਦਾ ਉਤਸਾਹ ਅਤੇ ਪਿਆਰ। ਰੋਡ ਸ਼ੋਅ ਦੌਰਾਨ ਬਠਿੰਡਾ ਤੋਂ" ਅਸੀਂ ਇਸ ਵੀਡੀਓ ਨੂੰ ਪੂਰਾ ਸੁਣਿਆ ਅਤੇ ਪਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਹਰਾਉਣ ਦੀ ਗੱਲ ਕਰ ਰਹੇ ਸਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਪੀਚ 'ਚੋਂ 22 ਮਿੰਟ 28 ਸੈਕਿੰਡ ਤੋਂ ਬਾਅਦ ਸੁਣਿਆ ਜਾ ਸਕਦਾ ਹੈ। ਭਗਵੰਤ ਮਾਨ ਕਹਿੰਦੇ ਹਨ, "ਬਠਿੰਡੇ ਵਾਲਿਓ ਇੱਕ ਚੀਜ਼ ਮੰਗਣ ਆਇਆ, ਇਨ੍ਹਾਂ ਦੇ ਟੱਬਰ 'ਚ ਇੱਕੋ ਹੀ ਰਹਿ ਗਈ, ਜਿਹੜੀ ਹਾਰੀ ਨਹੀਂ, ਬਸ ਉਹ ਕੰਮ ਕਰ ਦਿਓ ਕਿ ਇੱਕ ਦੂਜੇ ਨੂੰ ਕਹਿ ਨਹੀਂ ਸਕਦੇ ਇਹ ਜਦੋਂ ਸਾਲੇ, ਜੀਜੇ, ਪੁੱਤ, ਭਤੀਜੇ ਇਕੱਠੇ ਹੋਇਆ ਕਰਨਗੇ ਤੇ ਕਹਿਣਗੇ ਕਿ ਤੂੰ ਹਾਰ ਗਿਆ ਤੇ ਤੂੰ ਕਿਹੜਾ ਜਿੱਤ ਗਿਆ, 2 ਲੱਖ 'ਤੇ ਬੀਬਾ ਜੀ 2 ਲੱਖ 'ਤੇ" ਸਾਡੀ ਜਾਂਚ ਤੋਂ ਸਪਸਟ ਹੁੰਦਾ ਹੈ ਕਿ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਗੁੰਮਰਾਹਕੁਨ ਹੈ। ਸਪੀਚ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਹਰਸਿਮਰਤ ਕੌਰ ਬਾਦਲ ਨੂੰ ਹਰਾਉਣ ਦੀ ਗੱਲ ਕਰ ਰਹੇ ਸਨ ਨਾ ਕਿ ਜਿਤਾਉਣ ਦੀ।

## ਦੇਸ਼ 'ਚ ਕੋਰੋਨਾ ਦੇ 512 ਸਰਗਰਮ ਮਾਮਲੇ, ਟੀਕਾਕਰਨ ਦਾ ਅੰਕੜਾ 220.68 ਕਰੋੜ ਦੇ ਪਾਰ

ਜੈਤੋ 22 ਮਈ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਨੇ ਅੱਜ ਯਾਨੀ ਬੁੱਧਵਾਰ ਨੂੰ ਕਿਹਾ ਕਿ ਦੇਸ਼ 'ਚ ਪਿਛਲੇ 24 ਘੰਟਿਆਂ 'ਚ ਕੋਰੋਨਾ ਦੇ ਸਰਗਰਮ 57 ਮਾਮਲੇ ਘੱਟ ਹੋਏ ਹਨ ਅਤੇ ਹੁਣ ਸਿਰਫ 512 ਮਰੀਜ ਹੀ ਸਰਗਰਮ ਹਨ। 112 ਇਲਾਜ ਅਧੀਨ ਮਰੀਜਾਂ ਨੂੰ ਛੁੱਟੀ ਦਿੱਤੀ ਗਈ। ਦੇਸ਼ ਭਰ 'ਚ ਸਭ ਤੋਂ ਵੱਧ ਉੱਤਰ ਪ੍ਰਦੇਸ਼ ਰਾਜ 'ਚ 10 ਸਰਗਰਮ ਮਰੀਜ ਸਾਹਮਣੇ ਆਏ ਹਨ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਵਲੋਂ ਬੁੱਧਵਾਰ ਸਵੇਰੇ 8 ਵਜੇ ਤੱਕ ਜਾਰੀ ਅੰਕੜਿਆਂ ਅਨੁਸਾਰ ਬੀਤੇ 24 ਘੰਟਿਆਂ 'ਚ ਕੋਰੋਨਾ ਵਾਇਰਸ ਸੰਕਰਮਣ ਨਾਲ ਕਿਸੇ ਵੀ ਮਰੀਜ ਦੀ ਮੌਤ ਦੀ ਖਬਰ ਨਹੀਂ ਹੈ। ਪਿਛਲੇ 24 ਘੰਟਿਆਂ 'ਚ 112 ਮਰੀਜ ਠੀਕ ਹੋਏ ਹਨ, ਜਿਸ ਨਾਲ ਹੁਣ ਕੁੱਲ ਗਿਣਤੀ 4,45,05,189 ਮਰੀਜ ਠੀਕ ਹੋ ਚੁੱਕੇ ਹਨ, ਜਦੋਂ ਕਿ ਹੁਣ ਤੱਕ ਮੌਤਾਂ ਦੀ ਕੁੱਲ ਗਿਣਤੀ 5,33,611 ਹੋ ਗਈ ਹੈ। ਸਿਹਤ ਮੰਤਰਾਲਾ ਅਨੁਸਾਰ ਦੇਸ਼ 'ਚ ਪਿਛਲੇ 24 ਘੰਟਿਆਂ 'ਚ 220,68,94,384 ਲੋਕਾਂ ਦਾ ਟੀਕਾਕਰਨ ਹੋ ਚੁੱਕਿਆ ਹੈ। ਓਡੀਸ਼ਾ ਰਾਜ 'ਚ ਮੌਤ ਦਰ ਦੇ ਅੰਕੜਿਆਂ ਦਾ ਮਿਲਾਨ ਜਾਰੀ ਹੈ ਅਤੇ ਇੱਥੇ ਸਰਗਰਮ ਮਾਮਲੇ 4 ਹਨ।

# ਦੇਸ਼ 'ਚ ਬਦਲਾਅ ਦੀ ਹਨ੍ਹੇਰੀ ਚੱਲ ਰਹੀ ਹੈ: ਰਾਹੁਲ ਗਾਂਧੀ

**ਏਜੰਸੀਆਂ**

ਨਵੀਂ ਦਿੱਲੀ 22 ਮਈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਲੋਕ ਸਭਾ ਚੋਣਾਂ ਦੇ 5ਵੇਂ ਪੜਾਅ ਦੀ ਵੋਟਿੰਗ ਸ਼ੁਰੂ ਹੋਣ ਮਗਰੋਂ ਸੋਮਵਾਰ ਨੂੰ ਕਿਹਾ ਕਿ ਜਨਤਾ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਨਾਲ ਮਿਲ ਕੇ ਖੁਦ ਇਹ ਚੋਣਾਂ ਲੜ ਰਹੀ ਹੈ ਅਤੇ ਦੇਸ਼ ਭਰ 'ਚ ਬਦਲਾਅ ਦੀ ਹਨ੍ਹੇਰੀ ਚੱਲ ਰਹੀ ਹੈ। ਲੋਕ ਸਭਾ ਚੋਣਾਂ ਦੇ 5ਵੇਂ ਪੜਾਅ ਵਿਚ ਅੱਜ 49 ਸੀਟਾਂ 'ਤੇ ਵੋਟਾਂ ਪੈ ਰਹੀਆਂ ਹਨ। ਇਸ ਵਿਚ ਰਾਏਬਰੇਲੀ ਲੋਕ ਸਭਾ ਖੇਤਰ ਵੀ ਸ਼ਾਮਲ ਹੈ, ਜਿੱਥੋਂ ਰਾਹੁਲ ਗਾਂਧੀ ਖੁਦ ਕਾਂਗਰਸ ਉਮੀਦਵਾਰ ਹਨ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤਾ ਕਿ ਅੱਜ 5ਵੇਂ ਪੜਾਅ ਦੀ ਵੋਟਿੰਗ ਹੈ। ਪਹਿਲੇ 4 ਪੜਾਵਾਂ 'ਚ ਹੀ ਇਹ ਸਾਫ ਹੋ ਗਿਆ ਹੈ ਕਿ ਜਨਤਾ ਸੰਵਿਧਾਨ ਅਤੇ ਲੋਕਤੰਤਰ ਦੀ ਰੱਖਿਆ ਲਈ ਖੜ੍ਹੀ ਹੋ ਗਈ ਹੈ ਅਤੇ ਭਾਜਪਾ ਨੂੰ ਹਰਾ ਰਹੀ ਹੈ। ਨਫਰਤ ਦੀ ਸਿਆਸਤ ਤੋਂ ਅੱਕ ਚੁੱਕਿਆ ਇਹ ਦੇਸ਼ ਹੁਣ ਆਪਣੇ ਮੁੱਦਿਆਂ 'ਤੇ ਵੋਟ ਪਾ ਰਿਹਾ ਹੈ। ਨੌਜਵਾਨ ਨੌਕਰੀ ਲਈ, ਕਿਸਾਨ ਅਤੇ ਕਰਜ ਤੋਂ ਮੁਕਤੀ ਲਈ, ਔਰਤਾਂ ਆਰਥਿਕ ਨਿਰਭਰਤਾ



ਅਤੇ ਸੁਰੱਖਿਆ ਲਈ ਅਤੇ ਮਜਦੂਰ ਵਾਜਬ ਮਿਹਨਤਾਨੇ ਲਈ। ਜਨਤਾ ਨਾਲ ਮਿਲ ਕੇ ਖੁਦ ਇਹ ਚੋਣਾਂ ਲੜ ਰਹੀ ਹੈ ਅਤੇ ਦੇਸ਼ ਭਰ ਵਿਚ ਬਦਰਾਅ ਦੀ ਹਨ੍ਹੇਰੀ ਚੱਲ ਰਹੀ ਹੈ। ਮੈਂ ਅਮੇਠੀ ਅਤੇ ਰਾਏਬਰੇਲੀ ਸਮੇਤ ਪੂਰੇ ਦੇਸ਼ ਨੂੰ ਅਪੀਲ ਕਰ ਰਿਹਾ ਹਾਂ- ਆਪਣੇ ਪਰਿਵਾਰ ਦੀ ਖੁਸ਼ਹਾਲੀ ਲਈ ਖੁਦ ਦੇ ਅਧਿਕਾਰਾਂ ਲਈ, ਭਾਰਤ ਦੀ ਤਰੱਕੀ ਲਈ ਵੱਡੀ ਗਿਣਤੀ ਵਿਚ ਬਾਹਰ ਨਿਕਲੋ ਅਤੇ ਵੋਟ ਪਾਓ। ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਨੇ ਵੀ ਲੋਕਾਂ ਨੂੰ ਲੋਕਤੰਤਰ ਲਈ ਵੱਡੀ ਗਿਣਤੀ ਵਿਚ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਰਾਏਬਰੇਲੀ ਅਤੇ ਅਮੇਠੀ ਦੇ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਤੰਤਰ, ਸੰਵਿਧਾਨ ਅਤੇ ਵਿਕਾਸ ਦੀ ਸਕਾਰਾਤਮਕ ਸਿਆਸਤ ਨਾਲ ਖੜ੍ਹੇ ਹੋਣ ਦਾ ਸੰਦੇਸ਼ ਦੇਣ। ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਰਾਏਬਰੇਲੀ ਅਤੇ ਅਮੇਠੀ ਦੇ ਮੇਰੇ ਪਿਆਰੇ ਪਰਿਵਾਰਕ ਮੈਂਬਰ! '100 ਸਾਲਾਂ ਦੀ ਸੇਵਾ' ਦਾ ਸੁਨਹਿਰੀ ਇਤਿਹਾਸ ਦੱਸਦਾ ਹੈ ਕਿ ਤੁਸੀਂ ਹਮੇਸ਼ਾ ਲੋਕਤੰਤਰ ਅਤੇ ਸੰਵਿਧਾਨ ਲਈ ਖੜ੍ਹੇ ਰਹੇ ਹੋ। ਤੁਸੀਂ ਹਮੇਸ਼ਾ ਸੇਵਾ, ਸਮਰਪਣ, ਸੰਘਰਸ ਅਤੇ ਸ਼ਹਾਦਤ ਦੀ ਪਵਿੱਤਰ ਭਾਵਨਾ ਦਾ ਪਾਲਣ ਕੀਤਾ ਹੈ।

## ਕਿਸਾਨਾਂ ਨੇ ਰੋਕਿਆ ਰਾਹ, ਅੰਨਦਾਤਾ ਦੇ ਸਵਾਲਾਂ ਤੋਂ ਨਹੀਂ ਦੌੜੇ ਅਨਿਲ ਵਿਜ

ਅੰਬਾਲਾ 22 ਮਈ। ਹਰਿਆਣਾ 'ਚ ਲੋਕ ਸਭਾ ਚੋਣਾਂ ਸਿਰ 'ਤੇ ਹਨ। ਸਾਰੇ ਨੇਤਾ ਚੋਣ ਪ੍ਰਚਾਰ 'ਚ ਜੁੱਟੇ ਹੋਏ ਹਨ। ਆਏ ਦਿਨ ਨੇਤਾਵਾਂ ਨੂੰ ਕਿਸਾਨਾਂ ਦਾ ਵਿਰੋਧ ਵੇਖਣ ਨੂੰ ਮਿਲ ਰਿਹਾ ਹੈ। ਦਰਅਸਲ ਸਾਬਕਾ ਗ੍ਰਹਿ ਮੰਤਰੀ ਅਤੇ ਛਾਉਣੀ ਤੋਂ ਵਿਧਾਇਕ ਅਨਿਲ ਵਿਜ ਅੱਜ ਅੰਬਾਲਾ ਛਾਉਣੀ ਵਿਧਾਨਸਭਾ ਦੇ ਖੇਤਰ ਪੰਜੋਖਰਾ 'ਚ ਭਾਜਪਾ ਉਮੀਦਵਾਰ ਦੇ ਸਮਰਥਨ 'ਚ ਪ੍ਰਚਾਰ ਕਰਨ ਪਹੁੰਚੇ। ਇੱਥੇ ਕਿਸਾਨਾਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਉਨ੍ਹਾਂ ਤੋਂ ਇਕ ਤੋਂ ਬਾਅਦ ਇਕ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਜਿਸ ਤੋਂ ਬਾਅਦ ਵਿਜ ਵੀ ਕਿਸਾਨਾਂ ਨੂੰ ਸਮਝਾਉਂਦੇ ਹੋਏ ਨਜਰ ਆਏ। ਕਿਸਾਨਾਂ ਨੇ ਵਿਜ ਤੋਂ ਪੁੱਛਿਆ ਕਿ ਕਿਸਾਨ ਸ਼ਾਂਤੀਪੂਰਨ ਦਿੱਲੀ ਜਾ ਰਹੇ ਸਨ, ਬੈਰੀਕੇਡਜ ਲਾ ਕੇ ਉਨ੍ਹਾਂ ਨੂੰ ਕਿਉਂ ਰੋਕਿਆ ਗਿਆ? ਉਨ੍ਹਾਂ 'ਤੇ ਗੋਲੀਆਂ ਕਿਉਂ ਚਲਵਾਈਆਂ ਗਈਆਂ? ਇਸ ਦੇ ਜਵਾਬ 'ਚ ਵਿਜ ਨੇ ਕਿਹਾ ਕਿ ਮੈਂ ਉਸ ਸਮੇਂ ਗ੍ਰਹਿ ਮੰਤਰੀ ਸੀ, ਮੈਂ ਦੌੜ ਨਹੀਂ ਸਕਦਾ, ਮੈਂ ਆਪਣੀ ਜਮਿੇਵਾਰੀ ਲੈਂਦਾ ਹਾਂ। ਉਨ੍ਹਾਂ ਨੇ ਕਿਹਾ ਕਿ ਅਸੀਂ ਗੋਲੀ ਚਲਾਈ ਜਾਂ ਨਹੀਂ ਚਲਾਈ ਪਰ ਮੈਂ ਗ੍ਰਹਿ ਮੰਤਰੀ ਸੀ। ਇਸ ਤੋਂ ਬਾਅਦ ਕਿਸਾਨਾਂ ਨੇ ਕਿਹਾ ਕਿ ਹੰਝੂ ਗੈਸ ਦੇ ਗੋਲੇ ਛੱਡੇ ਗਏ, ਪਾਣੀ ਦੀਆਂ ਬੌਛਾਰਾਂ ਕੀਤੀਆਂ ਗਈਆਂ। ਅੱਜ ਤੁਹਾਡੀ ਸਰਕਾਰ ਹੈ, ਇਕ ਵੀ ਬੰਦੇ ਨੂੰ ਚੰਡੀਗੜ੍ਹ ਜਾਣਾ ਹੋਵੇ ਜਾਂ ਹਸਪਤਾਲ ਜਾਣਾ ਹੋਵੇ, ਰਸਤਾ ਕਿਉਂ ਨਹੀਂ ਖੋਲ੍ਹ ਦਿੱਤਾ ਜਾਂਦਾ ਹੈ। ਵਿਜ ਨੇ ਕਿਹਾ ਕਿ ਮੈਂ ਤਾਂ ਹੁਣ ਸਿਰਫ ਹਾਂ।



ਮੈਂ ਤਾਂ ਤੁਹਾਡੇ ਕੰਮ ਕਰਨ ਲਈ ਹਾਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਤੁਸੀਂ ਮੰਨਦੇ ਹੋ ਕਿ ਮੈਂ ਕੰਮ ਕੀਤੇ ਹਨ। ਇਸ 'ਤੇ ਕਿਸਾਨਾਂ ਨੇ ਕਿਹਾ ਕਿ ਇਹ ਗੱਲ ਮੰਨਦੇ ਹੋ ਕਿ ਤੁਸੀਂ ਕੰਮ ਕੀਤੇ ਹਨ। ਵਿਜ ਨੇ ਅੱਗੇ ਕਿਹਾ ਕਿ ਤੁਸੀਂ ਰੋਕਿਆ ਮੈਂ ਦੌੜਿਆ ਤਾਂ ਨਹੀਂ। ਦੂਜੇ ਨੇਤਾਵਾਂ ਵਾਂਗ ਮੈਂ ਦੌੜਿਆ ਤਾਂ ਨਹੀਂ, ਤੁਸੀਂ-ਅਸੀਂ ਇਕ ਹੀ ਹਾਂ। ਸਾਡੇ ਮੁੱਦੇ ਵੱਖ-ਵੱਖ ਹੋ ਸਕਦੇ ਹਨ ਪਰ ਅਸੀਂ ਇਕ ਹਾਂ।

## ਕੇਂਦਰ ਨੂੰ ਬਾਰਾਮੂਲਾ ਲੋਕ ਸਭਾ ਖੇਤਰ 'ਚ ਵੱਧ ਵੋਟਿੰਗ ਦਾ ਸਿਹਰਾ ਨਹੀਂ ਲੈਣਾ ਚਾਹੀਦਾ : ਉਮਰ ਅਬਦੁੱਲਾ

ਸ਼੍ਰੀਨਗਰ 22 ਮਈ। ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ (ਨੇਕਾਂ) ਦੇ ਉੱਪ ਪ੍ਰਧਾਨ ਉਮਰ ਅਬਦੁੱਲਾ ਨੇ ਬੁੱਧਵਾਰ ਨੂੰ ਕਿਹਾ ਕਿ ਕੇਂਦਰ ਸਰਕਾਰ ਨੂੰ ਬਾਰਾਮੂਲਾ ਲੋਕ ਸਭਾ ਖੇਤਰ 'ਚ ਭਾਰੀ ਵੋਟਿੰਗ ਦਾ ਸਿਹਰਾ ਨਹੀਂ ਲੈਣਾ ਚਾਹੀਦਾ। ਸ਼੍ਰੀ ਉਮਰ ਬਾਰਾਮੂਲਾ ਲੋਕ ਸਭਾ ਚੋਣ ਖੇਤਰ 'ਚ ਵੱਧ ਵੋਟ ਫੀਸਦੀ ਦੇ ਸੰਬੰਧ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੋਸ਼ਲ ਮੀਡੀਆ 'ਐਕਸ' 'ਤੇ ਪੋਸਟ ਦੀ ਪ੍ਰਤੀਕਿਰਿਆ ਦੇ ਰਹੇ ਸਨ। ਬਾਰਾਮੂਲਾ 'ਚ ਲੋਕ ਸਭਾ ਚੋਣਾਂ ਲਈ 20 ਮਈ ਨੂੰ ਵੋਟਿੰਗ ਹੋਈ ਸੀ। ਨੇਕਾਂ ਉੱਪ ਪ੍ਰਧਾਨ ਨੇ ਕਿਹਾ,"ਲੋਕਾਂ ਨੇ ਸਾਹਸ ਦਿਖਾਇਆ ਅਤੇ ਵੱਡੀ ਗਿਣਤੀ 'ਚ ਬਾਹਰ ਆਏ ਅਤੇ ਵੋਟਿੰਗ ਦੇ ਆਪਣੇ ਅਧਿਕਾਰ ਦਾ ਪ੍ਰਯੋਗ ਕੀਤਾ।" ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਬਾਰਾਮੂਲਾ ਲੋਕ ਸਭਾ ਖੇਤਰ 'ਚ ਭਾਰੀ ਵੋਟਿੰਗ ਦਾ ਸਿਹਰਾ ਨਹੀਂ ਲੈਣਾ ਚਾਹੀਦਾ। ਉਮਰ ਨੇ ਪੁੱਛਿਆ,"ਜੇਕਰ ਕੇਂਦਰ ਇਸ ਨੂੰ ਧਾਰਾ 370 ਨਾਲ ਜੋੜਨਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੀਦਾ ਕਿ 1990 ਤੋਂ ਪਹਿਲੇ ਜੋ ਚੋਣਾਂ ਹੁੰਦੀਆਂ ਸਨ, ਉਨ੍ਹਾਂ 'ਚ ਅੱਜ ਦੀ



ਤੁਲਨਾ 'ਚ ਬਿਹਤਰ ਵੋਟਿੰਗ ਹੋਣੀ ਸੀ।" ਸਾਬਕਾ ਮੁੱਖ ਮੰਤਰੀ ਨੇ ਦੋਸ਼ ਲਗਾਇਆ ਕਿ ਜੰਮੂ ਕਸ਼ਮੀਰ 'ਚ ਮੌਜੂਦਾ ਸਰਕਾਰ 'ਬੇਤਾਜ ਬਾਦਸ਼ਾਹ' ਦੀ ਤਰ੍ਹਾਂ ਹੈ। ਉਨ੍ਹਾਂ ਦੋਸ਼ ਲਗਾਇਆ ਕਿਸੇ ਨੇ ਵੀ ਜੰਮੂ ਕਸ਼ਮੀਰ ਦੇ ਕਿਸੇ ਵੀ ਸਰਕਾਰੀ ਦਫਤਰ 'ਚ ਪ੍ਰਵੇਸ਼ ਕਰਨ ਦੀ ਹਿੰਮਤ ਨਹੀਂ ਕੀਤੀ ਹੈ ਅਤੇ ਜੇਕਰ ਕੋਈ ਆਪਣੀ ਸ਼ਿਕਾਇਤ ਦੇ ਨਿਪਟਾਰੇ ਲਈ ਪ੍ਰਵੇਸ਼ ਕਰਨ 'ਚ ਸਫਲ ਹੋ ਜਾਂਦਾ ਹੈ ਤਾਂ ਕੋਈ ਉਸ ਦੀ ਗੱਲ ਨਹੀਂ ਸੁਣਦਾ।" ਉਮਰ ਨੇ ਕਿਹਾ,"ਜੰਮੂ ਕਸ਼ਮੀਰ 'ਚ ਸਾਰੇ ਫੈਸਲੇ ਸ਼ਾਹੀ ਫਰਮਾਨ ਦੀ ਤਰ੍ਹਾਂ ਐਲਾਨ ਕੀਤੇ ਜਾ ਰਹੇ ਹਨ।" ਉਨ੍ਹਾਂ ਕਿਹਾ,"ਲੋਕ ਚਿੰਤਤ ਹਨ ਅਤੇ ਉਨ੍ਹਾਂ ਲਈ ਕੁਝ ਕਾਰਨ ਹਨ ਅਤੇ ਉਨ੍ਹਾਂ ਨੇ ਬਾਹਰ ਆ ਕੇ ਵੋਟਿੰਗ ਕੀਤੀ।" ਉਨ੍ਹਾਂ ਕਿਹਾ ਕਿ ਚੰਗੀ ਗੱਲ ਇਹ ਹੈ ਕਿ ਲੋਕਤੰਤਰ 'ਚ ਵੋਟ ਹੀ ਆਪਣੀ ਆਵਾਜ ਚੁੱਕਣ ਦੀ ਇਕਮਾਤਰ ਸ਼ਕਤੀ ਹੈ।

# ਰਾਜਨਾਥ ਸਿੰਘ ਨੇ ਰਾਹੁਲ ਗਾਂਧੀ 'ਤੇ ਵਿੰਨ੍ਹਿਆ ਨਿਸ਼ਾਨਾ

**ਨਵਦੀਪ ਸਿੰਘ ਸਾਹਨੀ**

ਬੋਕਾਰੋ 22 ਮਈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਕੀ ਅਜਿਹੇ ਨੇਤਾ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਣਾ ਚਾਹੀਦਾ, ਜਿਸ ਦੀ ਪ੍ਰਸ਼ੰਸਾ ਇਕ 'ਦੁਸ਼ਮਣ' ਕਰ ਰਿਹਾ ਹੋਵੇ। ਉਹ ਪਾਕਿਸਤਾਨ ਦੇ ਸਾਬਕਾ ਮੰਤਰੀ ਫਵਾਦ ਹੁਸੈਨ ਚੌਧਰੀ ਦੇ ਰਾਹੁਲ ਗਾਂਧੀ ਦੀ ਪ੍ਰਸ਼ੰਸਾ 'ਚ ਦਿੱਤੇ ਗਏ ਬਿਆਨ ਦਾ ਜਕਿਰ ਕਰ ਰਹੇ ਸਨ। ਝਾਰਖੰਡ ਦੇ ਬੋਕਾਰੋ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਰਾਜਨਾਥ ਨੇ ਕਿਹਾ ਕਿ ਪਾਕਿਸਤਾਨ ਦੇ ਕਬਜੇ ਵਾਲਾ ਕਸ਼ਮੀਰ (ਪੀਓਕੇ) ਭਾਰਤ ਦਾ ਹਿੱਸਾ ਹੈ ਅਤੇ ਹਮੇਸ਼ਾ ਰਹੇਗਾ। ਉਨ੍ਹਾਂ ਕਿਹਾ,"ਪਾਕਿਸਤਾਨ ਦੇ ਸਾਬਕਾ ਮੰਤਰੀ ਫਵਾਦ ਹੁਸੈਨ ਨੇ ਕਿਹਾ ਹੈ ਕਿ ਪੁਲਵਾਮਾ ਅਤੇ ਉੜੀ ਹਮਲਿਆਂ 'ਚ ਪਾਕਿਸਤਾਨੀ ਅੱਤਵਾਦੀ ਸ਼ਾਮਲ ਸਨ। ਇਹੀ ਫਵਾਦ ਹੁਸੈਨ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ ਨਹੀਂ ਕਰਦੇ ਸਗੋਂ ਰਾਹੁਲ ਗਾਂਧੀ ਦੀ ਪ੍ਰਸ਼ੰਸਾ ਕਰ ਰਹੇ ਹਨ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੇ ਨੇਤਾ



ਦਾ ਸਨਮਾਨ ਹੋਣਾ ਚਾਹੀਦਾ, ਜਿਸ ਦੀ ਤਾਰੀਫ ਦੁਸ਼ਮਣ ਕਰਨ। ਕੀ ਉਨ੍ਹਾਂ ਨੂੰ ਸਰਕਾਰ ਬਣਾਉਣ ਦੀ ਮਨਜੂਰੀ ਮਿਲਣੀ ਚਾਹੀਦੀ? ਉਹ ਦੇਸ਼ ਨੂੰ ਕਿਹੜੀ ਦਿਸ਼ਾ 'ਚ ਲਿਜਾਉਣਾ ਚਾਹੁੰਦੇ ਹਨ? ਮੈਂ ਤੁਹਾਨੂੰ ਦੇਸ਼ ਨੂੰ ਬਚਾਉਣ ਦੀ ਅਪੀਲ ਕਰਦਾ ਹਾਂ।" ਪਾਕਿਸਤਾਨ 'ਚ ਇਮਰਾਨ ਖਾਨ ਸਰਕਾਰ 'ਚ ਮੰਤਰੀ ਰਹੇ ਫਵਾਦ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਰਾਹੁਲ ਗਾਂਧੀ ਦਾ ਇਕ ਵੀਡੀਓ ਸਾਂਝਾ ਕਰਦੇ ਹੋਏ ਲਿਖਿਆ ਸੀ,"ਰਾਹੁਲ ਆਨ ਫਾਇਰ"। ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਭਾਜਪਾ 'ਤੇ ਸੰਵਿਧਾਨ ਬਦਲਣ ਦਾ ਦੋਸ਼ ਲਗਾ ਰਿਹਾ ਹੈ ਪਰ ਕਾਂਗਰਸ ਸਰਕਾਰ 'ਚ 90 ਵਾਰ ਚੁਣੀਆਂ ਹੋਈਆਂ ਸਰਕਾਰਾਂ ਨੂੰ ਸੁੱਟਿਆ ਗਿਆ ਸੀ। ਰਾਜਨਾਥ ਨੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ,"ਝਾਮੁਮੋ ਦੀ ਅਗਵਾਈ ਵਾਲੀ ਸਰਕਾਰ 'ਚ ਝਾਰਖੰਡ 'ਚ ਭ੍ਰਿਸ਼ਟਾਚਾਰ ਸਿਖਰ 'ਤੇ ਹੈ ਅਤੇ ਮੁੱਖ ਮੰਤਰੀ ਦੀ ਸੁਰੱਖਿਆ ਦੇ ਬਿਨਾਂ ਸੰਭਵ ਨਹੀਂ ਹੈ।" ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਰਾਜ 'ਚ ਸੱਤਾਧਾਰੀ ਗਠਜੋੜ ਨੂੰ ਬਾਹਰ ਦਾ ਰਸਤਾ ਦਿਖਾਓ।

# 'ਜੋ ਦੋ ਰਾਜਕੁਮਾਰ ਘੂਮ ਰਹੇ ਹੈਂ, ਓ ਅਭੀ ਬੱਚਾ ਹੈਂ ਔਰ ਹਮ ਉਨਕੇ ਚੱਚਾ ਹੈਂ' : ਰਾਜਭਰ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 22 ਮਈ। ਉੱਤਰ ਪ੍ਰਦੇਸ ਦੇ ਦੇਵਰੀਆ ਲੋਕ ਸਭਾ ਹਲਕੇ ਦੇ ਮਝਗਵਾਂ ਵਿਚ ਸੁਭਾਸਪਾ ਚੀਫ ਓਮ ਪ੍ਰਕਾਸ਼




ਰਾਜਭਰ ਨੇ ਭਾਜਪਾ ਉਮੀਦਵਾਰ ਸਸਾਂਕ ਮਨੀ ਤ੍ਰਿਪਾਠੀ ਦੇ ਸਮਰਥਨ ਵਿਚ ਇਕ ਜਨ ਸਭਾ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਪਾ ਪ੍ਰਧਾਨ ਅਖਿਲੇਸ ਯਾਦਵ ਅਤੇ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਤਿੱਖਾ ਨਿਸਾਨਾ ਵਿੰਨ੍ਹਿਆ। ਅਖਿਲੇਸ ਅਤੇ ਰਾਹੁਲ ਦਾ ਨਾਂ ਲਏ ਬਿਨਾਂ ਰਾਜਭਰ ਨੇ ਕਿਹਾ ਕਿ ਯੂ. ਪੀ. ਵਿਚ ਦੋ ਰਾਜਕੁਮਾਰ ਘੁੰਮ ਰਹੇ ਹਨ, 'ਓ ਦੋਨੋਂ ਅਭੀ ਬੱਚਾ ਹੈਂ ਔਰ ਹਮ ਉਨਕੇ ਚੱਚਾ ਹੈਂ।' ਸਪਾ 'ਤੇ ਨਿਸ਼ਾਨਾ ਵਿੰਨ੍ਹਿਦਿਆਂ ਓ. ਪੀ. ਰਾਜਭਰ ਨੇ ਕਿਹਾ ਕਿ ਜਿਸ ਟਿਊਬ ਵਿਚ ਹਵਾ ਭਰਨ ਜਾ ਰਹੇ ਸੀ ਉਸਦੀ ਟੂਟੀ ਹੀ ਅਸੀਂ ਖੋਲ੍ਹਕੇ ਲੈ ਚੱਲੇ ਹਾਂ। ਹੁਣ ਸਾਈਕਲ ਦੇ ਪਹੀਏ ਵਿਚ ਹਵਾ ਕਿਵੇਂ ਭਰੀ ਜਾਏਗੀ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਦੇਸ਼ ਵਿਚ ਸਪਾ ਅਤੇ ਕਾਂਗਰਸ ਦੀ ਕਰਾਰੀ ਹਾਰ ਹੋਵੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਸਪਾ ਅਤੇ ਕਾਂਗਰਸ ਵਿਚਾਲੇ ਕੋਈ ਗੱਠਜੋੜ ਨਹੀਂ ਰਹੇਗਾ। ਓ. ਪੀ. ਰਾਜਭਰ ਨੇ ਦਾਅਵਾ ਕੀਤਾ ਕਿ ਸੂਬੇ ਅਤੇ ਦੇਸ ਵਿਚ ਮੋਦੀ ਲਹਿਰ ਹੈ। ਕੇਂਦਰ ਵਿਚ ਇਕ ਵਾਰ ਫਿਰ ਮੋਦੀ ਸਰਕਾਰ ਬਣਨ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਯੂ. ਪੀ. ਵਿਚ ਸਪਾ ਅਤੇ ਕਾਂਗਰਸ ਦੇ ਖਾਤੇ ਵੀ ਨਹੀਂ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਇਹ ਲੋਕ ਕੂੜ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦੇ ਪ੍ਰਚਾਰ ਦਾ ਕੋਈ ਅਸਰ ਨਹੀਂ ਹੋਵੇਗਾ। ਰਾਜਭਰ ਨੇ ਕਿਹਾ ਕਿ ਪੀ. ਐੱਮ. ਮੋਦੀ ਸਰਕਾਰ ਬਣਨ ਤੋਂ ਬਾਅਦ 70 ਸਾਲ ਤੋਂ ਵੱਧ ਉਮਰ ਦੇ ਬਜੁਰਗਾਂ ਦਾ 5 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਹੋਵੇਗਾ। ਉਨ੍ਹਾਂ ਕਿਹਾ ਕਿ 2024 ਤੋਂ ਬਾਅਦ ਸੂਬੇ ਦੇ ਲੋਕਾਂ ਦਾ ਬਿਜਲੀ ਬਿੱਲ ਜੀਰੋ ਹੋ ਜਾਵੇਗਾ। ਮੋਦੀ ਸਰਕਾਰ ਇਹ ਸਹੂਲਤ ਦੇਣ ਜਾ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਛੇਵੇਂ ਅਤੇ ਸੱਤਵੇਂ ਗੇੜ ਲਈ ਚੋਣ ਪ੍ਰਚਾਰ ਜਾਰੀ ਹੈ। ਛੇਵੇਂ ਪੜਾਅ ਵਿਚ 25 ਮਈ ਨੂੰ ਵੋਟਾਂ ਪੈਣਗੀਆਂ। ਜਦੋਂ ਕਿ ਸੱਤਵੇਂ ਅਤੇ ਆਖਰੀ ਪੜਾਅ ਵਿਚ 1 ਜੂਨ ਨੂੰ ਵੋਟਿੰਗ ਹੋਵੇਗੀ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ।

### ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੰਵਿਧਾਨ ਨੂੰ ਬਦਲਣ 'ਤੇ ਤੁਲੀ ਹੋਈ ਹੈ: ਪ੍ਰਿਅੰਕਾ ਵਾਡਰਾ

ਗੋਂਡਾ 22 ਮਈ। ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਬੁੱਧਵਾਰ ਨੂੰ ਦੋਸ ਲਗਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੰਵਿਧਾਨ ਨੂੰ ਬਦਲਣ 'ਤੇ ਤੁਲੀ ਹੋਈ ਹੈ ਅਤੇ ਪਿਛਲੇ 10 ਸਾਲਾਂ 'ਚ ਸੰਸਦ ਅਤੇ ਨਿਆਂਪਾਲਿਕਾ ਵਰਗੀਆਂ ਸੰਸਥਾਵਾਂ ਨੂੰ ਕਮਜੋਰ ਕਰ ਚੁੱਕੀ ਹੈ। ਗੋਂਡਾ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਵਾਡਰਾ ਨੇ ਇਹ ਵੀ ਦਾਅਵਾ ਕੀਤਾ ਕਿ ਕੇਂਦਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਸਾਰੇ ਲੋਕਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ। ਕਾਂਗਰਸ ਨੇਤਾ ਨੇ ਕਿਹਾ ਕਿ ਜੇਕਰ ਭਾਜਪਾ ਮੁੜ ਸੱਤਾ 'ਚ ਆਉਂਦੀ ਹੈ ਤਾਂ ਉਹ ਸੰਵਿਧਾਨ ਨੂੰ ਬਦਲ ਦੇਣਗੇ ਅਤੇ ਰਿਜਰਵੇਸਨ ਨੂੰ ਕਟੌਤੀ ਕਰਨਗੇ। ਪਿਛਲੇ 10 ਸਾਲਾਂ ਵਿਚ ਉਨ੍ਹਾਂ ਨੇ ਲੋਕਤੰਤਰ ਦੇ ਨਾਲ-ਨਾਲ ਸੰਸਦ ਅਤੇ ਨਿਆਂਪਾਲਿਕਾ ਨੂੰ ਵੀ ਕਮਜੋਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਝੂਠੇ ਕੇਸ ਵਿਚ ਜੇਲ੍ਹ ਭੇਜਿਆ ਹੈ।

## ਮੋਦੀ ਪਹਾੜ ਖੋਦ ਕੇ ਚੂਹਾ ਕੱਢ ਕੇ ਲਿਆਂਦੇ ਹਨ : ਮਲਿਕਾਰਜੁਨ ਖੜਗੇ

ਯਮੁਨਾਨਗਰ 22 ਮਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਨੂੰ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ ਵੱਡੀਆਂ-ਵੱਡੀਆਂ ਗੱਲਾਂ ਕਰਨੀਆਂ ਜਾਣਦੇ ਹਨ ਅਤੇ ਪਹਾੜ ਖੋਦ ਕੇ ਚੂਹਾ ਕੱਢ ਕੇ ਲਿਆਂਦੇ ਹਨ। ਖੜਗੇ ਇੱਥੇ ਅੰਬਾਲਾ ਅਤੇ ਕੁਰੂਕਸ਼ੇਤਰ ਸੰਸਦੀ ਖੇਤਰਾਂ ਦੇ ਇੰਡੀਆ ਗਠਜੋੜ ਸਮੂਹ ਦੇ ਉਮੀਦਵਾਰਾਂ ਵਰੁਣ ਮੁਲਾਨਾ ਅਤੇ ਸੁਸ਼ੀਲ ਗੁਪਤਾ ਦੇ ਪੱਖ 'ਚ ਜਗਾਧਰੀ ਅਨਾਜ ਮੰਡੀ 'ਚ ਚੋਣ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਪਹਾੜ ਖੋਦ ਕੇ ਚੂਹਾ ਕੱਢ ਕੇ ਲਿਆਂਦੇ ਹਨ ਅਤੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ ਜਦੋਂ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਕਿਸਤਾਨ ਦੇ 2 ਟੁਕੜੇ ਕਰ ਕੇ ਬੰਗਲਾਦੇਸ਼ ਬਣਾਇਆ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸ਼੍ਰੀ ਮੋਦੀ ਝੂਠਿਆਂ ਦੇ ਸਰਦਾਰ ਹਨ ਅਤੇ ਉਨ੍ਹਾਂ ਨੇ ਸਾਰਿਆਂ ਨੂੰ ਨਾਲ ਲੈ ਕੇ ਸਾਰਿਆਂ ਦਾ ਸੱਤਿਆਨਾਸ਼ ਕੀਤਾ ਹੈ। ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਲੜਾਈ ਮੋਦੀ ਨਾਲ ਨਹੀਂ ਸਗੋਂ ਉਨ੍ਹਾਂ ਦੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੀ ਵਿਚਾਰਧਾਰਾ ਨਾਲ ਹੈ। ਉਨ੍ਹਾਂ ਕਿਹਾ ਕਿ ਮੋਦੀ ਨੇ ਬੈਂਕ ਖਾਤਿਆਂ 'ਚ 15 ਲੱਖ ਰੁਪਏ ਆਉਣ, 2 ਕਰੋੜ ਨੌਕਰੀਆਂ ਦੇਣ ਅਤੇ ਕਿਸਾਨਾਂ ਦੀ ਆਮਦਨੀ



ਦੁੱਗਣੀ ਕਰਨ ਵਰਗੇ ਕਈ ਝੂਠ ਬੋਲੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ 'ਚ ਇਕ ਲੱਖ 82 ਹਜਾਰ ਨੌਕਰੀਆਂ ਦੇ ਅਹੁਦੇ ਖਾਲੀ ਹਨ ਅਤੇ ਕੇਂਦਰ 'ਚ 30 ਲੱਖ ਨੌਕਰੀਆਂ ਦੇ ਅਹੁਦੇ ਖਾਲੀ ਪਏ ਹਨ ਪਰ ਮੋਦੀ ਅਤੇ ਹਰਿਆਣਾ 'ਚ ਮੁੱਖ ਮੰਤਰੀ ਇਹ ਖਾਲੀ ਅਹੁਦੇ ਨਹੀਂ ਭਰ ਰਹੇ। ਮੋਦੀ ਫੌਜ ਤੱਕ 'ਚ ਚਾਰ ਸਾਲ ਦੀ ਭਰਤੀ ਦੀ ਅਗਨੀਵੀਰ ਯੋਜਨਾ ਲਿਆਏ ਹਨ।

# ਪੀ. ਐੱਸ. ਪੀ. ਸੀ. ਐੱਲ. ਨੇ ਬਣਾਇਆ ਨਵਾਂ ਰਿਕਾਰਡ

ਜਲੰਧਰ 22 ਮਈ। ਮੁੱਖ ਮੰਤਰੀ ਭਗਵੰਤ ਮਾਨ ਨੇ ਸੱਤਾ ਵਿਚ ਆਉਂਦੇ ਹੀ ਬੁਨਿਆਦੀ ਸਹੂਲਤਾਂ 'ਤੇ ਫੋਕਸ ਕਰਨਾ ਸ਼ੁਰੂ ਕੀਤਾ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾ ਸਕਣ। ਇਸੇ ਲੜੀ ਵਿਚ ਬਿਜਲੀ ਸਿਸਟਮ ਵਿਚ ਵੱਡੇ ਸੁਧਾਰ ਕਰਕੇ ਪੰਜਾਬ ਵਾਸੀਆਂ ਨੂੰ ਰਾਹਤ ਪ੍ਰਦਾਨ ਕੀਤੀ ਗਈ। ਹਰ ਖੇਤਰ ਨੂੰ ਕੱਟ ਰਹਿਤ ਬਿਨਾਂ ਰੁਕਾਵਟ ਬਿਜਲੀ ਸਪਲਾਈ ਮੁਹੱਈਆ ਕਰਵਾ ਕੇ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੀ ਹੈ। ਬਿਜਲੀ ਦੇ ਖੇਤਰ ਵਿਚ ਸਰਕਾਰ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ ਹੋਏ ਪੀ. ਐੱਸ. ਪੀ. ਸੀ. ਐੱਲ. ਨੇ ਇਸ ਸੀਜਨ ਵਿਚ ਨਵਾਂ ਰਿਕਾਰਡ ਬਣਾਇਆ ਹੈ। ਇੰਡਸਟਰੀ, ਕਮਰਸ਼ੀਅਲ, ਘਰੇਲੂ ਖਪਤਕਾਰਾਂ ਸਮੇਤ ਕਿਸਾਨਾਂ ਨੂੰ ਇਸ ਸੀਜਨ ਵਿਚ ਬਿਨਾਂ ਰੁਕਾਵਟ ਸਪਲਾਈ ਮੁਹੱਈਆ ਕਰਵਾਈ ਗਈ ਹੈ। ਝੋਨੇ ਦੇ ਸੀਜਨ ਵਿਚ ਸਰਕਾਰ ਵੱਲੋਂ ਕਿਸਾਨਾਂ ਨੂੰ 8 ਘੰਟੇ ਬਿਜਲੀ ਦੇਣ ਦਾ ਜੋ ਵਾਅਦਾ ਕੀਤਾ ਗਿਆ ਸੀ, ਉਸ ਨੂੰ ਪੂਰਾ ਕਰਨ ਵਿਚ ਸਰਕਾਰ ਖਰਾ ਉਤਰੀ ਹੈ। ਇਸੇ ਕਾਰਨ ਇਸ ਵਾਰ ਜੂਨ ਦੇ ਪੀਕ ਸੀਜਨ ਦੌਰਾਨ 15,000 ਮੈਗਾਵਾਟ ਤੋਂ ਵੱਧ ਦੀ ਡਿਮਾਂਡ ਦੀ ਪੂਰਤੀ ਕੀਤੀ ਗਈ ਹੈ। ਪਿਛਲੇ ਸਾਲ 29 ਜੂਨ ਨੂੰ ਬਿਜਲੀ ਦੀ ਵੱਧ ਤੋਂ ਵੱਧ ਡਿਮਾਂਡ 14,311 ਮੈਗਾਵਾਟ ਰਹੀ ਸੀ, ਜਦਕਿ ਇਸ ਵਾਰ 1014 ਮੈਗਾਵਾਟ ਦੇ ਵਾਧੇ ਨਾਲ ਇਹ ਮੰਗ 15,000 ਮੈਗਾਵਾਟ ਤੋਂ ਉਪਰ ਪੁੱਜ ਗਈ। ਪਾਵਰਕਾਮ ਨੇ 23 ਜੂਨ ਨੂੰ 15,325 ਮੈਗਾਵਾਟ ਦੀ ਵੱਧ ਤੋਂ ਵੱਧ ਮੰਗ ਨੂੰ ਪੂਰਾ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਹ ਆਯਾਮ ਛੂਹਣ ਲਈ ਪੀ. ਐੱਸ. ਪੀ. ਸੀ. ਐੱਲ. ਨੂੰ ਬਿਜਲੀ ਸਿਸਟਮ ਵਿਚ ਵੱਡੇ ਪੱਧਰ 'ਤੇ ਸੁਧਾਰ ਕਰਨੇ ਪਏ ਹਨ,



ਜਿਸ ਨਾਲ ਵਿਭਾਗ ਨੇ ਬਿਜਲੀ ਸਪਲਾਈ ਦੇ ਕ੍ਰਮ ਵਿਚ 7 ਫੀਸਦੀ ਵਾਧਾ ਦਰਜ ਕੀਤਾ। ਇਸੇ ਤਰ੍ਹਾਂ 15,325 ਮੈਗਾਵਾਟ ਦੀ ਮੰਗ ਪੂਰੀ ਕਰਨਾ ਸੌਖਾ ਟੀਚਾ ਨਹੀਂ ਸੀ ਕਿਉਂਕਿ ਜੂਨ ਮਹੀਨੇ ਦੌਰਾਨ ਕਿਸਾਨਾਂ ਨੂੰ 8 ਘੰਟੇ ਬਿਜਲੀ ਦਿੱਤੀ ਜਾ ਰਹੀ ਸੀ। ਇਸ ਦੇ ਬਾਵਜੂਦ ਪੀ. ਐੱਸ. ਪੀ. ਸੀ. ਐੱਲ. ਨੇ ਬਿਨਾਂ ਕੱਟ ਲਾਏ ਇਸ ਮੰਗ ਨੂੰ ਪੂਰਾ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ। ਮਾਨ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਪੀ. ਐੱਸ. ਪੀ. ਸੀ. ਐੱਲ. ਵੱਲੋਂ ਬਿਜਲੀ ਸਿਸਟਮ ਨੂੰ ਸੁਧਾਰਨ ਦੇ ਕੰਮ ਸ਼ੁਰੂ ਕੀਤੇ ਗਏ ਅਤੇ ਵੱਡੇ ਪੱਧਰ 'ਤੇ ਕੰਮ ਕਰਦੇ ਹੋਏ 63 ਸਬ-ਸਟੇਸ਼ਨਾਂ ਨੂੰ ਅਪਗ੍ਰੇਡ ਕੀਤਾ ਗਿਆ। ਇਸੇ ਲੜੀ ਵਿਚ 66 ਕੇ. ਵੀ. ਦੇ 11 ਨਵੇਂ ਸਬ-ਸਟੇਸ਼ਨ ਲਗਾਉਣਾ ਵਿਭਾਗ ਦੀ ਵੱਡੀ ਪ੍ਰਾਪਤੀ ਹੈ। 66 ਕੇ. ਵੀ. ਦੇ ਨਵੇਂ ਸਬ-ਸਟੇਸ਼ਨ ਲਗਾਉਣ ਦੇ ਨਾਲ-ਨਾਲ ਵਿਭਾਗ ਵਲੋਂ 52 ਸਬ-ਸਟੇਸ਼ਨਾਂ ਨੂੰ ਅਪਗ੍ਰੇਡ ਕੀਤਾ ਗਿਆ ਅਤੇ ਇਨ੍ਹਾਂ ਦੀ ਲੋਡ ਸਮਰੱਥਾ ਵਧਾਉਂਦੇ ਹੋਏ ਨਵੇਂ ਟ੍ਰਾਂਸਫਾਰਮਰ ਸਥਾਪਤ ਕੀਤੇ ਗਏ। ਇਸ ਕਾਰਨ ਕੁਲ 63 ਸਬ-ਸਟੇਸ਼ਨ ਅਪਗ੍ਰੇਡ ਹੋਏ। ਟ੍ਰਾਂਸਮਿਸ਼ਨ ਲਾਈਨਾਂ ਦੀ ਸਮਰੱਥਾ ਨੂੰ ਵਧਾਉਣ ਅਤੇ ਵੱਧ ਤੋਂ ਵੱਧ ਖਪਤਕਾਰਾਂ ਤੱਕ ਅਪ੍ਰੋਚ ਕਰਨ ਦੇ ਟਾਰਗੈੱਟ ਦੇ ਨਾਲ ਕੀਤੇ ਗਏ ਕੰਮਾਂ ਤਹਿਤ ਪਾਵਰਕਾਮ ਨੇ 378 ਕਿਲੋਮੀਟਰ ਲੰਬੀਆਂ 66 ਕੇ. ਵੀ. ਟ੍ਰਾਂਸਮਿਸ਼ਨ ਲਾਈਨਾਂ ਸਥਾਪਤ ਕੀਤੀਆਂ। ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਲੋਅ ਵੋਲਟੇਜ ਦੀ ਸਮੱਸਿਆ ਨੂੰ ਦੂਰ ਕਰਨ ਲਈ ਪਾਵਰਕਾਮ ਵੱਲੋਂ ਕਈ ਮਹੱਤਵਪੂਰਨ ਕੰਮ ਕੀਤੇ ਗਏ ਹਨ, ਜਿਸ ਨਾਲ ਹਰੇਕ ਜੋਨ ਦੇ ਲੱਖਾਂ ਲੋਕਾਂ ਨੂੰ ਰਾਹਤ ਮਿਲੀ ਹੈ। ਇਸੇ ਤਹਿਤ ਪਾਵਰਕਾਮ ਦੇ ਸੀ. ਐੱਮ. ਡੀ. ਬਲਦੇਵ ਸਿੰਘ ਸਰਾਂ ਦੀ ਪ੍ਰਗਤੀਸ਼ੀਲ ਅਗਵਾਈ ਹੇਠ ਵਿਭਾਗ ਨੇ 11 ਕੇ. ਵੀ. ਦੇ 352 ਨਵੇਂ ਫੀਡਰ ਸਥਾਪਤ ਕੀਤੇ, ਜਿਸ ਨਾਲ ਲੋਅ ਵੋਲਟੇਜ ਦੀ ਸਮੱਸਿਆ ਖਤਮ ਹੋਣ ਦੇ ਨਾਲ-ਨਾਲ ਸੰਬੰਧਤ ਇਲਾਕਿਆਂ ਵਿਚ ਨਵੇਂ ਕੁਨੈਕਸ਼ਨ ਰਿਲੀਜ ਹੋ ਸਕੇ। ਇਸ ਸਭ ਨਾਲ ਖਪਤਕਾਰਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸੇ ਤਰ੍ਹਾਂ ਵਿਭਾਗ ਵੱਲੋਂ ਫਾਲਟ ਦੀ ਸਮੱਸਿਆ ਨਾਲ ਨਜਿੱਠਣ ਲਈ ਲੋਡ ਸਮਰੱਥਾ ਵਧਾਉਣ 'ਤੇ ਫੋਕਸ ਕੀਤਾ ਗਿਆ। ਵਿਭਾਗ ਨੇ 27,047 ਨਵੇਂ ਟ੍ਰਾਂਸਫਾਰਮਰ ਲਾਏ, ਜਿਸ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਫਾਲਟ ਘੱਟ ਪਏ ਅਤੇ ਲੋਕਾਂ ਨੂੰ ਬਿਨਾਂ ਰੁਕਾਵਟ ਸਪਲਾਈ ਮਿਲ ਸਕੀ।

## ਹਾਦਸਿਆਂ ਨੂੰ ਰੋਕਣ ਲਈ ਨੈਸਨਲ ਹਾਈਵੇਅ 'ਤੇ ਲੱਗਣਗੇ ਸਪਾਈਕ ਬੈਰੀਅਰ, ਇੰਝ ਰੋਕਣਗੇ ਵਾਹਨ

ਨੈਸਨਲ ਡੈਸਕ 22 ਮਈ। ਦੇਸ ਦੇ ਨੈਸਨਲ ਹਾਈਵੇ (ਐੱਨ. ਐੱਚ.) 'ਤੇ ਔਸਤਨ ਹਰ ਤਿੰਨ ਦਿਨਾਂ ਬਾਅਦ ਗਲਤ ਸਾਈਡ ਤੋਂ ਆਉਣ-ਜਾਣ ਵਾਲੇ ਵਾਹਨਾਂ ਕਾਰਨ ਹਾਦਸਾ ਵਾਪਰਦਾ ਹੀ ਰਹਿੰਦਾ ਹੈ। ਅਜਿਹਾ ਖਾਸ ਕਰਕੇ ਧੁੰਦ 'ਚ ਹੁੰਦਾ ਹੈ, ਜਿਸ ਕਾਰਨ ਕਈ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਨੂੰ ਰੋਕਣ ਲਈ ਕੇਂਦਰੀ ਸੜਕੀ ਆਵਾਜਾਈ ਮੰਤਰਾਲਾ ਨੈਸਨਲ ਹਾਈਵੇ 'ਤੇ ਸਪਾਈਕ ਬੈਰੀਅਰ ਲਗਾਉਣ ਜਾ ਰਿਹਾ ਹੈ। ਇਸ ਮਾਮਲੇ ਦੇ ਸਬੰਧ ਵਿੱਚ ਮੰਤਰਾਲੇ ਦੇ ਇੱਕ ਅਧਿਕਾਰੀ ਅਨੁਸਾਰ ਇਸ ਦੀ ਸ਼ੁਰੂਆਤ ਮੈਟਰੋ ਸਹਿਰਾਂ ਵਿੱਚੋਂ ਲੰਘਣ ਵਾਲੇ ਤੋਂ ਕੀਤੀ ਜਾਵੇਗੀ। ਇਨ੍ਹਾਂ ਬੈਰੀਅਰਾਂ ਨੂੰ ਲਗਾਉਣ 'ਤੇ ਹੋਣ ਵਾਲਾ ਖਰਚ 50 ਫੀਸਦੀ ਪੈਸਾ ਗਲਤ ਪਾਸੇ ਤੋਂ ਆਉਣ ਵਾਲੇ ਲੋਕਾਂ ਤੋਂ ਵਸੂਲੇ ਜਾਣ ਵਾਲੇ ਜੁਰਮਾਨੇ ਵਿੱਚੋਂ ਕੱਢਣ ਦੀ ਤਿਆਰੀ ਹੈ। ਇਸ ਵਿੱਚ ਲੋਹੇ ਦੇ ਫਰੇਮ ਵਿੱਚ ਠੋਸ ਸਟੀਲ ਦੀਆਂ ਵੱਡੀਆਂ ਕਿੱਲਾਂ ਲਗਾਈਆਂ ਜਾਂਦੀਆਂ ਹਨ। ਜਦੋਂ ਸਹੀ ਦਿਸਾ 'ਚ ਆ ਰਿਹਾ ਕੋਈ ਵਾਹਨ ਉਥੋਂ ਲੰਘਦਾ ਹੈ ਤਾਂ ਕਿੱਲ ਟਾਇਰ ਦੇ ਹੇਠਾਂ ਦਬ ਜਾਂਦੀ ਹੈ ਅਤੇ ਕਾਰ ਬਿਨਾਂ ਕਿਸੇ ਨੁਕਸਾਨ ਦੇ ਲੰਘ ਜਾਂਦੀ ਹੈ। ਜਦੋਂ ਕਾਰ ਗਲਤ ਦਿਸਾ ਤੋਂ ਆਉਂਦੀ ਹੋਈ ਉਸ 'ਤੇ ਚੜ੍ਹ ਜਾਂਦੀ ਹੈ, ਜਿਸ ਨਾਲ ਕਿੱਲ ਹੇਠਾਂ ਨਹੀਂ ਦੱਬਦੀ ਅਤੇ ਟਾਇਰ ਪੰਕਚਰ ਹੋ ਜਾਂਦਾ ਹੈ। ਇਸ ਨਾਲ ਗੱਡੀ ਤੁਰੰਤ ਰੁਕ ਜਾਂਦੀ ਹੈ। ਜ?ਿਆਦਾਤਰ ਸਪਾਈਕ ਬੈਰੀਅਰ ਦੋ ਟੋਲ ਪਲਾਜ?ਿਆਂ ਦੇ ਵਿਚਕਾਰ ਉਨ੍ਹਾਂ ਥਾਵਾਂ 'ਤੇ ਲਗਾਏ ਜਾਣਗੇ ਜਿੱਥੇ ਸੜਕ 'ਤੇ ਕੱਟ ਪੁਆਇੰਟ ਹਨ। ਦੋ ਟੋਲ ਦੇ ਵਿਚਕਾਰ ਦੋ ਸਪਾਈਕ ਬੈਰੀਅਰ ਲਗਾਏ ਜਾਣਗੇ। ਗੱਡੀ ਦੇ ਪੰਕਚਰ ਹੁੰਦੇ ਹੀ ਡਰਾਈਵਰ ਦਾ ਚਲਾਨ ਮੌਕੇ 'ਤੇ ਹੀ ਕੱਟਿਆ ਜਾਵੇਗਾ। ਗਲਤ ਦਿਸਾ ਵਿੱਚ ਗੱਡੀ ਚਲਾਉਣਾ ਦੇਸ ਵਿੱਚ ਸੜਕ ਹਾਦਸਿਆਂ ਦਾ ਇੱਕ ਹੋਰ ਵੱਡਾ ਕਾਰਨ ਹੈ। 2017 ਤੋਂ 2021 ਤੱਕ ਇਨ੍ਹਾਂ ਹਾਦਸਿਆਂ ਵਿੱਚ 43 ਹਜਾਰ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਕੱਲੇ 2021 ਵਿਚ ਇਸ ਕਾਰਨ 20,351 ਮੌਤਾਂ ਹੋਈਆਂ ਹਨ।

## ਘੱਟ ਹੋਈ ਉਦਯੋਗਿਕ ਉਤਪਾਦਨ ਦੀ ਰਫਤਾਰ

ਬਿਜਨੈੱਸ ਡੈਸਕ 22 ਮਈ। ਜੂਨ ਮਹੀਨੇ 'ਚ ਭਾਰਤ ਦੇ ਉਦਯੋਗਿਕ ਉਤਪਾਦਨ ਸੂਚਕ ਅੰਕ () ਦੀ ਰਫਤਾਰ 'ਚ ਗਿਰਾਵਟ ਦਰਜ ਕੀਤੀ ਗਈ ਹੈ। ਮਹੀਨੇ ਦੇ ਦੌਰਾਨ ਉਦਯੋਗਿਕ ਉਤਪਾਦਨ ਦੇ ਸੂਚਕਾਂਕ ਦੇ ਹਿਸਾਬ ਨਾਲ ਵਿਕਾਸ ਦਰ ਘੱਟ ਹੋ ਕੇ 4 ਫੀਸਦੀ ਤੋਂ ਹੇਠਾਂ ਆ ਗਈ। ਇਸ ਤੋਂ ਇੱਕ ਮਹੀਨਾ ਪਹਿਲਾਂ ਭਾਵ ਮਈ 2023 ਵਿੱਚ, ਵਾਧਾ 5 ਫੀਸਦੀ ਤੋਂ ਵੱਧ ਰਿਹਾ ਸੀ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ ਬੀਤੇ ਦਿਨ ਇੱਕ ਅਧਿਕਾਰਤ ਰਿਲੀਜ ਵਿੱਚ ਆਈਆਈਪੀ ਡੇਟਾ ਦੀ ਜਾਣਕਾਰੀ ਦਿੱਤੀ ਗਈ। ਅੰਕੜਿਆਂ ਅਨੁਸਾਰ, ਜੂਨ 2023 ਦੇ ਮਹੀਨੇ ਵਿੱਚ ਉਦਯੋਗਿਕ ਉਤਪਾਦਨ ਦੇ ਸੂਚਕਾਂਕ ਵਿੱਚ 3.7 ਫੀਸਦੀ ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਇਕ ਮਹੀਨਾ ਪਹਿਲਾਂ ਇਹ ਅੰਕੜਾ 5.2 ਫੀਸਦੀ 'ਤੇ ਰਿਹਾ ਸੀ। ਮਈ 2023 ਵਿੱਚ



ਆਈਆਈਪੀ ਵਾਧਾ ਪਿਛਲੇ ਤਿੰਨ ਮਹੀਨਿਆਂ ਵਿੱਚ ਸਭ ਤੋਂ ਵੱਧ ਸੀ। ਨੈਸਨਲ ਸਟੈਟਿਸਟਿਕਸ ਆਫਿਸ ਦੇ ਅੰਕੜਿਆਂ ਅਨੁਸਾਰ, ਇੱਕ ਸਾਲ ਪਹਿਲਾਂ ਯਾਨੀ ਜੂਨ 2022 ਵਿੱਚ ਫੈਕਟਰੀ ਆਉਟਪੁੱਟ ਵਿੱਚ 12.6 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ। ਇਸ ਤਰ੍ਹਾਂ ਉਦਯੋਗਿਕ ਉਤਪਾਦਨ ਦਾ ਵਾਧਾ, ਜਿਵੇਂ ਕਿ ਉਦਯੋਗਿਕ ਉਤਪਾਦਨ ਦੇ ਸੂਚਕਾਂਕ ਦੇ ਆਧਾਰ 'ਤੇ ਮਾਪਿਆ ਜਾਂਦਾ ਹੈ, ਕਾਫੀ ਹੌਲੀ ਹੋ ਗਿਆ ਹੈ। ਵਿਕਾਸ ਦਰ, ਜੋ ਇਕ ਸਾਲ ਪਹਿਲਾਂ 12.5 ਫੀਸਦੀ ਤੋਂ ਵੱਧ ਸੀ, ਹੁਣ ਘਟ ਕੇ ਸਿਰਫ 3.7 ਫੀਸਦੀ ਰਹਿ ਗਈ ਹੈ। ਨੇ ਕਿਹਾ ਕਿ ਜੂਨ 2023 ਦੌਰਾਨ ਨਿਰਮਾਣ ਖੇਤਰ ਦਾ ਉਤਪਾਦਨ 3.1 ਫੀਸਦੀ ਦੀ ਦਰ ਨਾਲ ਵਧਿਆ ਹੈ, ਜਦੋਂ ਕਿ ਮਾਈਨਿੰਗ ਖੇਤਰ ਵਿੱਚ 7.6 ਫੀਸਦੀ ਦੀ ਦਰ ਨਾਲ ਵਾਧਾ ਹੋਇਆ। ਇਸੇ ਤਰ੍ਹਾਂ ਪਾਵਰ ਆਉਟਪੁੱਟ ਵਿੱਚ 4.2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

## ਤਿੰਨ ਮੰਜਿਲਾ ਪਲਾਈਵੁੱਡ ਸ਼ੌਅਰੂਮ 'ਚ ਲੱਗੀ ਭਿਆਨਕ ਅੱਗ, ਇਕ ਕਰੋੜ ਰੁਪਏ ਦਾ ਸਮਾਨ ਹੋਇਆ ਸੁਆਹ

ਗੁਰਦਾਸਪੁਰ 22 ਮਈ। ਸਵੇਰੇ ਤੜਕਸਾਰ ਗੁਰਦਾਸਪੁਰ ਸ਼ਹਿਰ ਅੰਦਰ ਕਾਹਨੂੰਵਾਨ ਚੌਂਕ ਤੋਂ ਕੁਝ ਦੂਰੀ 'ਤੇ ਸਥਿਤ ਇਕ ਤਿੰਨ ਮੰਜ?ਿਲਾਂ ਪਲਾਈਵੁੱਡ ਸ਼ੌਅਰੂਮ ਨੂੰ ਅੱਗ ਲੱਗਣ ਕਾਰਨ ਕਰੀਬ ਇਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਅੱਗ ਨੂੰ ਬਝਾਉਣ ਲਈ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਨੂੰ ਵੱਡੀ ਜੱਦੋ-ਜਹਿਦ ਕਰਨੀ ਪਈ। ਜਿਸ ਤਹਿਤ ਬਟਾਲਾ ਤੋਂ ਵੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾ ਕੇ ਅੱਗ 'ਤੇ ਕਾਬੂ ਪਾਇਆ ਗਿਆ। ਦੁਕਾਨ ਦੇ ਮਾਲਿਕ ਜਸਵੰਤ ਸਿੰਘ ਵਾਸੀ ਸ਼ਾਹਪੁਰ ਕੋਟਲੀ ਨੇ ਦੱਸਿਆ ਕਿ ਕਾਹਨੂੰਵਾਨ ਚੌਂਕ ਤੋਂ ਕੁਝ ਦੂਰੀ 'ਤੇ ਉਨ੍ਹਾਂ ਦਾ ਪਾਲਕੀ ਪਲਾਈਵੁੱਡ ਸ਼ੌਅਰੂਮ ਹੈ। ਜਿੱਥੇ ਅੱਜ ਸਵੇਰੇ ਤੜਕੇ ਕਰੀਬ 6 ਵਜੇ ਅੱਗ ਲੱਗਣ ਕਾਰਨ ਲੋਕਾਂ ਨੇ ਧੂਆਂ ਨਿਕਲਦਾ ਦੇਖਿਆ। ਇਸ ਦੌਰਾਨ ਕਿਸੇ ਨੇ ਫੋਨ ਕਰਕੇ ਉਨ੍ਹਾਂ ਨੂੰ ਸੂਚਿਤ ਕੀਤਾ ਅਤੇ ਉਹ ਕੁਝ ਹੀ ਮਿੰਟਾਂ ਵਿੱਚ ਇੱਥੇ ਪਹੁੰਚ ਗਏ ਜਦੋਂ ਆ ਕੇ ਦੇਖਿਆ ਤਾਂ ਦੁਕਾਨ ਦੀਆਂ ਤਿੰਨਾਂ ਮੰਜਿਲਾਂ ਵਿੱਚ ਅੱਗ ਪਹੁੰਚ ਚੁੱਕੀ ਸੀ। ਇਸੇ ਦੌਰਾਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਸ਼ਹਿਰ ਦੇ ਹੋਰ ਲੋਕ ਵੀ ਪਹੁੰਚ ਗਏ, ਜਿਨ੍ਹਾਂ ਨੇ ਅੱਗ ਬੁਝਾਉਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਦੁਕਾਨ ਵਿੱਚ ਬੋਰਡ, ਪਲਾਈ ਅਤੇ ਅਜਿਹਾ ਹੋਰ ਸਮਾਨ ਪਿਆ ਹੋਣ ਕਰਕੇ ਅੱਗ ਤੇਜੀ ਨਾਲ ਫੈਲ ਗਈ



ਅਤੇ ਕੁਝ ਹੀ ਮਿੰਟਾਂ ਵਿੱਚ ਦੁਕਾਨ ਅੰਦਰ ਪਿਆ ਸਾਮਾਨ ਵੀ ਸੜ ਕੇ ਸੁਆਹ ਹੋ ਗਿਆ। ਉਨ੍ਹਾਂ ਦੱਸਿਆ ਕਿ ਦੁਕਾਨ 'ਚ ਕੁਝ ਮਹੀਨੇ ਪਹਿਲਾਂ ਹੀ ਕਰੀਬ 25 ਲੱਖ ਰੁਪਏ ਲਗਾ ਕੇ ਸਾਰੀ ਫਿਟਿੰਗ ਅਤੇ ਡੈਕੋਰੇਸ਼ਨ ਕਰਵਾਈ ਸੀ ਅਤੇ ਨਾਲ ਹੀ ਦੁਕਾਨ ਵਿੱਚ ਕਾਫੀ ਸਾਮਾਨ ਵੀ ਪਿਆ ਸੀ। ਉਨ੍ਹਾਂ ਦੱਸਿਆ ਕਿ ਦੁਕਾਨ ਅੰਦਰ ਇੱਕ ਮੋਟਰਸਾਇਕਲ ਵੀ ਖੜ੍ਹਾ ਸੀ ਜੋ ਅੱਗ ਦੀ ਲਪੇਟ ਵਿੱਚ ਆ ਕੇ ਨੁਕਸਾਨਿਆ ਗਿਆ। ਇਸੇ ਤਰ੍ਹਾਂ ਦੁਕਾਨ ਦੇ ਅੰਦਰ ਹਾਰਡਵੇਅਰ ਦੇ ਸਮਾਨ ਸਮੇਤ ਇੱਕ ਫਰਿੱਜ ਅਤੇ ਹੋਰ ਸਮਾਨ ਵੀ ਪ੍ਰਭਾਵਿਤ ਹੋਇਆ ਹੈ। ਜਿਸਦੇ ਚੱਲਦਿਆਂ ਉਨ੍ਹਾਂ ਦਾ ਤਕਰੀਬਨ ਇੱਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਦੌਰਾਨ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਪਿਤਾ ਗੁਰਮੀਤ ਸਿੰਘ ਪਾਹੜਾ ਵੀ ਮੌਕੇ 'ਤੇ ਪਹੁੰਚੇ ਜਿਨ੍ਹਾਂ ਨੇ ਉਕਤ ਦੁਕਾਨਦਾਰ ਨੂੰ ਹੌਂਸਲਾ ਦਿੱਤਾ ਅਤੇ ਜਿਸਦੇ ਬਾਅਦ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਵੀ ਸਾਥੀਆਂ ਸਮੇਤ ਪਹੁੰਚੇ। ਜਿਨ੍ਹਾਂ ਨੇ ਪੀੜਤ ਦੁਕਾਨਦਾਰ ਨੂੰ ਹਰ ਸੰਭਵ ਮਦਦ ਦਵਾਉਣ ਦਾ ਭਰੋਸਾ ਦਿੱਤਾ ਅਤੇ ਇਸ ਨੁਕਸਾਨ 'ਤੇ ਅਫਸੋਸ ਜਾਹਿਰ ਕੀਤਾ। ਦੁਕਾਨਦਾਰ ਨੇ ਦੱਸਿਆ ਕਿ ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

## ਜੂਆ ਖੇਡਦੇ ਨੌਜਵਾਨਾਂ ਦੀ ਗ੍ਰਿਫਤਾਰੀ ਦਾ ਮਾਮਲਾ: ਮੁਲਜਮਾਂ ਤੋਂ ਲੱਖਾਂ ਰੁਪਏ ਨਕਦੀ, 2 ਕਾਰਾਂ ਤੇ ਮੋਟਰਸਾਈਕਲ ਜਬਤ

ਸੁਜਾਨਪੁਰ 22 ਮਈ। ਪਿਛਲੇ ਦਿਨ ਜ?ਿਲ੍ਹਾ ਪੁਲਸ ਦੁਆਰਾ ਪਠਾਨਕੋਟ-ਜੰਮੂ ਰਾਸ਼ਟਰੀ ਰਾਜ ਮਾਰਗ 'ਚ ਸਥਿਤ 3 ਸਤਾਰਾ ਹੋਟਲ 'ਡੀ. ਪੀ. ਰੈਜੀਡੈਂਸੀ' 'ਚ ਛਾਪੇਮਾਰੀ ਦੌਰਾਨ ਜੂਆ ਖੇਡਦੇ ਕੁੱਝ ਨੌਜਵਾਨਾਂ ਨੂੰ ਹਿਰਾਸਤ 'ਚ ਲਿਆ ਸੀ, ਜਿਸ ਦੌਰਾਨ ਬੀਤੇ ਦਿਨ ਜ?ਿਲ੍ਹਾ ਪੁਲਸ ਮੁਖੀ ਹਰਕਮਲ ਪ੍ਰੀਤ ਸਿੰਘ ਖਖ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ ਪੁਲਸ ਨੇ ਹੋਟਲ ਮਾਲਿਕ ਸਮੇਤ ਕੁਲ 22 ਲੋਕਾਂ ਖ?ਿਲਾਫ ਮਾਮਲਾ ਦਰਜ ਕੀਤਾ ਹੈ, ਜਦੋਂਕਿ ਮੌਕੇ ਤੋਂ ਹੋਟਲ ਮੈਨੇਜਰ ਸਮੇਤ 21 ਨੌਜਵਾਨਾਂ ਨੂੰ ਗ੍ਰਿਫਤਾਰ ਕਰ ਕੇ 6,33,770 ਲੱਖ ਰੁਪਏ ਨਕਦੀ ਬਰਾਮਦ ਕੀਤੀ, ਜਦੋਂਕਿ ਮੌਕੇ ਤੋਂ 2 ਕਾਰਾਂ, 4 ਐਕਟਿਵਾ ਅਤੇ 2 ਮੋਟਰਸਾਈਕਲ ਜਬਤ ਕੀਤੇ ਹਨ। ਉਥੇ ਹੀ ਪਿਛਲੇ ਦਿਨੀਂ ਗ੍ਰਿਫਤਾਰ ਮੁਲਜਮਾਂ 'ਚ ਹੋਟਲ ਮਾਲਕ ਦੀ ਪਛਾਣ ਸੁਨੀਲ ਜੋਸ਼ੀ ਪੁੱਤ ਧਰਮਪਾਲ ਜੋਸ਼ੀ ਨਿਵਾਸੀ ਬੁੰਗਲ ਪਠਾਨਕੋਟ ਦੇ ਰੂਪ 'ਚ ਹੋਈ,




ਜਦੋਂਕਿ ਮੈਨੇਜਰ ਦੀ ਪਛਾਣ ਜਗਦੀਸ਼ ਸਿੰਘ ਪੁੱਤਰ ਵਿਜੈ ਸਿੰਘ ਨਿਵਾਸੀ ਮਲਿਕਪੁਰ ਦੇ ਰੂਪ 'ਚ ਹੋਈ, ਜਦੋਂਕਿ ਫੜੇ ਗਏ ਨੌਜਵਾਨਾਂ ਦੀ ਪਛਾਣ ਤਜਿੰਦਰ ਸਿੰਘ, ਮੁਨੀਸ਼ ਕੁਮਾਰ, ਸੌਰਭ ਸ਼ਰਮਾ, ਜਸਮੀਤ ਸਿੰਘ, ਸੰਜੀਵ ਸਿੰਘ, ਆਜਾਦ ਤਲਵਾੜ, ਅਕਸ਼ੇ ਗੁਪਤਾ, ਜਗੀਰ ਸਿੰਘ, ਅਭਿਨਵ, ਅਭਿਸ਼ੇਕ, ਰਾਹੁਲ ਕੁਮਾਰ, ਮਨਿਕ ਗੁਪਤਾ, ਰਵਿੰਦਰ ਕੁਮਾਰ, ਇਆਜ ਅਹਿਮਦ, ਰਾਹੁਲ ਕੋਹਲੀ, ਜਸਬੀਰ ਸਿੰਘ, ਰਾਕੇਸ਼ ਕੁਮਾਰ, ਸਤਬੀਰ ਸਿੰਘ, ਤਰਸੇਮ ਸਿੰਘ, ਰਮਨ ਕੁਮਾਰ ਅਤੇ ਸੁਨੀਲ ਜੋਸ਼ੀ ਦੇ ਰੂਪ ਵਿਚ ਹੋਈ। ਜ?ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਪੁਲਸ ਵੱਲੋਂ ਗ੍ਰਿਫਤਾਰ ਲੋਕਾਂ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਅਤੇ ਮਾਮਲੇ ਦੀ ਅੱਗੇ ਦੀ ਜਾਂਚ ਲਈ ਉਨ੍ਹਾਂ ਦੇ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

## ਪ੍ਰੈਕਟਿਸ ਕਰਦੀ ਨਾਬਾਲਗ ਕੁੜੀ ਨਾਲ ਡਾਕਟਰ ਨੇ ਕੀਤੀਆਂ ਅਸ਼ਲੀਲ ਹਰਕਤਾਂ

ਨਕੋਦਰ 22 ਮਈ। ਸਿਟੀ ਪੁਲਸ ਨੇ ਕਲੀਨਿਕ ਅਤੇ ਪ੍ਰੈਕਟਿਸ ਕਰਦੀ ਨਾਬਾਲਗ ਕੁੜੀ ਨੂੰ ਫਿਜੀਓਥੈਰੇਪੀ ਸਿਖਾਉਣ ਬਹਾਨੇ ਅਸਲੀਲ ਹਰਕਤਾਂ ਕਰਨ ਦੇ ਗੰਭੀਰ ਮਾਮਲੇ 'ਚ ਡਾਕਟਰ ਖ?ਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਡੀ. ਐੱਸ. ਪੀ. ਨਕੋਦਰ ਸੁਖਪਾਲ ਸਿੰਘ ਅਤੇ ਸਿਟੀ ਥਾਣਾ ਮੁਖੀ ਇੰਸ ਬਲਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਮਹਿਲਾ ਇੰਸਪੈਕਟਰ ਸੀਮਾ ਸਮੇਤ ਪੁਲਸ ਪਾਰਟੀ ਸੰਕਰ ਚੌਂਕ ਨਕੋਦਰ ਵਿਖੇ ਮੌਜੂਦ ਸੀ ਤਾਂ ਉਸ ਕੋਲ ਉਕਤ ਪੀੜਤ ਨਾਬਾਲਗ ਕੁੜੀ ਦੇ ਪਿਤਾ ਨੇ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦੀ ਕੁੜੀ ਦੀ ਉਮਰ ਕਰੀਬ 15 ਸਾਲ ਹੈ, ਜੋ ਸਥਾਨਕ ਕਾਲਜ ਵਿਚ ਮੈਡੀਕਲ ਦੀ ਪੜ੍ਹਾਈ ਕਰਦੀ ਹੈ ਅਤੇ ਪੜ੍ਹਾਈ ਉਪਰੰਤ ਸ਼ੰਕਰ ਰੋਡ 'ਤੇ ਟੰਡਨ ਕਲੀਨਿਕ 'ਤੇ ਰੋਜਾਨਾ ਮੈਡੀਕਲ ਦੀ ਪ੍ਰੈਕਟਿਸ ਕਰਨ ਲਈ ਜਾਂਦੀ ਸੀ, ਜਿੱਥੇ ਡਾ. ਸੁਨੀਲ ਟੰਡਨ ਨੇ ਫਿਜੀਓਥੈਰੇਪੀ ਸਿਖਾਉਣ ਬਹਾਨੇ ਨਾਲ ਉਸ ਨਾਲ ਅਸਲੀਲ ਹਰਕਤਾਂ ਕੀਤੀਆਂ। ਜਦੋਂ ਇਸ ਸਬੰਧੀ ਲੜਕੀ ਨੇ ਦੱਸਿਆ ਤਾਂ ਅਸੀਂ ਤੁਰੰਤ ਡਾਕਟਰ ਸੁਨੀਲ ਟੰਡਨ ਦੇ ਘਰ ਗੱਲ ਕਰਨ ਗਏ ਤਾਂ ਉਕਤ ਡਾਕਟਰ ਨੇ ਉਲਟਾ ਉਸ ਨਾਲ ਹੱਥੋਪਾਈ ਕੀਤੀ ਅਤੇ ਮੱਥੇ 'ਤੇ ਕੜਾ ਮਾਰ ਕੇ ਜਖਮੀ ਕਰ ਦਿੱਤਾ। ਸਿਟੀ ਥਾਣਾ ਮੁਖੀ ਇੰਸ. ਬਲਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਪੀੜਤ ਨਾਬਾਲਗ ਕੁੜੀ ਦੇ ਪਿਤਾਂ ਦੇ ਬਿਆਨਾਂ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਡਾ. ਸੁਨੀਲ ਟੰਡਨ ਵਾਸੀ ਮੁਹੱਲਾ ਟੰਡਨਾ ਨਕੋਦਰ ਖ?ਿਲਾਫ ਧਾਰਾ 354, 323 ਆਈ. ਪੀ. ਸੀ. 8 ਪੋਕਸੋ ਐਕਟ ਤਹਿਤ ਸਿਟੀ ਥਾਣਾ ਵਿਖੇ ਮਾਮਲਾ ਦਰਜ ਕਰਕੇ ਡਾਕਟਰ ਨੂੰ ਗ੍ਰਿਫਤਾਰ ਕਰ ਲਿਆ।

## ਗੁੰਡਾਗਰਦੀ ਦਾ ਨੰਗਾ ਨਾਚ, ਅੱਧੀ ਦਰਜਨ ਤੋਂ ਵੱਧ ਮੋਟਰਸਾਈਕਲ ਸਾੜੇ, ਘਰਾਂ ਦਾ ਸਾਮਾਨ ਵੀ ਕੀਤਾ ਤਹਿਸ-ਨਹਿਸ

ਝਬਾਲ 22 ਮਈ। ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਬੀਤੀ ਰਾਤ 2 ਧੜਿਆਂ ਦੀ ਹੋਈ ਲੜਾਈ 'ਚ ਜਿੱਥੇ ਜਾਨੀ ਨੁਕਸਾਨ ਹੋਣੋਂ ਤਾਂ ਬਚ ਗਿਆ ਪਰ ਦੋਪਹੀਆ ਵਾਹਨਾਂ ਦੇ ਸਾੜੇ ਜਾਣ ਅਤੇ ਤੋੜਭੰਨ ਕਰਨ ਤੋਂ ਇਲਾਵਾ ਨਕਦੀ ਅਤੇ ਗਹਿਣੇ ਲੁੱਟ ਕੇ ਲਿਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੱਜਬੀਰ ਸਿੰਘ ਪੁੱਤਰ ਸੰਤੋਖ ਸਿੰਘ ਨੇ ਦੱਸਿਆ ਕਿ ਉਹ ਮਾਣੋਚਾਹਲ ਭੱਠੇ 'ਤੇ ਕੰਮ ਕਰਦਾ ਹੈ ਤੇ ਉਸ ਦੀ ਮਾਤਾ ਪ੍ਰੀਤਮ ਕੌਰ ਤੇ ਭਰਾ ਸੋਨਾ ਸਿੰਘ, ਸਵ. ਸਰਬਜੀਤ ਸਿੰਘ ਦੇ ਬੱਚੇ ਜੋਬਨਜੀਤ ਸਿੰਘ ਤੇ ਅਰਸਦੀਪ ਸਿੰਘ ਤੇ ਜਸਬੀਰ ਸਿੰਘ, ਲਖਬੀਰ ਸਿੰਘ ਜੋ ਕਿ ਸਾਰੇ ਭੱਠਿਆਂ 'ਤੇ ਕੰਮ ਕਰਦੇ ਹਨ, ਇੱਥੇ ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਰਹਿੰਦੇ ਹਨ। ਕੁਝ ਦਿਨ ਪਹਿਲਾਂ ਹੀ ਪਿੰਡ ਦੇ ਹੀ ਕੁਝ ਲੋਕਾਂ ਨਾਲ ਇਨ੍ਹਾਂ ਦੇ ਪਰਿਵਾਰ ਦਾ ਝਗੜਾ ਹੋਇਆ ਸੀ। ਇਨ੍ਹਾਂ ਹੀ ਲੋਕਾਂ ਨੇ ਸਾਡੇ ਪਰਿਵਾਰ ਦੇ 4 ਜੀਆਂ ਨੂੰ ਸੱਟਾਂ ਮਾਰੀਆਂ ਸਨ, ਜਿਨ੍ਹਾਂ 'ਚ ਸੋਨਾ ਸਿੰਘ, ਅਰਸਦੀਪ ਸਿੰਘ, ਸਿਮਰਨ ਕੌਰ ਤੇ ਲਖਬੀਰ ਸਿੰਘ ਜਖਮੀ ਹੋਏ ਸਨ। ਇਸ ਸਬੰਧੀ ਪੁਲਸ ਨੂੰ ਦਰਖਾਸਤ ਵੀ ਦਿੱਤੀ ਗਈ ਸੀ ਤੇ ਮੈਡੀਕਲ ਲੀਗਲ ਰਿਪੋਰਟ ਵੀ ਥਾਣੇ ਪੁੱਜੀ ਪਰ ਪੁਲਸ ਨੇ ਸਵ. ਸਰਬਜੀਤ ਸਿੰਘ ਦੇ ਬੱਚੇ ਜੋਬਨਜੀਤ ਸਿੰਘ ਤੇ ਅਰਸਦੀਪ ਸਿੰਘ ਤੇ ਜਸਬੀਰ ਸਿੰਘ, ਲਖਬੀਰ ਸਿੰਘ ਜੋ ਕਿ ਸਾਰੇ ਭੱਠਿਆਂ 'ਤੇ ਕੰਮ ਕਰਦੇ ਹਨ, ਇੱਥੇ ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਰਹਿੰਦੇ ਹਨ। ਕੁਝ



ਦਿਨ ਪਹਿਲਾਂ ਹੀ ਪਿੰਡ ਦੇ ਹੀ ਕੁਝ ਲੋਕਾਂ ਨਾਲ ਇਨ੍ਹਾਂ ਦੇ ਪਰਿਵਾਰ ਦਾ ਝਗੜਾ ਹੋਇਆ ਸੀ। ਇਨ੍ਹਾਂ ਹੀ ਲੋਕਾਂ ਨੇ ਸਾਡੇ ਪਰਿਵਾਰ ਦੇ 4 ਜੀਆਂ ਨੂੰ ਸੱਟਾਂ ਮਾਰੀਆਂ ਸਨ, ਜਿਨ੍ਹਾਂ 'ਚ ਸੋਨਾ ਸਿੰਘ, ਅਰਸਦੀਪ ਸਿੰਘ, ਸਿਮਰਨ ਕੌਰ ਤੇ ਲਖਬੀਰ ਸਿੰਘ ਜਖਮੀ ਹੋਏਕੋਈ ਕਾਰਵਾਈ ਨਹੀਂ ਕੀਤੀ, ਜਿਸ ਕਰਕੇ ਦੁਬਾਰਾ ਇਨ੍ਹਾਂ ਨੇ ਗੁੰਡਾਗਰਦੀ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਉਕਤ ਲੋਕਾਂ ਨੇ ਜਿੱਥੇ ਘਰੇਲੂ ਸਾਮਾਨ ਪੱਖੇ, ਫਰਿੱਜਾਂ ਤੇ ਬੂਹੇ-ਬਾਰੀਆਂ ਤੋੜ ਦਿੱਤੇ ਤੇ ਉਨ੍ਹਾਂ ਦੇ ਘਰ ਆਏ ਰਿਸਤੇਦਾਰਾਂ ਦੇ 3 ਮੋਟਰਸਾਈਕਲ ਸਾੜ ਦਿੱਤੇ ਤੇ ਬਾਕੀ 4 ਐਕਟਿਵਾ ਸਮੇਤ ਮੋਟਰਸਾਈਕਲਾਂ ਦੀ ਬੁਰੀ ਤਰ੍ਹਾਂ ਤੋੜਭੰਨ ਕੀਤੀ। ਅਸੀਂ ਅੰਦਰ ਕਮਰੇ 'ਚ ਵੜ ਕੇ ਜਾਨ ਬਚਾਈ। ਹਮਲਾਵਰਾਂ ਦੇ ਸਿਰ 'ਤੇ ਇੰਨਾ ਜਨੂੰਨ ਸੀ ਕਿ ਸਾਨੂੰ ਮਾਰਨ ਲਈ ਇਕ ਕਮਰੇ ਦਾ ਬੂਹਾ ਵੀ ਤੋੜ ਦਿੱਤਾ ਤੇ ਦੂਸਰੇ ਕਮਰੇ ਦੀ ਕੰਧ ਪਾੜਨ ਤੱਕ ਵੀ ਗਏ। ਗੁੰਡੇ ਬਾਹਰ ਲੱਗੇ ਮੋਟਰਸਾਈਕਲ ਸਾੜ ਕੇ ਭੰਗੜਾ ਪਾਉਂਦੇ ਰਹੇ। ਉਨ੍ਹਾਂ ਦੇ ਪਰਿਵਾਰ ਤੇ ਬੱਚਿਆਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਬੀਤੀ ਰਾਤ ਵਾਰ-ਵਾਰ ਫੋਨ ਕਰਨ 'ਤੇ ਪੁਲਸ ਨੇ ਆ ਕੇ ਸਾਨੂੰ ਬਾਹਰ ਕੱਢਿਆ ਤੇ ਸਾਡੀ ਜਾਨ ਬਚਾਈ। ਜ?ਿਕਰਯੋਗ ਹੈ ਕਿ ਪੁਲਸ ਦੀ ਢਿੱਲੀ ਕਾਰਗੁਜਾਰੀ ਕਾਰਨ ਗੁੰਡਾਗਰਦੀ ਦਾ ਇਹ ਨੰਗਾ ਨਾਚ ਹੋਇਆ। ਇਸ ਸਬੰਧੀ ਐੱਸਐੱਚਓ ਗੁਰਚਰਨ ਸਿੰਘ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ, ਜਾਂਚ ਕਰਨ ਉਪਰੰਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਕਾਨੂੰਨ ਨੂੰ ਹੱਥ 'ਚ ਲੈਣ ਵਾਲਿਆਂ ਖ?ਿਲਾਫ ਕਾਰਵਾਈ ਕੀਤੀ ਜਾਵੇਗੀ।

## ਪੜ੍ਹਾਈ 'ਚ ਬੱਚਿਆਂ ਦਾ ਮਨ ਲਾਉਣ ਲਈ ਜਲੰਧਰ ਦੇ ਨੌਜਵਾਨਾਂ ਨੇ ਤਿਆਰ ਕੀਤੀ ਇਹ ਖਾਸ ਐਪ

ਜਲੰਧਰ 22 ਮਈ। ਛੋਟੇ ਬੱਚਿਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਵਧਾਉਣ ਲਈ ਜਲੰਧਰ ਦੇ ਦੋ ਦੋਸਤਾਂ ਨੇ ਇਕ ਅਜਿਹੀ ਐਪ ਤਿਆਰ ਕੀਤੀ ਹੈ, ਜਿਸ ਰਾਹੀਂ ਬੱਚੇ ਕਿਤਾਬਾਂ ਨੂੰ ਸਕੈਨ ਕਰਕੇ 3ਡੀ ਵਿੱਚ ਵੇਖ ਸਕਦੇ ਹਨ ਅਤੇ ਇਸ ਨਾਲ ਉਨ੍ਹਾਂ ਨੂੰ ਪੜ੍ਹਾਈ ਦੌਰਾਨ ਆਸਾਨੀ ਨਾਲ ਯਾਦ ਰੱਖਣ ਵਿੱਚ ਮਦਦ ਮਿਲੇਗੀ। ਜਲੰਧਰ ਦੇ ਰਹਿਣ ਵਾਲੇ ਦੋ ਦੋਸਤ ਦੀਪਾਂਸ ਅਤੇ ਨਿਖਿਲ ਨੇ ਲੌਕਡਾਊਨ ਦੌਰਾਨ ਘਰ ਬੈਠੇ ਕਿਤਾਬਾਂ ਅਤੇ ਐਪ ਤਿਆਰ ਕੀਤੀ ਹੈ, ਜਿਸ ਦਾ ਨਾਂ 'ਹੋਲੋ ਕਿਤਾਬ' ਦਿੱਤਾ ਗਿਆ ਹੈ। ਦੀਪਾਂਸ ਦਾ ਕਹਿਣਾ ਹੈ ਕਿ ਉਸ ਨੇ ਜੀ. ਐੱਨ. ਡੀ. ਯੂ. ਕੈਂਪਸ ਜਲੰਧਰ ਵਿੱਚ ਬੀ. ਕਾਮ ਕੀਤੀ ਅਤੇ ਕੰਪਿਊਟਰ ਕੋਡਿੰਗ ਵੀ ਸਿੱਖੀ। ਇਸ ਦੌਰਾਨ ਗੇਮਾਂ ਤੋਂ ਆਈਡੀਆ ਆਇਆ ਤਾਂ 3ਡੀ ਗੇਮਾਂ 'ਤੇ ਕੰਮ ਸੁਰੂ ਕੀਤਾ ਗਿਆ। ਉਹ ਕੰਪਿਊਟਰ ਵਿੱਚ ਕੋਡਿੰਗ ਸਿੱਖਣ ਲਈ ਸਮਾਂ ਕੱਢਦਾ ਸੀ, ਕਿਉਂਕਿ ਉਸ ਨੂੰ ਕੰਪਿਊਟਰ ਦਾ ਵਧੇਰੇ ਸੌਕੀਨ ਸੀ। 2018 ਵਿੱਚ ਬੀ. ਕਾਮ ਪਾਸ ਕੀਤੀ ਅਤੇ ਪੁਣੇ ਵਿੱਚ ਅਤੇ ਨਿਖਿਲ ਨੂੰ ਬੈਂਗਲੁਰੂ ਵਿੱਚ ਨੌਕਰੀ ਮਿਲੀ। ਜਦੋਂ ਕੋਵਿਡ ਦਾ ਦੌਰ ਆਇਆ ਤਾਂ ਤਾਲਾਬੰਦੀ ਲੱਗ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਦੋਵਾਂ ਨੇ ਸੋਚਿਆ ਕਿ ਕਿਉਂ ਨਾ ਆਪਣੇ ਪੁਰਾਣੇ ਪ੍ਰੋਜੈਕਟ ਨੂੰ ਪੂਰਾ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਡਾ. ਆਸੀਸ ਦੇ ਸਲਾਹਕਾਰ ਦੇ ਅਧੀਨ ਇਕ ਪ੍ਰੋਡੈਕਟ ਬਣਾਇਆ ਤਾਂ ਉਨ੍ਹਾਂ ਨੇ ਬੱਚਿਆਂ ਲਈ ਇਕ ਵੱਖਰੀ ਕਿਤਾਬ ਤਿਆਰ ਕੀਤੀ, ਜਿਸ ਨੂੰ ਸਕੈਨ ਕੀਤਾ ਜਾ ਸਕਦਾ ਹੈ। ਇਸ ਨੂੰ ਬਜਾਰ 'ਚ ਚੰਗਾ ਰਿਸਪਾਂਸ ਮਿਲਿਆ ਅਤੇ ਫਿਰ ਇਸ ਤੋਂ ਬਾਅਦ 'ਹੋਲੋ ਬੁੱਕ ਐਪ' ਬਣਾ ਕੇ ਸਟਾਰਟਅੱਪ ਨੂੰ ਤਿਆਰ ਕੀਤਾ। ਉਨ੍ਹਾਂ ਕਿਹਾ ਕਿ 8 ਪ੍ਰਾਜੈਕਟਾਂ 'ਤੇ ਕੰਮ ਕਰ ਰਹੇ ਹਨ, ਜਿਸ ਦੀਆਂ ਵੱਖ-ਵੱਖ ਕਿਤਾਬਾਂ ਹਨ। ਉਨ੍ਹਾਂ ਕਿਤਾਬਾਂ ਵਿਚ ਸਾਫਟਵੇਅਰ ਪਾ ਕੇ ਤਿਆਰ ਕਰਦੇ ਹਨ ਅਤੇ ਫਿਰ ਐਪ ਜਰੀਏ ਬੱਚੇ ਐਪ ਉਸ ਕਿਤਾਬ ਨੂੰ ਸਕੈਨ ਕਰਨਗੇ ਤਾਂ ਬੱਚੇ ਇਸ ਨੂੰ 3ਡੀ ਰੂਪ 'ਚ ਵੇਖਣਗੇ। ਸਟਾਰਟਅੱਪ ਲਈ ਉਨ੍ਹਾਂ ਨੂੰ ਪੰਜਾਬ ਸਰਕਾਰ ਤੋਂ 3 ਲੱਖ ਦੀ ਰਾਸੀ ਮਿਲੀ ਹੈ। ਸਹਿਰ ਦੀ ਵਸਨੀਕ ਐੱਮ.ਬੀ.ਏ. ਸ੍ਰੇਆ ਮੈਨੀ ਨੇ ਕੋਵਿਡ ਦੌਰਾਨ ਮੋਟੇ ਅਨਾਜ ਦਾ ਅਧਿਐਨ ਕਰਨ ਤੋਂ ਬਾਅਦ ਅਮੀਨੋ ਈਟਸ ਸਟਾਰਟਅੱਪ ਬਣਾਇਆ।

## ਵਿਆਹ ਦੇ ਝਗੜੇ ਸਬੰਧੀ ਸਿਕਾਇਤ ਦੇ ਮਾਮਲੇ 'ਚ 4,000 ਰੁਪਏ ਰਿਸਵਤ ਲੈਂਦਾ ਏ.ਐੱਸ.ਆਈ

ਚੰਡੀਗੜ੍ਹ 22 ਮਈ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਵੂਮੈਨ ਸੈੱਲ ਲੁਧਿਆਣਾ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ.ਐੱਸ.ਆਈ.) ਸੁਖਦੇਵ ਸਿੰਘ ਨੂੰ 4,000 ਰੁਪਏ ਦੀ ਰਿਸਵਤ ਮੈਂਬਰਾਂ ਖ?ਿਲਾਫ ਮਾਮਲਾ ਦਰਜ ਕਰਨ ਦੀ ਧਮਕੀ ਦੇ ਕੇ ਉਸ ਤੋਂ 50,000 ਰੁਪਏ ਹੋਰ ਮੰਗ ਰਿਹਾ ਹੈ। ਉਸ ਨੇ ਅੱਗੇ ਦੱਸਿਆ ਕਿ ਉਸ ਦੇ ਅਤੇ ਉਕਤ ਏ.ਐੱਸ.ਆਈ. ਦਰਮਿਆਨ ਸੌਦਾ ਤੈਅ ਹੋਇਆ ਹੈ, ਜਿਸ ਅਨੁਸਾਰ ਉਕਤ ਏ.ਐੱਸ.ਆਈ.ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸੀ ਪੁਲਸ ਮੁਲਾਜਮ ਨੂੰ ਅਭਿਸੇਖ ਸਰਮਾ ਵਾਸੀ ਨਿਊ ਸ?ਿਮਲਾਪੁਰੀ, ਲੁਧਿਆਣਾ ਦੀ ਸ?ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ?ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਵਿਖੇ ਪਹੁੰਚ ਕਰਕੇ ਦੱਸਿਆ ਕਿ ਉਹ ਪ੍ਰਾਈਵੇਟ ਨੌਕਰੀ ਕਰਦਾ ਹੈ ਅਤੇ ਉਸ ਦਾ ਆਪਣੀ ਪਤਨੀ ਨਾਲ ਵਿਆਹ ਸਬੰਧੀ ਝਗੜਾ ਚੱਲ ਰਿਹਾ ਹੈ ਅਤੇ ਇਸ ਦੀ ਸ?ਿਕਾਇਤ ਏ.ਐੱਸ.ਆਈ. ਸੁਖਦੇਵ ਸਿੰਘ ਕੋਲ ਵਿਚਾਰ ਅਧੀਨ ਹੈ। ਸ?ਿਕਾਇਤਕਰਤਾ ਨੇ ਦੋਸ ਲਾਇਆ ਕਿ ਉਕਤ ਏ.ਐੱਸ.ਆਈ. ਉਸ ਤੋਂ ਪਹਿਲਾਂ ਵੀ 7000 ਰੁਪਏ ਕਿਸਤਾਂ ਵਿੱਚ ਲੈ ਚੁੱਕਾ ਹੈ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਖ?ਿਲਾਫ ਮਾਮਲਾ ਦਰਜ ਤੈਅ ਹੋਇਆ ਹੈ, ਜਿਸ ਅਨੁਸਾਰ ਉਕਤ ਏ.ਐੱਸ.ਆਈ. 14,000 ਰੁਪਏ ਰਿਸਵਤ ਲਈ ਰਾਜੀ ਹੋ ਗਿਆ ਹੈ, ਜਿਸ ਵਿੱਚੋਂ ਉਹ 4,000 ਰੁਪਏ ਖੁਦ ਰੱਖੇਗਾ ਅਤੇ 10,000 ਰੁਪਏ ਮਹਿਲਾ ਸੈੱਲ ਲੁਧਿਆਣਾ ਦੇ ਇੰਚਾਰਜ ਨੂੰ ਦੇਵੇਗਾ। ਬੁਲਾਰੇ ਨੇ ਦੱਸਿਆ ਕਿ ਇਸ ਸ?ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਦੋਸੀ ਪੁਲਸ ਮੁਲਾਜਮ ਨੂੰ 2 ਸਰਕਾਰੀ ਗਵਾਹਾਂ ਦੀ ਹਾਜਰੀ 'ਚ ਸ?ਿਕਾਇਤਕਰਤਾ ਤੋਂ 4,000 ਰੁਪਏ ਦੀ ਰਿਸਵਤ ਲੈਂਦਿਆਂ ਮੌਕੇ 'ਤੇ ਕਾਬੂ ਕਰ ਲਿਆ ਗਿਆ। ਇਸ ਸਬੰਧੀ ਭ੍ਰਿਸਟਾਚਾਰ ਦੀ ਰੋਕਥਾਮ ਬਾਰੇ ਕਾਨੂੰਨ ਦੀ ਧਾਰਾ 7 ਅਧੀਨ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿੱਚ ਐੱਫ.ਆਈ.ਆਰ. ਨੰ 24 ਮਿਤੀ 25.9.23 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

**NAME CHANGE**

I, Mohammed Ajmal Khan s/o Hasnain Khan R/o H-19/9A, Batla House, Jamia Nagar, New Delhi-110025, have changed my name to Ajmal Khan for all future purposes.

**NAME CHANGE**

I, BHUNAN DEVI M/O JC-768439K SUB MANOJ KUMAR RAMOLA, R/O VPO-BALAWALA, TEH-DEHRADUN, DIST-DEHRADUN (UK)-248001, have changed my name from BHUNAN DEVI to POONAM DEVI for all future purposes. And in my son service record my date of birth wrongly mentioned is 01/07/1950 instead of 01/07/1946. vide Affidavit Dated 23/12/2022, by Notary Public, New Delhi.

**NAME CHANGE**

I, hitherto known as ANNU BALA alias BALA RANI D/o SHANKER DASS W/o RESHAM LAL residing at Deep Colony, Ward No. 11, Garhshankar, Hoshiarpur, Punjab – 144527 have changed my name and shall hereafter be known as BALA RANI.

**PUBLIC NOTICE**

This is to inform general public at large that our client Mr. Mohd. Arif, Mrs. Rashida Begum &Mohd. Faisal who have approached Indo Star Home Finance P. Ltd. for LAP (Loan against property) of the Residential Plot area measuring 166 Sq. Yds, out of Khasra No.191min, Situated at Village Agraula, Pargana & Tehsil Loni, Distt. Ghaziabad, UP. Mohd. Arif acquired the said property from Mohd. Mehboob Chauhan vide Sale Deed dated 13.04.2017 and The land is not identified/ unspecified in nature, and Plot number is missing. All persons, if any, including bank, financial institutions, or an party/ies having claim, demand, right, interest in respect of or against the said property or any part there-of by way of inheritance, assignment, mortgage, possession, lien or otherwise, are hereby required to make the same known in writing within 7 days with the documentary evidence from the date of publication, falling which the said claim of the person/s, if any will be considered waived and settled.

R Shilpee Advocate
D-111 Dwarka Mor Nawada housing complex Delhi 110059

**NAME CHANGE**

I, ASHOK KUMAR AHUJA / ashok ahuja S/O manohar lal residing at H NO-18-A, SHYAM NAGAR, STREET NO-2, SAMUDAI BHAWAN, KRISHNA NAGAR, delhi-110051 have changed my name to ASHOK KUMAR for all future purpose.

**NAME CHANGE**

I, ZAKIR GAZI S/O TAIJEL GAZI residing at 464, INDRA GANDHI CAMP-2, TAIMOOR NAGAR, SRINIWAS PURI, DELHI-110065 have changed my minor son name from ZUBEL to ZUBEL GAZI for all future purpose.

**NAME CHANGE**

It is for general information that PRABHNOOR KAUR MALHOTRA D/O SURINDER SINGH EX. W/O BHRAM MALHOTRA residing at H-12, EAST CHANDER NAGAR, STREET NO-7, declare that I got divorce from my husband vide Court Decree HMA No.133 dated 23-2-2022 Further I have changed my name and shall hereafter be known as SILKY KAMBOJ

**NAME CHANGE**

I, Samina Rahman W/O Riaz Ur Rahmaan residing at B-1, Second Floor, Nizamuddin West, New Delhi -110013 have changed my name to Samina Riaz for all future purpose.

**NAME CHANGE**

I, ALAUDDIN S/O JAMALUDDIN ANSARI residing at G2/18/380, SANGAM VIHAR, PYSHPA BHAWAN, DELHI-110062 have changed my name to ALAUDDIN ANSARI for all future purpose.

**NAME CHANGE**

I, SANJAY KUMAR S/O BALWANT RAI residing at 25 GUJARAT VIHAR VIKAS MARG DELHI-110092 have changed my name to SANJAY CHARADVA for all future purpose.

**NAME CHANGE**

I, SANDHYARANI ROUT W/o JC-342181W SUB KRUSNA CHANDRA ROUT R/o VILL-LUNIGAN, PO-KAPASI, TEH-NIALI, DISTT-CUTTACK, ODISHA-754004, have changed my name from SANDHYARANI ROUT to SANDHYARANI NAYAK for all future purposes vide affidavit dated 23/12/2022 before Notary Public, Delhi.

**NAME CHANGE**

I, MOHD SNAULLAH S/O MOHD ISHA residing at C-459, J J COLONY, WAZIRPUR, ASHOK VIHAR, DELHI-110052 have changed my name to MOHD SANAULLAH for all future purpose.

**PUBLIC NOTICE**

PUBLIC AT LARGE IS HEREBY INFORMED THAT MY CLIENT SH. SONU S/O LATE JAGVIR, R/O. H. NO. 53, AYA NAGAR, NEW DELHI-110047, HAS SEVERED ALL HIS RELATIONS WITH HIS BOTH SON NAMELY VISHAL AND SAHIL AND HAS DISOWNED THEM FOR ALL FUTURE PURPOSES.

(KAPIL KAUSHIK)
ADVOCATE

**NAME CHANGE**

I, NAMANPREET D/O JOGINDER SINGH VOHRA residing at H NO-1 AND 2, BLOCK- NO-9, KHICHRIPUR COLONY, DELHI-110091 have changed my name to NAMANPREET KAUR for all future purpose

**PUBLIC NOTICE**

BE IT KNOW TO ALL CONCERNED THAT MY CLIENTS (1) POONAM SHARMA W/O SH. INDERJIT SHARMA AND (2) INDERJIT SHARMA S/O LATE SH. PARMANAND SHARMA BOTH R/O 821, OLD FOUR STOREY OPP. P. S. RAJOURI GARDEN, NEW DELHI-110027, HEREBY DECLARE THAT THEY HAVE EXPELLED, DISOWNED AND DIS-INHERITED THEIR SONS (1) DEEPAK SHARMA (HIS WIFE PARUL SHARMA & HIS SON SHIVANSH) AND (2) SACHIN SHARMA (HIS WIFE SIMPLE SHARMA & HIS SON YUGANSH) DUE TO THEIR MISBEHAVIOUR FROM THEIR ALL MOVABLE, IMMOVABLE PROPERTIES WHATSOEVER / WHEREEVER SITUATED & BANK DEPOSITS ETC, THEY HAVE ALSO RELEASED ALL THEIR RELATIONS WITH THEM FOR ALL INTENTS AND PURPOSES, AND MY SAID CLIENTS HEREBY DECLARE THAT THEY SHALL NOT BE RESPONSIBLE FOR ANY OF THEIR ACTS AND OMISSIONS FROM HERETO. ANYBODY DEALING WITH THEM SHALL DO SO AT HIS/HER/ THEIR OWN PERIL.

Gulshan Chanana Advocate
11/80, Ground Floor, Subhash Nagar, New Delhi-110027

# ਅਗਵਾ ਕਰ 3 ਕਰੋੜ ਦੀ ਫਿਰੌਤੀ ਮੰਗਣ ਵਾਲੇ ਚੜ੍ਹੇ ਪੁਲਸ ਅੜਿੱਕੇ

ਕਪੂਰਥਲਾ 22 ਮਈ। 3 ਕਰੋੜ ਰੁਪਏ ਦੀ ਫਿਰੌਤੀ ਖਾਤਰ ਇਕ ਬਜੁਰਗ ਨੂੰ ਪਿਸਤੌਲ ਦੀ ਨੋਕ 'ਤੇ ਅਗਵਾ ਕਰਨ ਦੇ ਮਾਮਲੇ 'ਚ ਕਪੂਰਥਲਾ ਪੁਲਸ ਨੇ ਕੁੱਲ 8 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਜਿੱਥੇ ਅਗਵਾ ਕੀਤੇ ਗਏ ਵਿਅਕਤੀ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ, ਉੱਥੇ ਹੀ ਇਸ ਮਾਮਲੇ 'ਚ ਗ੍ਰਿਫਤਾਰ ਮੁਲਜਮਾਂ ਤੋਂ 2 ਪਿਸਤੌਲਾਂ, 1 ਬੰਦੂਕ ਤੇ 950 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਮਾਮਲੇ 'ਚ ਨਾਮਜਦ ਹੋਰ ਮੁਲਜਮਾਂ ਦੀ ਤਲਾਸ਼ 'ਚ ਛਾਪਾਮਾਰੀ ਜਾਰੀ ਹੈ। ਇਸ ਸਬੰਧੀ ਪੱਤਰਕਾਰਾਂ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਐੱਸ.ਐੱਸ.ਪੀ ਕਪੂਰਥਲਾ ਨਵਨੀਤ ਸਿੰਘ ਬੈਂਸ ਨੇ ਦੱਸਿਆ ਕਿ 3 ਜਨਵਰੀ 2023 ਨੂੰ ਪਿੰਡ ਗਾਜੀ ਗੁਡਾਨਾ ਦੇ ਇਕ ਬਜੁਰਗ ਵਿਅਕਤੀ ਲਖਵਿੰਦਰ ਸਿੰਘ ਨੂੰ ਕਾਲੇ ਰੰਗ ਦੀ ਟਾਟਾ ਸਫਾਰੀ 'ਚ ਆਏ ਕੁਝ ਵਿਅਕਤੀਆਂ ਨੇ ਫਾਇਰਿੰਗ ਕਰਦੇ ਹੋਏ ਅਗਵਾ ਕਰ ਲਿਆ ਸੀ। ਪੀੜਤ ਵਿਅਕਤੀ ਦੇ ਲੜਕੇ ਅਮਰੀਕਾ 'ਚ ਰਹਿੰਦੇ ਹਨ, ਜਿਨ੍ਹਾਂ ਕੋਲੋਂ ਉਕਤ ਮੁਲਜਮਾਂ ਨੇ 3 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਜਦੋਂ ਇਸ ਪੂਰੇ ਮਾਮਲੇ ਦੀ ਜਾਣਕਾਰੀ ਕਪੂਰਥਲਾ ਪੁਲਸ ਨੂੰ ਮਿਲੀ ਤਾਂ ਐੱਸ.ਪੀ. (ਡੀ) ਹਰਵਿੰਦਰ ਸਿੰਘ ਦੀ ਨਿਗਰਾਨੀ 'ਚ ਇਕ ਵਿਸ਼ੇਸ਼ ਟੀਮ ਜਿਸ 'ਚ ਡੀ.ਐੱਸ.ਪੀ ਭੁਲੱਥ ਸੁਖਨਿੰਦਰ ਸਿੰਘ, ਡੀ.ਐੱਸ.ਪੀ (ਡੀ) ਬਰਜਿੰਦਰ ਸਿੰਘ, ਸੀ.ਆਈ.ਏ ਸਟਾਫ ਕਪੂਰਥਲਾ ਦੇ ਇੰਚਾਰਜ ਇੰਸਪੈਕਟਰ ਜਰਨੈਲ ਸਿੰਘ ਤੇ ਥਾਣਾ ਢਿੱਲਵਾਂ ਦੇ ਐੱਸ.ਐੱਚ.ਓ ਹਰਜਿੰਦਰ ਸਿੰਘ ਨੂੰ ਸ਼ਾਮਲ ਕਰਕੇ ਪੀੜਤ ਵਿਅਕਤੀ ਨੂੰ ਤਤਕਾਲ ਛੁਡਵਾਉਣ ਦੇ ਹੁਕਮ ਦਿੱਤੇ ਗਏ, ਜਿਸਦੇ ਉਪਰੰਤ ਪੁਲਸ ਟੀਮ ਨੇ ਲਗਾਤਾਰ ਦਬਾਅ ਬਣਾਉਂਦੇ ਹੋਏ 6 ਜਨਵਰੀ 2023 ਨੂੰ ਅਗਵਾ ਕੀਤੇ ਗਏ ਵਿਅਕਤੀ ਲਖਵਿੰਦਰ ਸਿੰਘ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ। ਪੁਲਸ ਨੇ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜਮਾਂ ਦੀ ਤਲਾਸ਼ 'ਚ ਲਗਾਤਾਰ ਛਾਪਾਮਾਰੀ ਦਾ ਦੌਰ ਜਾਰੀ ਰੱਖਿਆ, ਜਿਸ ਦੌਰਾਨ ਖੁਲਾਸਾ ਹੋਇਆ ਕਿ ਇਸ ਵਾਰਦਾਤ ਨੂੰ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ ਸਾਥੀਆਂ ਦੇ ਨਾਲ ਅੰਜਾਮ ਦਿੱਤਾ ਸੀ। ਮੁਲਜਮ ਦੇ ਭਤੀਜੇ ਪਵਨ ਵੀਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੇ ਪੀੜਤ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਲਈ ਉਸਦੀ ਲਗਾਤਾਰ ਰੇਕੀ ਕੀਤੀ ਸੀ ਤੇ ਆਪਣੇ ਚਾਚਾ ਗੁਰਇਕਬਾਲ ਸਿੰਘ ਉਰਫ ਵਰ ਤੇ ਉਸਦੇ ਸਾਥੀਆਂ ਦੀ ਮਦਦ ਕੀਤੀ ਸੀ। ਜਿਸਦੇ ਆਧਾਰ 'ਤੇ ਮੁਲਜਮ ਪਵਨ ਵੀਰ ਸਿੰਘ ਨੂੰ 11 ਜਨਵਰੀ 2023 ਨੂੰ ਗ੍ਰਿਫਤਾਰ ਕਰ ਲਿਆ, ਜਿਸਦੇ ਖੁਲਾਸੇ ਤੋਂ ਬਾਅਦ ਮੁਲਜਮਾਂ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਜ਼ਿਲ੍ਹਾ ਕਪੂਰਥਲਾ, ਜੱਸ ਵਾਸੀ ਕਪੂਰਥਲਾ, ਜੀਤਾ ਵਾਸੀ ਪੱਡਾ ਬੇਟ, ਹਰਮਨ ਵਾਸੀ ਬਾਮੂਵਾਲ, ਗੁਰਮੁੱਖ ਵਾਸੀ ਲੱਖਣ ਕੇ ਪੱਡਾ ਸਮੇਤ 2 ਹੋਰ ਅਣਪਛਾਤੇ ਮੁਲਜਮਾਂ ਨੂੰ ਮਾਮਲੇ 'ਚ ਨਾਮਜਦ ਕੀਤਾ ਗਿਆ। ਛਾਪੇਮਾਰੀ ਦੌਰਾਨ ਮੁਲਜਮ ਗੁਰਮੁਖ ਸਿੰਘ ਉਰਫ ਗੋਰਾ ਪੁੱਤਰ ਅਵਤਾਰ ਸਿੰਘ ਵਾਸੀ ਲੱਖਣ ਕੇ ਪੱਡਾ ਥਾਣਾ ਸੁਭਾਨਪੁਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਪਾਸੋਂ ਅਗਵਾ ਕਰਨ ਦੌਰਾਨ ਵਰਤੀ ਗਈ ਕਾਲੇ ਰੰਗ ਦੀ ਟਾਟਾ ਸਫਾਰੀ ਗੱਡੀ ਨੰਬਰ ਪੀ.ਬੀ-46-ਐਲ-0097 ਬਰਾਮਦ ਕੀਤੀ ਗਈ। ਉਕਤ




ਮੁਲਜਮ ਦੇ ਖੁਲਾਸੇ ਤੋਂ ਬਾਅਦ ਉਸਦੇ ਮਾਮਾ ਕਰਨਜੀਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਤੇ ਇਸਦੇ ਦੋਸਤ ਅਮਰੀਕ ਸਿੰਘ ਉਰਫ ਕਾਡਾ ਪੁੱਤਰ ਗੁਲਜਾਰ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਨੂੰ ਨਾਮਜਦ ਕੀਤਾ ਗਿਆ, ਇਨ੍ਹਾਂ ਮੁਲਜਮਾਂ ਨੇ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਤੋਂ ਬਾਅਦ ਆਪਣੇ ਮਕਾਨਾਂ 'ਚ ਰੱਖਿਆ ਸੀ। 15 ਜਨਵਰੀ 2023 ਨੂੰ ਗੁਰਮੁਖ ਸਿੰਘ ਤੇ 16 ਜਨਵਰੀ 2023 ਨੂੰ ਅਮਰੀਕ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਬਾਅਦ 22 ਜਨਵਰੀ 2023 ਨੂੰ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਤੋਂ 3 ਮੋਬਾਇਲ ਤੇ ਇਕ ਬਿਨਾਂ ਨੰਬਰੀ ਮੋਟਰਸਾਇਕਲ ਬਰਾਮਦ ਕੀਤਾ ਗਿਆ। ਉੱਥੇ ਹੀ ਮਿਤੀ 2 ਫਰਵਰੀ 2023 ਨੂੰ ਇਸ ਪੂਰੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੂੰ ਉਸਦੇ ਸਾਥੀ ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਸਤਵੀਰ ਸਿੰਘ ਵਾਸੀ ਪਿੰਡ ਬਾਮੂਵਾਲ ਥਾਣਾ ਸੁਭਾਨਪੁਰ ਦੇ ਨਾਲ ਗ੍ਰਿਫਤਾਰ ਕਰ ਲਿਆ ਗਿਆ। ਉਕਤ ਮੁਲਜਮਾਂ ਪਾਸੋਂ ਇਕ 32 ਬੋਰ ਦੀ ਰਿਵਾਲਵਰ, 6 ਰੌਂਦ ਜਿੰਦਾ, 1 ਦੇਸੀ ਪਿਸਤੌਲ ਤੇ 4 ਰੌਂਦ ਜਿੰਦਾ ਤੇ 1 ਗਨ 12 ਬੋਰ ਸਮੇਤ 10 ਰੌਂਦ ਜਿੰਦਾ, 950 ਗ੍ਰਾਮ ਹੈਰੋਇਨ ਤੇ 1 ਮੋਟਰਸਾਇਕਲ ਨੰਬਰ ਪੀ.ਬੀ-09-ਕੇ-4799 ਬਰਾਮਦ ਕੀਤੇ ਗਏ। ਗੁਰਇਕਬਾਲ ਸਿੰਘ ਉਰਫ ਵਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਪੀੜਤ ਲਖਵਿੰਦਰ ਸਿੰਘ ਦਾ ਮੋਬਾਇਲ ਦਾ ਵ੍ਹਟਸਐਪ ਨੰਬਰ ਨੂੰ ਅਮਰੀਕਾ 'ਚ ਰਹਿੰਦੇ ਆਪਣੇ ਦੋਸਤ ਲਵਜੀਤ ਸਿੰਘ ਉਰਫ ਕੰਗ ਜੋ ਕਿ ਸ਼ਾਹਕੋਟ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹੈ ਨੂੰ ਭੇਜ ਦਿੱਤਾ ਸੀ। ਜੋ ਉਸਨੇ ਮੇਰੇ ਇਕ ਹੋਰ ਦੋਸਤ ਅੰਮ੍ਰਿਤ ਬੱਲ ਵਾਸੀ ਮਾਡਲ ਟਾਊਨ ਭੁਲੱਥ ਨਾਲ ਮਿਲ ਕੇ ਪੀੜਤ ਦੇ ਲੜਕੇ ਸੁੱਖ ਨਾਲ ਅਮਰੀਕਾ 'ਚ ਫੋਨ 'ਤੇ ਚੈਟ ਕਰਦੇ ਸਨ। ਉਕਤ ਮੁਲਜਮਾਂ ਨੂੰ ਵੀ ਮੁਕਦਮੇ 'ਚ ਨਾਮਜਦ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਸ ਮਾਮਲੇ ਦੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਖਿਲਾਫ ਦਾਜ, ਕਤਲ, ਲੁੱਟਾਂ ਖੋਹਾਂ, ਡਰੱਗ ਸਮਗਲਿੰਗ ਸਮੇਤ 9 ਮੁਕੱਦਮੇ ਦਰਜ ਹਨ ਉੱਥੇ ਹੀ ਮੁਲਜਮ ਵਿਜੈ ਕੁਮਾਰ ਖਿਲਾਫ ਲੁੱਟ ਖੋਹ, ਅਸਲਾ ਐਕਟ, ਡਰੱਗ ਬਰਾਮਦਗੀ, ਕਤਲ ਦੀ ਕੋਸ਼ਿਸ਼ ਸਮੇਤ 13 ਗੰਭੀਰ ਮਾਮਲੇ ਦਰਜ ਹਨ। ਪੁੱਛਗਿੱਛ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ 2 ਸਾਥੀਆਂ ਹਰਮਨ ਬਾਮੂਵਾਲ ਤੇ ਖੰਡੇ ਨਾਲ ਮਿਲ ਕੇ 26 ਜਨਵਰੀ 2023 ਨੂੰ ਇਕ ਐੱਨ.ਆਰ.ਆਈ ਪਰਿਵਾਰ ਵਾਸੀ ਵਾਰਡ ਨੰਬਰ 13 ਬੇਗੋਵਾਲ ਜ਼ਿਲ੍ਹਾ ਕਪੂਰਥਲਾ ਨੂੰ ਫੋਨ ਕਰਕੇ 10 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਜਿਨ੍ਹਾਂ ਵੱਲੋਂ ਫਿਰੌਤੀ ਨਾ ਦੇਣ 'ਤੇ ਫਿਰ ਦੁਬਾਰਾ 50 ਲੱਖ ਰੁਪਏ ਦੀ ਮੰਗ ਕੀਤੀ ਗਈ ਤੇ 50 ਲੱਖ ਰੁਪਏ ਨਾ ਦੇਣ 'ਤੇ ਸਾਰੇ ਪਰਿਵਾਰ ਨੂੰ ਗੋਲੀਆਂ ਨਾਲ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਨੂੰ ਲੈ ਕੇ 27 ਜਨਵਰੀ 2023 ਨੂੰ ਉਕਤ ਮੁਲਜਮਾਂ ਖਿਲਾਫ ਥਾਣਾ ਬੇਗੋਵਾਲ 'ਚ ਮਾਮਲਾ ਦਰਜ ਕੀਤਾ ਗਿਆ। ਉੱਥੇ ਹੀ ਕਪੂਰਥਲਾ ਪੁਲਸ ਨੇ ਜਰਮਨਜੀਤ ਸਿੰਘ ਉਰਫ ਚੌਧਰੀ ਪੁੱਤਰ ਜਗਦੀਸ਼ ਸਿੰਘ ਵਾਸੀ ਪਿੰਡ ਨੂਰਪੁਰ ਲੁਬਾਣਾ, ਥਾਣਾ ਢਿਲਵਾਂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 7.65 ਦੀ ਇਕ ਪਿਸਤੌਲ ਤੇ 2 ਜਿੰਦਾ ਰੌਂਦ ਦੇ ਨਾਲ ਇਕ ਬੁਲੇਟ ਪਰੂਫ ਜੈਕਟ ਬਰਾਮਦ ਕੀਤੀ। ਉਕਤ ਮੁਲਜਮ ਖਿਲਾਫ ਥਾਣਾ ਸਿਟੀ ਕਪੂਰਥਲਾ 'ਚ ਮਾਮਲਾ ਦਰਜ ਕਰ ਲਿਆ ਗਿਆ। ਐੱਸ.ਐੱਸ.ਪੀ ਨੇ ਦੱਸਿਆ ਕਿ ਸਾਰੇ ਅੱਠਾਂ ਮੁਲਜਮਾਂ ਕੋਲੋਂ ਪੁੱਛਗਿੱਛ ਦਾ ਦੌਰ ਜਾਰੀ ਹੈ।

# ਮੁਕੇਰੀਆਂ 'ਚ ਖੁੰਭਾਂ ਵਾਂਗ ਵਧ ਰਹੀਆਂ ਹਨ ਨਾਜਾਇਜ ਕਾਲੋਨੀਆਂ

ਮੁਕੇਰੀਆਂ 22 ਮਈ। ਮੁਕੇਰੀਆਂ ਅਤੇ ਆਸ-ਪਾਸ ਦੇ ਦਰਜਨਾਂ ਪਿੰਡਾਂ 'ਚ ਖੁੰਭਾਂ ਵਾਂਗ ਵੱਧ ਰਹੀਆਂ ਨਾਜਾਇਜ ਕਾਲੋਨੀਆਂ 'ਚੋਂ ਕਾਲੋਨਾਈਜਰ ਵੱਖ-ਵੱਖ ਤਰ੍ਹਾਂ ਦੇ ਸਬਜਬਾਗ ਵਿਖਾ ਕੇ ਜਿੱਥੇ ਚਾਂਦੀ ਕੁੱਟ ਰਹੇ ਹਨ, ਉੱਥੇ ਹੀ ਪ੍ਰਾਪਰਟੀ ਡੀਲਰ ਅਤੇ ਕਾਲੋਨਾਈਜਰ ਪ੍ਰਸਾਸਨਿਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਭੋਲੇ-ਭਾਲੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾ ਕੇ ਉਨ੍ਹਾਂ ਦਾ ਆਰਥਿਕ ਸੋਸਣ ਕਰ ਰਹੇ ਹਨ, ਜਿਸ ਕਾਰਨ ਲੋਕ ਮਾਨਸਿਕ ਪ੍ਰੇਸਾਨੀਆਂ ਝੱਲਣ ਲਈ ਮਜਬੂਰ ਹੋ ਰਹੇ ਹਨ। ਉੱਥੇ ਹੀ ਸਬੰਧਤ ਵਿਭਾਗ ਮੌਨ ਬੈਠਾ ਹੈ। ਇਥੇ ਜ?ਿਕਰਯੋਗ ਹੈ ਕਿ ਮੁਕੇਰੀਆਂ ਦੇ ਪਿੰਡ ਫੱਤੂਵਾਲ ਰੋਡ, ਪਿੰਡ ਭੱਟੀਆਂ ਤੋਂ ਪੁਰੀਕਾ ਰੋਡ, ਪਿੰਡ ਬੱਧੂਪੁਰ, ਪਿੰਡ ਅਟੱਲਗੜ੍ਹ ਰੋਡ, ਪਿੰਡ ਮੁਸਾਹਿਬਪੁਰ ਨੇੜੇ, ਪਿੰਡ ਹਰਸਾ ਕਲੋਤਾ ਰੋਡ, ਪਿੰਡ ਬੁੱਢੇਵਾਲ, ਪਿੰਡ ਭੱਟੀਆਂ ਰਾਜਪੂਤਾਂ ਨੇੜੇ, ਤੰਗਰਾਲੀਆਂ ਰੋਡ, ਪਿੰਡ ਪਵਾਰਾਂ ਨੇੜੇ ਤੋਂ ਇਲਾਵਾ ਪਿੰਡ ਪੰਡੇਰਾ, ਤਲਵਾੜਾ ਰੋਡ 'ਤੇ ਮੁਕੇਰੀਆਂ ਵਿਚ ਸਾਹ ਕੈਨਾਲ ਕਾਲੋਨੀ ਦੇ ਪਿੱਛੇ, ਪਿੰਡ ਜਾਹਿਦਪੁਰ ਨੇੜੇ, ਪਿੰਡ ਗਾਲੜੀਆਂ, ਨਵੀਂ ਬਣੀ ਜੁਡੀਸੀਅਲ ਕੋਰਟ ਦੇ ਸਾਹਮਣੇ, ਚਰਖਾ ਕਾਲੋਨੀ ਦੇ ਸਾਹਮਣੇ, ਕਿਲਾ ਰੋਡ, ਖਾਲਸਾ ਸਕੂਲ ਦੇ ਪਿੱਛੇ ਬਿਜਲੀ ਘਰ ਦੇ ਸਾਹਮਣੇ ਆਦਿ ਦਰਜਨਾਂ ਪਿੰਡਾਂ ਤੇ



ਮੁਹੱਲਿਆਂ ਵਿਚ ਨਾਜਾਇਜ ਕਾਲੋਨੀਆਂ ਕੱਟੀਆਂ ਗਈਆਂ। ਇਥੇ ਜ?ਿਕਰਯੋਗ ਹੈ ਕਿ ਮੁਕੇਰੀਆਂ ਸਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਦਰਜਨਾਂ ਵੱਡੀਆਂ ਕਾਲੋਨੀਆਂ ਹੋਣ ਦੇ ਬਾਵਜੂਦ ਜ?ਿਲ੍ਹਾ ਟਾਊਨ ਪਲੈਨਰ ਦਫਤਰ ਹੁਸ?ਿਆਰਪੁਰ ਦੇ ਕਿਸੇ ਵੀ ਅਧਿਕਾਰੀ ਦੀ ਇਨ੍ਹਾਂ 'ਤੇ ਵਰ੍ਹਿਆਂ ਤੋਂ ਨਜਰ ਨਹੀਂ ਪੈ ਰਹੀ, ਜਿਸ ਕਾਰਨ ਮੁਕੇਰੀਆਂ ਹਲਕੇ 'ਚ ਇਸ ਵਿਭਾਗ ਦੀ ਕਥਿਤ ਮਿਲੀਭੁਗਤ ਦੀ ਚਰਚਾ ਜੋਰਾਂ 'ਤੇ ਹੈ। ਜਦੋਂਕਿ ਪਿਛਲੇ 4 ਦਿਨ ਪਹਿਲਾਂ ਜ?ਿਲ੍ਹਾ ਟਾਊਨ ਪਲਾਨਰ ਦਫਤਰ ਵੱਲੋਂ ਮੁਕੇਰੀਆਂ ਦੇ ਪਿੰਡ ਖਿਚੀਆਂ ਵਿਚ ਸਿਰਫ 10 ਪਲਾਟਾਂ ਵਾਲੀ ਕਾਲੋਨੀ 'ਤੇ ਜੇ. ਸੀ. ਬੀ. ਚਲਾ ਕੇ ਖਾਨਾ ਪੂਰਤੀ ਕੀਤੀ ਗਈ। ਕਾਲੋਨਾਈਜਰਾਂ ਅਤੇ ਪ੍ਰਾਪਰਟੀ ਡੀਲਰਾਂ ਦੇ ਜਾਲ ਦਾ ਸ?ਿਕਾਰ ਹੋਏ ਪਲਾਟ ਹੋਲਡਰ ਪੀੜਤਾਂ ਨੇ ਦੱਸਿਆ ਕਿ ਉਨ੍ਹਾਂ ਤੋਂ ਪਲਾਟਾਂ ਦੇ ਬਿਆਨੇ 'ਤੇ ਹੀ ਅੱਧੀ ਰਕਮ ਵਸੂਲ ਕੀਤੀ ਜਾ ਚੁੱਕੀ ਹੈ ਅਤੇ ਹੁਣ ਰਜਿਸਟਰੀ ਨਾ ਹੋਣ ਕਾਰਨ ਕਾਲੋਨਾਈਜਰ ਵਿਦੇਸਾਂ ਵਿਚ ਬੈਠ ਕੇ ਬਹਾਨੇ ਬਣਾ ਰਹੇ ਹਨ। ਉਨ੍ਹਾਂ ਗੈਰ-ਕਾਨੂੰਨੀ ਕਾਰੋਬਾਰ ਕਰਨ ਵਾਲੇ ਅਜਿਹੇ ਕਾਲੋਨਾਈਜਰਾਂ ਦੀਆਂ ਜਾਇਦਾਦਾਂ ਨੂੰ ਜਬਤ ਕਰਨ ਦੀ ਮੰਗ ਕੀਤੀ ਅਤੇ ਬਿਨਾਂ ਲਾਇਸੈਂਸ ਤੋਂ ਪ੍ਰਾਪਰਟੀ ਡੀਲਰ ਬਣ ਕੇ ਲੱਖਾਂ ਦੀ ਕਮਾਈ ਕਰਨ ਵਾਲੇ ਏਜੰਟਾਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ। ਲੋਕਾਂ ਨੇ ਕਿਹਾ ਕਿ ਪ੍ਰਸਾਸਨਿਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਕਲੋਨਾਈਜਰ ਮਹਿੰਗੇ ਭਾਅ ਜਮੀਨ ਖਰੀਦ ਕੇ ਕਰੋੜਾਂ ਵਿਚ ਵੇਚ ਰਹੇ ਹਨ। ਇਸ ਸਬੰਧੀ ਜਦੋਂ ਵਧੀਕ ਡਿਪਟੀ ਕਮਿਸਨਰ ਜਨਰਲ ਹੁਸ?ਿਆਰਪੁਰ ਰਾਹੁਲ ਚਾਬਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸਾਰੀਆਂ ਨਾਜਾਇਜ ਕਲੋਨੀਆਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਜ?ਿਲੇ ਵਿਚ ਜੋ ਵੀ ਨਾਜਾਇਜ ਕਾਲੋਨੀ ਪਾਈ ਗਈ, ਉਸ ਉੱਪਰ ਕਾਰਵਾਈ ਜਰੂਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਾਜਾਇਜ ਕਾਲੋਨੀਆਂ ਸਬੰਧੀ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਨੂੰ ਹੁਕਮ ਜਾਰੀ ਕਰ ਕੇ ਰਜਿਸਟਰੀ ਕਰਵਾਉਣ 'ਤੇ ਪਾਬੰਦੀ ਲਾਈ ਜਾਵੇਗੀ। ਇਸ ਦੇ ਨਾਲ ਹੀ ਬਿਜਲੀ ਬੋਰਡ ਨੂੰ ਕੁਨੈਕਸਨ ਨਾ ਦੇਣ ਦੇ ਹੁਕਮ ਜਾਰੀ ਕੀਤੇ ਜਾਣਗੇ। ਪਹਿਲਾਂ ਨੋਟਿਸ ਦੇ ਕੇ ਉਸਾਰੀ ਬੰਦ ਕਰਵਾਈ ਜਾਵੇਗੀ। ਫਿਰ ਇਸ ਸਬੰਧ 'ਚ ਤਿੰਨ ਨੋਟਿਸ ਜਾਰੀ ਕਰ ਕੇ ਕਾਲੋਨੀ ਨੂੰ ਢਾਹੁਣ ਦੀ ਅੰਤਿਮ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਕਾਲੋਨੀ ਵਿਚ ਪਲਾਟ ਖਰੀਦਣ ਨਾਲ ਗਾਹਕ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਲੋਕਾਂ ਨੂੰ ਕਾਲੋਨਾਈਜਰਾਂ ਅਤੇ ਪ੍ਰਾਪਰਟੀ ਡੀਲਰਾਂ ਦੇ ਜਾਲ ਵਿਚ ਨਾ ਫਸਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਕਾਲੋਨਾਈਜਰਾਂ ਨੂੰ ਅਪੀਲ ਕੀਤੀ ਕਿ ਉਹ ਮਨਜੂਰੀ ਲੈਣ ਤਾਂ ਜੋ ਖਰੀਦਦਾਰਾਂ ਨੂੰ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਬਰਾਤ ਦੇ ਪੁੱਜਣ ਤੋਂ ਪਹਿਲਾਂ ਹੀ ਮੈਰਿਜ ਪੈਲੇਸ 'ਚ ਵਾਪਰਿਆ ਵੱਡਾ ਹਾਦਸਾ, ਦੇਖ ਹੈਰਾਨ ਰਹਿ ਗਏ ਸਭ

ਮਾਨਸਾ 22 ਮਈ। ਬੀਤੇ ਦਿਨੀਂ ਵਿਆਹ ਸਮਾਗਮ ਦੌਰਾਨ ਬਰਾਤ ਆਉਣ ਤੋਂ ਪਹਿਲਾਂ ਨਹਿਰੂ ਕਾਲਜ ਰੋਡ ਸਥਿਤ ਇਕ ਮੈਰਿਜ ਪੈਲੇਸ ਦੀ ਛੱਤ ਡਿੱਗ ਪਈ। ਮਿੰਟਾਂ ਵਿਚ ਹੀ ਪੈਲੇਸ ਦੀ





ਛੱਤ ਤਾਸ਼ ਦੇ ਪੱਤਿਆਂ ਵਾਂਗ ਖਿੱਲਰ ਗਈ। ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਪਰ ਮਾਲੀ ਨੁਕਸਾਨ ਲੱਖਾਂ ਰੁਪਏ ਦਾ ਦੱਸਿਆ ਜਾ ਰਿਹਾ ਹੈ। ਛੱਤ ਡਿੱਗਣ ਦੌਰਾਨ ਵਿਆਹ ਸਮਾਗਮ ਦੀ ਤਿਆਰੀ ਚੱਲ ਰਹੀ ਸੀ, ਜਿਸ ਕਰਕੇ ਖਾਣ-ਪੀਣ ਦੇ ਸਮਾਨ ਦਾ ਕਾਫੀ ਨੁਕਸਾਨ ਹੋ ਗਿਆ। ਜਾਣਕਾਰੀ ਅਨੁਸਾਰ ਲਿੰਕ ਰੋਡ ਸਥਿਤ ਇਕ ਪੈਲੇਸ ਵਿਚ ਸੋਮਵਾਰ ਦੀ ਸਵੇਰ ਇਕ ਵਿਆਹ ਸਮਾਗਮ ਰੱਖਿਆ ਹੋਇਆ ਸੀ। ਜਦੋਂ ਬਰਾਤ ਆਉਣ ਨੂੰ ਲੈ ਕੇ ਸਾਰੀਆਂ ਤਿਆਰੀਆਂ ਕਰਨ ਦੇ ਨਾਲ ਖਾਣ-ਪੀਣ ਦਾ ਸਾਮਾਨ ਪੈਲੇਸ ਦੇ ਅੰਦਰ ਸਜਾਇਆ ਗਿਆ ਤਾਂ ਕਰੀਬ 9:30 ਵਜੇ ਮੈਰਿਜ ਪੈਲੇਸ ਦੀਆਂ ਚਾਦਰਾਂ ਅਤੇ ਪਲਾਈ-ਲੱਕੜ ਆਦਿ ਨਾਲ ਬਣੀ ਛੱਤ ਡਿੱਗ ਪਈ। ਛੱਤ ਡਿੱਗਣ ਦੇ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ। ਜਿਸ ਵੇਲੇ ਇਹ ਘਟਨਾ ਵਾਪਰੀ, ਕੁਦਰਤੀ ਉਸ ਵੇਲੇ ਮੈਰਿਜ ਪੈਲੇਸ ਦੇ ਅੰਦਰ ਕੋਈ ਵੀ ਵਿਅਕਤੀ ਮੌਜੂਦ ਨਹੀਂ ਸੀ, ਜਿਸ ਕਰਕੇ ਕੋਈ ਜਾਨੀ ਨੁਕਸਾਨ ਜਾਂ ਕੋਈ ਸੱਟਾਂ ਆਦਿ ਲੱਗਣ ਤੋਂ ਕੋਈ ਬਚਾਅ ਹੋ ਸਕਿਆ। ਪੈਲੇਸ ਦੀ ਛੱਤ ਡਿੱਗਣ ਨਾਲ ਵਿਆਹ ਲਈ ਸਜਾਇਆ ਹਜਾਰਾਂ ਰੁਪਏ ਦਾ ਖਾਣ-ਪੀਣ ਦਾ ਸਾਮਾਨ ਵੀ ਮਿੱਟੀ ਭਰਨ ਨਾਲ ਖਰਾਬ ਹੋ ਗਿਆ ਅਤੇ ਪੂਰੇ ਪੈਲੇਸ ਦੀ ਛੱਤ ਮਿੰਟਾਂ ਵਿਚ ਹੀ ਢਹਿ-ਢੇਰੀ ਹੋ ਗਈ। ਇਸ ਦੌਰਾਨ ਪੈਲੇਸ ਵਿਚ ਰੱਖਿਆ ਸਮਾਗਮ ਮੌਕੇ 'ਤੇ ਹੀ ਕਿਸੇ ਹੋਰ ਮੈਰਿਜ ਪੈਲੇਸ ਵਿਚ ਤਬਦੀਲ ਕਰ ਦਿੱਤਾ ਗਿਆ।

## ਸ਼ਰਮਨਾਕ ਘਟਨਾ ! 5 ਸਾਲਾ ਮਾਸੂਮ ਨਾਲ ਜਬਰ ਜ?ਿਨਾਹ ਕਰਨ ਮਗਰੋਂ ਦੋਸ਼ੀ ਨੇ ਬੇਰਹਿਮੀ ਨਾਲ ਕੀਤਾ ਕਤਲ

ਭੁਵਨੇਸ਼ਵਰ 22 ਮਈ। ਓਡੀਸ਼ਾ ਦੇ ਭੁਵਨੇਸ਼ਵਰ 'ਚ ਇਕ ਝੁੱਗੀ ਬਸਤੀ 'ਚ 5 ਸਾਲ ਦੀ ਬੱਚੀ ਨਾਲ ਜਬਰ ਜ?ਿਨਾਹ ਕਰਨ ਤੋਂ ਬਾਅਦ ਉਸ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਗਿਆ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਘਟਨਾ ਸੋਮਵਾਰ ਸ਼ਾਮ ਨੂੰ ਏਅਰਫੀਲਡ ਥਾਣੇ ਦੇ ਅਧੀਨ ਸੁੰਦਰਪਾੜਾ ਖੇਤਰ ਦੇ ਕੇਲਾ ਸਾਹੀ 'ਚ ਵਾਪਰੀ, ਜਦੋਂ ਬੱਚੀ ਆਪਣੇ ਘਰ 'ਚ ਇਕੱਲੀ ਸੀ। ਪੁਲਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਵੀ ਝੁੱਗੀ ਬਸਤੀ ਦਾ ਵਾਸੀ ਹੈ। ਦੋਸ਼ੀ ਪੀੜਤਾ ਦੇ ਘਰ 'ਚ ਵੜਿਆ ਅਤੇ ਘਟਨਾ ਨੂੰ ਅੰਜਾਮ ਦੇ ਕੇ ਫਰਾਰ ਹੋ ਗਿਆ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਬੱਚੀ ਦੇ ਮਾਤਾ-ਪਿਤਾ ਨੇ ਕਿਹਾ ਕਿ ਕੰਮ ਤੋਂ ਆਉਣ 'ਤੇ ਉਨ੍ਹਾਂ ਨੂੰ ਬੱਚੀ ਘਰ ਨਹੀਂ ਮਿਲੀ ਅਤੇ ਕਾਫੀ ਭਾਲ ਕਰਨ 'ਤੇ ਉਨ੍ਹਾਂ ਨੂੰ ਬਿਸਤਰ ਦੇ ਹੇਠਾਂ ਉਸ ਦੀ ਲਾਸ਼ ਮਿਲੀ। ਕੋਲ ਦੇ ਇਕ ਦੁਕਾਨਦਾਰ ਨੇ ਦਾਅਵਾ ਕੀਤਾ ਕਿ ਦੋਸ਼ੀ ਨਾਲ ਬੱਚੀ ਉਸ ਦੀ ਦੁਕਾਨ 'ਤੇ ਚਾਕਲੇਟ ਖਰੀਦਣ ਆਈ ਸੀ। ਉਸ ਨੇ ਕਿਹਾ ਕਿ ਹੋਰ ਲੋਕਾਂ ਨੇ ਵੀ ਦੋਸ਼ੀ ਨੂੰ ਉਸ ਦੇ ਘਰ 'ਚ ਜਾਂਦੇ ਅਤੇ ਬਾਹਰ ਨਿਕਲਦੇ ਦੇਖਿਆ ਸੀ। ਏਅਰਫੀਲਡ ਦੇ ਥਾਣਾ ਇੰਚਾਰਜ ਅਸ਼ੋਕ ਨਾਇਕ ਨੇ ਕਿਹਾ ਕਿ ਦੋਸ਼ੀ ਨੂੰ ਫੜਨ ਲਈ ਇਕ ਵਿਸ਼ੇਸ਼ ਦਸਤੇ ਨੇ ਜਾਂਚ ਸ਼ੁਰੂ ਕੀਤੀ। ਨਾਇਕ ਨੇ ਕਿਹਾ ਕਿ ਸ਼ੁਰੂਆਤੀ ਜਾਂਚ 'ਚ ਸੰਕੇਤ ਮਿਲਿਆ ਕਿ ਦੋਸ਼ੀ ਨੇ ਇਕੱਲੇ ਹੀ ਅਪਰਾਧ ਨੂੰ ਅੰਜਾਮ ਦਿੱਤਾ। ਉਨ੍ਹਾਂ ਦੱਸਿਆ ਕਿ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਇਕ ਵਿਗਿਆਨਕ ਟੀਮ ਹਾਦਸੇ ਵਾਲੀ ਜਗ੍ਹਾ ਤੋਂ ਸਾਰੇ ਸਬੂਤ ਜੁਟਾਏਗੀ।

# ਬਰਤਾਨੀਆ ਤੋਂ ਆਯਾਤ ਕਾਰਾਂ ਹੋਣਗੀਆਂ ਸਸਤੀਆਂ ! 'ਤੇ ਦਰਾਮਦ ਟੈਕਸ ਘਟਾਉਣ ਦੀ ਤਿਆਰੀ 'ਚ ਸਰਕਾਰ

ਲੰਡਨ 22 ਮਈ। ਭਾਰਤ ਨੇ ਬ੍ਰਿਟੇਨ ਤੋਂ ਦਰਾਮਦ ਕੀਤੇ ਜਾਣ ਵਾਲੇ ਕੁਝ ਇਲੈਕਟ੍ਰਿਕ ਵਾਹਨਾਂ 'ਤੇ ਦਰਾਮਦ ਡਿਊਟੀ ਘਟਾਉਣ ਦਾ ਪ੍ਰਸਤਾਵ ਦਿੱਤਾ ਹੈ। ਬਲੂਮਬਰਗ ਦੀ ਇਕ ਰਿਪੋਰਟ ਮੁਤਾਬਕ ਭਾਰਤ ਨੇ ਇਸ ਸਾਲ ਦੇ ਅੰਤ ਤੱਕ ਬ੍ਰਿਟੇਨ ਨਾਲ ਮੁਕਤ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਬ੍ਰਿਟੇਨ ਤੋਂ ਦਰਾਮਦ ਕੀਤੇ ਜਾਣ ਵਾਲੇ ਕੁਝ ਇਲੈਕਟ੍ਰਿਕ ਵਾਹਨਾਂ 'ਤੇ ਦਰਾਮਦ ਡਿਊਟੀ ਘਟਾਉਣ ਦਾ ਪ੍ਰਸਤਾਵ ਰੱਖਿਆ ਹੈ। ਸੂਤਰਾਂ ਨੇ ਕਿਹਾ ਕਿ ਭਾਰਤ ਬਰਤਾਨੀਆ ਤੋਂ 80,000 ਡਾਲਰ ਸਾਲਾਨਾ ਤੋਂ ਵੱਧ ਦੀ ਲਾਗਤ ਵਾਲੇ 2,500 ਇਲੈਕਟ੍ਰਿਕ ਵਾਹਨਾਂ 'ਤੇ 30 ਫੀਸਦੀ ਰਿਆਇਤੀ ਟੈਰਿਫ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਭਾਰਤ ਮੌਜੂਦਾ ਸਮੇਂ 'ਚ ਪੂਰੀ ਤਰ੍ਹਾਂ ਨਾਲ ਬਣੀਆਂ ਇਕਾਈਆਂ ਦੇ ਤੌਰ 'ਤੇ ਆਯਾਤ ਕੀਤੀਆਂ ਕਾਰਾਂ 'ਤੇ 70 ਤੋਂ 100 ਫੀਸਦੀ ਦੇ ਵਿਚਕਾਰ ਡਿਊਟੀ ਲਗਾਉਂਦਾ ਹੈ, ਜੋ ਉਨ੍ਹਾਂ ਦੇ ਮੁੱਲ 'ਤੇ ਨਿਰਭਰ ਕਰਦਾ ਹੈ। ਇਲੈਕਟ੍ਰਿਕ ਵਾਹਨਾਂ 'ਤੇ ਦਰਾਮਦ ਰਿਆਇਤਾਂ ਦੀ ਬ੍ਰਿਟੇਨ ਦੀ ਮੰਗ ਉਨ੍ਹਾਂ ਮੁੱਦਿਆਂ 'ਚੋਂ ਇਕ ਹੈ, ਜਿਸ 'ਤੇ ਭਾਰਤ ਅਜੇ ਤੱਕ ਸਹਿਮਤ ਨਹੀਂ ਹੋਇਆ ਹੈ। ਬਲੂਮਬਰਗ ਨੇ ਪਹਿਲਾਂ ਖਬਰ ਦਿੱਤੀ ਸੀ ਕਿ ਬ੍ਰਿਟਿਸ ਪ੍ਰਧਾਨ ਮੰਤਰੀ ਰਿਸੀ ਸੁਨਕ ਅਤੇ ਭਾਰਤੀ ਪ੍ਰਧਾਨ




ਮੰਤਰੀ ਨਰਿੰਦਰ ਮੋਦੀ ਪਿਛਲੇ ਮਹੀਨੇ ਦੇ ਅੰਤ ਤੱਕ ਸਮਝੌਤੇ ਨੂੰ ਅੰਤਿਮ ਰੂਪ ਦੇ ਸਕਦੇ ਹਨ, ਪਰ ਹੁਣ ਦਸੰਬਰ ਤੱਕ ਸਮਝੌਤੇ ਦਾ ਐਲਾਨ ਹੋਣ ਦੀ ਸੰਭਾਵਨਾ ਨਹੀਂ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ ਹੈ, ਜਿੱਥੇ ਮੱਧ ਵਰਗ ਅਤੇ ਅਮੀਰ ਖਰੀਦਦਾਰਾਂ ਵਿੱਚ ਇਲੈਕਟ੍ਰਿਕ ਵਾਹਨਾਂ ਦੀ ਮੰਗ ਵੱਧ ਰਹੀ ਹੈ। ਕਾਰਾਂ ਦੀ ਉੱਚ ਕੀਮਤ, ਵਿਕਲਪਾਂ ਦੀ ਘਾਟ ਅਤੇ ਚਾਰਜਿੰਗ ਸਟੇਸਨਾਂ ਦੀ ਕਮੀ ਨੇ ਦੇਸ ਵਿੱਚ ਈਵੀ ਨੂੰ ਅਪਣਾਉਣ ਵਿੱਚ ਰੁਕਾਵਟ ਪਾਈ ਹੈ। ਮਾਰਕੀਟ ਦੇ ਹਿੱਸੇ ਨੂੰ ਖੋਲ੍ਹਣ ਨਾਲ ਦੇਸ ਵਿੱਚ ਦੁਨੀਆ ਦੀ ਸਭ ਤੋਂ ਜਹਿਰੀਲੀ ਹਵਾ ਦੇ ਨਾਲ ਸਵੱਛ ਆਵਾਜਾਈ ਵਿੱਚ ਵੀ ਤੇਜੀ ਆ ਸਕਦੀ ਹੈ। ਮੋਦੀ ਸਰਕਾਰ ਈਵੀ ਆਯਾਤ 'ਤੇ ਸਾਵਧਾਨੀ ਨਾਲ ਕੰਮ ਕਰ ਰਹੀ ਹੈ ਕਿਉਂਕਿ ਉਹ ਇਲੈਕਟ੍ਰਿਕ ਵਾਹਨਾਂ ਅਤੇ ਪਾਰਟਸ ਲਈ ਘਰੇਲੂ ਨਿਰਮਾਣ ਉਦਯੋਗ ਨੂੰ ਵਧਾਉਣਾ ਚਾਹੁੰਦੀ ਹੈ। ਸਰਕਾਰ ਨੇ 2021 ਵਿੱਚ ਸਥਾਨਕ ਈਵੀ ਉਤਪਾਦਨ ਲਈ 3.1 ਬਿਲੀਅਨ ਡਾਲਰ ਉਤਪਾਦਨ-ਲਿੰਕਡ ਪ੍ਰੋਤਸਾਹਨ ਪ੍ਰੋਗਰਾਮ ਦੀ ਘੋਸਣਾ ਕੀਤੀ। ਬਲੂਮਬਰਗ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਈਵੀ ਆਯਾਤ ਟੈਕਸ 'ਤੇ ਅਜੇ ਭਾਰਤ ਦੇ ਪੱਖ ਤੋਂ ਅੰਤਿਮ ਫੈਸਲਾ ਲਿਆ ਜਾਣਾ ਬਾਕੀ ਹੈ। ਭਾਰਤ ਅਤੇ ਬ੍ਰਿਟੇਨ ਪਹਿਲਾਂ ਹੀ ਬ੍ਰਿਟਿਸ ਕਾਰਾਂ ਅਤੇ ਸਕਾਚ ਵਿਸਕੀ 'ਤੇ ਟੈਰਿਫ ਘਟਾਉਣ ਸਮੇਤ ਕਈ ਮੁੱਦਿਆਂ 'ਤੇ ਸਹਿਮਤ ਹੋ ਚੁੱਕੇ ਹਨ।

## ਭਿਆਨਕ ਗਰਮੀ ਤੇ ਕੜਕਦੀ ਧੁੱਪ 'ਚ ਸਕਿਨ ਤੇ ਅੱਖਾਂ ਦੇ ਨਾਲ-ਨਾਲ ਸਿਹਤ ਦਾ ਧਿਆਨ ਰੱਖਣਾ ਵੀ ਜਰੂਰੀ

ਜਲੰਧਰ 22 ਮਈ। ਇਨ੍ਹੀਂ ਦਿਨੀਂ ਪੈ ਰਹੀ ਭਿਆਨਕ ਗਰਮੀ ਅਤੇ ਕੜਕਦੀ ਧੁੱਪ ਨੇ ਇਸ ਕਦਰ ਲੋਕਾਂ ਦਾ ਹਾਲ-ਬੇਹਾਲ ਕੀਤਾ ਹੈ ਕਿ ਅਜਿਹੇ 'ਚ ਵਰਤੀ ਗਈ ਥੋੜ੍ਹੀ ਜਿਹੀ ਲਾਪ੍ਰਵਾਹੀ ਵੀ ਕਾਫੀ ਭਾਰੀ ਪੈ ਸਕਦੀ ਹੈ। ਦਿਨ-ਬ-ਦਿਨ ਤਾਪਮਾਨ 'ਚ ਹੋ ਰਹੇ ਵਾਧੇ ਨੂੰ ਧਿਆਨ 'ਚ ਰੱਖਦੇ ਹੋਏ ਲੋਕਾਂ ਨੂੰ ਹੀਟ ਵੇਵ ਤੋਂ ਬਚਣ ਤੇ ਸਿਹਤ ਦੇ ਪ੍ਰਤੀ ਸੁਚੇਤ ਰਹਿਣ ਦੀ ਬਹੁਤ ਲੋੜ ਹੈ। ਛਾਬੜਾ ਸਕਿਨ ਕੇਅਰ ਐਂਡ ਲੇਜਰ ਸੈਂਟਰ ਦੇ ਪ੍ਰਮੁੱਖ ਸਕਿਨ ਸਪੈਸ਼ਲਿਸਟ ਡਾ. ਆਰ.ਐੱਸ. ਛਾਬੜਾ ਦਾ ਕਹਿਣਾ ਹੈ ਕਿ ਸੂਰਜ ਦੀਆਂ ਅਲਟਰਾਵਾਇਲੇਟ ਕਿਰਨਾਂ ਸਕਿਨ ਨੂੰ ਸਭ ਤੋਂ ਜ?ਿਆਦਾ ਨੁਕਸਾਨ ਪਹੁੰਚਾਉਂਦੀਆਂ ਹਨ, ਜਿੱਥੇ ਤੱਕ ਹੋ ਸਕੇ ਇਸ ਕੜਕਦੀ ਧੁੱਪ 'ਚ ਬਾਹਰ ਜਾਣ ਤੋਂ ਪ੍ਰਹੇਜ ਕਰਨਾ ਚਾਹੀਦਾ ਤੇ ਜੇਕਰ ਮਜਬੂਰੀ 'ਚ ਧੁੱਪ 'ਚ ਬਾਹਰ ਜਾਣਾ ਹੀ ਪਏ ਤਾਂ ਜਾਣ ਤੋਂ 25-30 ਮਿੰਟ ਪਹਿਲਾਂ ਚਿਹਰੇ 'ਤੇ ਸਨਸਕ੍ਰੀਨ ਲਾ ਲੈਣਾ ਚਾਹੀਦਾ, ਕਿਉਂਕਿ ਇਹ ਅਲਟ੍ਰਾਵਾਇਲੇਟ ਕਿਰਨਾਂ ਤੋਂ ਬਚਾਉਂਦੀ ਹੈ। ਡਾ. ਛਾਬੜਾ ਨੇ ਕਿਹਾ ਕਿ ਧੁੱਪ 'ਚ ਹਮੇਸ਼ਾ ਹਲਕੇ ਰੰਗ ਦੇ ਸੂਤੀ ਕੱਪੜੇ ਪਹਿਨਣੇ ਚਾਹੀਦੇ। ਮਹਾਜਨ ਆਈ ਹਸਪਤਾਲ ਦੇ ਪ੍ਰਮੁੱਖ ਤੇ ਸੀਨੀ. ਅੱਖਾਂ ਦੇ ਰੋਗਾਂ ਦੇ ਮਾਹਿਰ ਡਾ. ਵੀ. ਕੇ. ਮਹਾਜਨ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਸਕਿਨ ਨੂੰ ਧੁੱਪ ਤੋਂ ਬਚਾਉਣ ਲਈ ਅਸੀਂ ਕੱਪੜੇ ਤੇ ਸਨਸਕ੍ਰੀਨ ਦਾ ਇਸਤੇਮਾਲ ਕਰਦੇ ਹਾਂ, ਇਸੇ ਤਰ੍ਹਾਂ ਅੱਖਾਂ ਨੂੰ ਸੁਰੱਖਿਅਤ ਰੱਖਣ ਲਈ ਬਲੈਕ ਗਾਗਲਜ, ਹੈਟ ਤੇ ਛੱਤਰੀ ਆਦਿ ਦਾ ਇਸਤੇਮਾਲ ਕਰੋ ਅਤੇ ਨਾਲ ਹੀ ਜਿੰਨਾ ਹੋ ਸਕੇ ਤੇਜ ਧੁੱਪ 'ਚ ਘਰੋਂ ਬਾਹਰ ਨਾ ਨਿਕਲੋ। ਉਨ੍ਹਾਂ ਕਿਹਾ ਕਿ ਤੇਜ ਧੁੱਪ 'ਚ ਕੱਪੜਿਆਂ ਦੀ ਤਰ੍ਹਾਂ ਅੱਖਾਂ ਵੀ ਜਲਦੀ ਡ੍ਰਾਈ ਹੋ ਜਾਂਦੀਆਂ ਹਨ ਇਸ ਲਈ ਅੱਖਾਂ 'ਚ ਪਾਣੀ ਛਿੱਟੇ ਕਦੇ ਨਾ ਮਾਰੋ ਸਗੋਂ 10-15 ਮਿੰਟ ਦੇ ਬਾਅਦ ਪਲਕਾਂ ਝਪਕਾਂ ਕੇ ਅੱਖਾਂ ਨੂੰ ਲੁਬ੍ਰਿਕੇਂਟ ਕਰ ਲਓ। ਡਾ. ਮਹਾਜਨ ਨੇ ਕਿਹਾ ਕਿ ਜੇਕਰ ਅੱਖਾਂ 'ਚ ਜਲਨ, ਚੁੱਭਣ, ਲਾਲਗੀ ਮਹਿਸੂਸ ਹੋ ਰਹੀ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ। ਇਨੋਸੇਂਟ ਹਾਰਟਜ ਮਲਟੀਸਪੈਸ਼ਲਿਟੀ ਹਸਪਤਾਲ ਤੇ ਬੌਗੀ ਮੈਡੀਕਲ ਸੈਂਟਰ ਦੇ ਪ੍ਰਮੁੱਖ ਡਾ. ਚੰਦਰ ਬੌਗੀ ਦਾ ਕਹਿਣਾ ਹੈ ਕਿ ਗਰਮੀਆਂ ਦੇ ਮੌਸਮ 'ਚ ਘੱਟ ਪਾਣੀ ਪੀਣ ਕਾਰਨ ਡੀਹਾਈਡ੍ਰੇਸ਼ਨ ਦੇ ਜ?ਿਆਦਾਤਰ ਮਾਮਲੇ ਸਾਹਮਣੇ ਆਉਂਦੇ ਹਨ। ਇਸ ਲਈ ਹਰੇਕ ਸਿਹਤਮੰਦ ਵਿਅਕਤੀ ਨੂੰ ਦਿਨ 'ਚ ਘੱਟੋ-ਘੱਟ ਦੋ-ਢਾਈ ਲੀਟਰ ਪਾਣੀ ਪੀਣਾ ਚਾਹੀਦਾ, ਕਿਉਂਕਿ ਪਾਣੀ ਸਾਡੇ ਸਰੀਰ ਲਈ ਬਹੁਤ ਮਹੱਤਵਪੂਰਨ ਹੈ ਤੇ ਜੇਕਰ ਸਰੀਰ 'ਚ ਇਸ ਦੀ ਕਮੀ ਹੋ ਜਾਵੇ ਤਾਂ ਸਾਰਾ ਬੈਲੇਂਸ ਵਿਗੜ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਲੱਡ ਪ੍ਰੈਸ਼ਰ ਲੋਅ ਹੋ ਜਾਣਾ, ਚੱਕਰ ਆਉਣਾ ਜਾਂ ਕਮਜੋਰੀ ਮਹਿਸੂਸ ਹੋਣਾ ਡੀਹਾਈਡ੍ਰੇਸ਼ਨ ਦੇ ਲੱਛਣ ਹੋ ਸਕਦੇ ਹਨ।


## ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ

## ਸਾਧਾਰਨ ਪ੍ਰਸ਼ਾਸਨ ਵਿਭਾਗ

(ਸਮਨਵਯ ਸ਼ਾਖਾ)

**ਦਿੱਲੀ ਸਚਿਵਾਲਯ, ਆਈ. ਪੀ. ਏਸਟੇਟ, ਨਵੀਂ ਦਿੱਲੀ-110002**

**ਜਨਤੱਕ ਸੂਚਨਾ**

ਜਨਸਾਧਾਰਨ ਦੀ ਜਾਣਕਾਰੀ ਦੇ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਜਨਪ੍ਰਤਿਨਿਧੀਤਵ ਅਧਿਨਿਯਮ, 1951 ਦੀ ਧਾਰਾ 135-ਬੀ ਦੇ ਉਪਲਬਧ ਦੇ ਅਨੁਸਾਰ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ 'ਚ ਕਿਸੀ ਵਪਾਰ, ਵਪਾਰਕ, ਉਦਯੋਗਿਕ ਉਪਕ੍ਰਮ ਜਾਂ ਕਿਸੀ ਹੋਰ ਪ੍ਰਤਿਸ਼ਠਾਨ/ਸੰਸਥਾਪਨਾ 'ਚ ਕਾਰਜ ਕਰਦੇ ਅਤੇ ਉੱਤਰ ਪ੍ਰਦੇਸ਼ ਦੇ ਹੇਠਲਿਖਿਤ ਨਿਰਵਾਚਨ ਖੇਤਰਾਂ 'ਚ ਮਤਦਾਨ ਦੇ ਪਾਤ੍ਰ ਹਰੇਕ ਵਿਅਕਤੀ ਨੂੰ, ਮਤਦਾਨ ਦੇ ਦਿਨ, ਛੁੱਟੀ ਦਿੱਤੀ ਜਾਵੇਗੀ ਤਾਂਕਿ ਉਹ ਲੋਕ ਸਭਾ ਆਮ ਚੋਣਾਂ-2024 'ਚ ਆਪਣੀ ਵੋਟ ਪਾਉਣ ਦਾ ਅਧਿਕਾਰ ਦਾ ਪ੍ਰਯੋਗ ਕਰ ਸਕੇ।

| ਕ੍ਰ. ਸੰ. | ਚਰਣ | ਕੇਂਦਰਸ਼ਾਸਿਤ ਪ੍ਰਦੇਸ਼/ਰਾਜ | ਮਤਦਾਨ ਦੀ ਮਿਤੀ |
|---|---|---|---|
| 1 | ਛੇਵਾਂ | ਦਿੱਲੀ | 25 ਮਈ, 2024 (ਸ਼ਨੀਵਾਰ) |
| 2 | ਛੇਵਾਂ | ਹਰਿਆਣਾ | 25 ਮਈ, 2024 (ਸ਼ਨੀਵਾਰ) |

ਉਕਤ ਛੁੱਟੀ ਦੇ ਕਾਰਣ ਕੋਈ ਵੀ ਵੇਤਨ ਕੱਟਿਆ ਜਾਂ ਰੋਕਿਆ ਨਹੀਂ ਜਾਵੇਗਾ ਅਤੇ ਅਗਰ ਕੋਈ ਵਿਅਕਤੀ ਇਵੇਂ ਆਧਾਰ 'ਤੇ ਨਿਯੁਕਤ ਹੈ ਕਿ ਉਸ ਨੂੰ ਉਸ ਦਿਨ ਦੇ ਲਈ ਸਾਧਾਰਨ : ਕੋਈਹ ਵੇਤਨ ਪ੍ਰਾਪਤ ਨਹੀਂ ਹੋਵੇਗਾ, ਤਾਂ ਵੀ ਉਹਨੂੰ ਉਨ੍ਹਾਂ ਹੀ ਵੇਤਨ ਪ੍ਰਾਪਤ ਹੋਵੇਗਾ ਜਿਵੇਂ ਉਸ ਦਿਨ ਉਸ ਨੇ ਕੋਈ ਛੁੱਟੀ ਨਹੀਂ ਦਿੱਤੀ ਗਈ ਸੀ। ਦੈਨਿਕ ਵੇਤਨ/ਆਕਸਮਿਕ ਕਾਮਗਾਰ ਵੀ ਜਨਪ੍ਰਤਿਨਿਧੀਤਵ ਅਧਿਨਿਯਮ, 1951 ਦੀ ਧਾਰਾ 135-ਬੀ ਦੇ ਅਨੁਸਾਰ ਮਤਦਾਨ ਦੇ ਦਿਨ ਸਵੈਤਨਿਕ ਛੁੱਟੀ ਦੇ ਪਾਤ੍ਰ ਹੋਣਗੇ। ਅਗਰ, ਜਨਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135ਬੀ ਦੇ ਅਨੁਸਾਰ ਇਹ ਧਾਰਾ ਉਨ੍ਹਾਂ ਮਤਦਾਤਾਵਾਂ 'ਤੇ ਲਾਗੂ ਨਹੀਂ ਹੋਵੇਗੀ ਜਿਸਦੀ ਅਨੁਉਪਸਥਿਤੀ ਦੇ ਕਾਰਨ ਉਸਨੂੰ ਰੋਜ਼ਗਾਰ ਨੂੰ ਸੰਕਟ ਜਾਂ ਭਾਰੀ ਨੁਕਸਾਨ ਹੋ ਸਕਦੀ ਹੈ, ਜਿਸ 'ਚ ਉਹ ਕੰਮ ਕਰਦਾ ਹੈ।

ਉਕਤ ਉਪਬੰਧਾਂ ਦਾ ਕਿਸੀ ਵੀ ਪ੍ਰਕਾਰ ਤੋਂ ਉਲੰਘਣ ਲੋਕ ਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135-ਖ (3) ਦੇ ਉਪਬੰਧਾਂ ਦੇ ਅਨੁਸਾਰ ਦੰਡਨੀਯ ਹੈ।

(ਪ੍ਰਦੀਪ ਤਾਯਲ)

ਉਪ-ਸਚਿਵ (ਸਾ.ਪ੍ਰ.ਵਿ./ਸਮਨਵਯ)

DIP/Shabdarth/Classified/0070/24-25

# ਭਾਜਪਾ ਲੋਕਤੰਤਰ ਨੂੰ ਖ਼ਤਮ ਕਰਨਾ ਚਾਹੁੰਦੀ ਹੈ : ਖੜਗੇ

**ਜਗਾਧਰੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਝੂਠਿਆਂ ਦੇ ਸਰਦਾਰ' ਕਿਹਾ ਅਤੇ ਦਾਅਵਾ ਕੀਤਾ ਕਿ ਭਾਜਪਾ ਲੋਕਤੰਤਰ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਹਰਿਆਣਾ ਵਿਚ ਆਪਣੀ ਪਹਿਲੀ ਰੈਲੀ ਨੂੰ ਸੰਬੋਧਿਤ ਕਰਦਿਆਂ ਖੜਗੇ ਨੇ ਕਿਹਾ ਲੋਕ ਭਾਜਪਾ ਤੋਂ ਤੰਗ ਆ ਚੁੱਕੇ ਹਨ। ਕੁਝ ਲੋਕ ਹਨ ਜੋ 'ਮੋਦੀ-ਮੋਦੀ' ਚੀਕਦੇ ਹਨ। ਉਹ 'ਝੂਠਿਆਂ ਦੇ ਸਰਦਾਰ' ਹਨ, ਫਿਰ ਵੀ ਤੁਸੀਂ 'ਮੋਦੀ-ਮੋਦੀ' ਕਰਦੇ ਹੋ। ਮੈਂ ਕਿਸੇ ਨੂੰ ਗਾਲ੍ਹ ਨਹੀਂ ਕੱਢਣਾ ਚਾਹੁੰਦਾ ਅਤੇ ਮੈਂ ਮੋਦੀ ਜੀ ਖਿਲਾਫ਼ ਨਹੀਂ ਹਾਂ ਪਰ ਮੈਂ ਮੋਦੀ ਜੀ ਦੀ ਵਿਚਾਰਧਾਰਾ ਦੇ ਜ਼ਰੂਰ ਖਿਲਾਫ ਹਾਂ ਅਤੇ ਮੈਂ ਇਸ ਦੇ ਖਿਲਾਫ ਲੜ ਰਿਹਾ ਹਾਂ।

ਖੜਗੇ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਰਾਸ਼ਟਰੀ ਸਵੈ-ਸਵੇਕ ਸੰਘ (RSS) ਅਤੇ ਭਾਜਪਾ ਦੀ ਵਿਚਾਰਧਾਰਾ ਨਾਲ ਲੜ ਰਹੀ ਹੈ। ਉਨ੍ਹਾਂ ਨੇ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਤੁਸੀਂ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੇ ਹੋ ਅਤੇ ਅਸੀਂ ਇਸ ਦੇ ਖਿਲਾਫ ਲੜ ਰਹੇ ਹਾਂ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਮੋਦੀ ਜੀ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਸਮਝਦਾਰ ਹੋ। ਇਸ ਦੇਸ਼ ਦੀ ਜਨਤਾ ਤੁਹਾਡੇ ਤੋਂ ਜ਼ਿਆਦਾ ਸਮਝਦਾਰ ਹੈ। ਲੋਕ ਤੁਹਾਡੇ ਖਿਲਾਫ ਲੜ ਰਹੇ ਹਨ।

ਖੜਗੇ ਮੁਤਾਬਕ ਪ੍ਰਧਾਨ ਮੰਤਰੀ ਨੇ ਹਰ ਨਾਗਰਿਕ ਦੇ ਬੈਂਕ ਖਾਤੇ ਵਿਚ 15 ਲੱਖ ਰੁਪਏ ਪਾਉਣ, ਹਰ ਸਾਲ ਦੋ ਕਰੋੜ ਨੌਕਰੀ ਦੇਣ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਖੜਗੇ ਨੇ ਸਵਾਲ ਕੀਤਾ ਕਿ ਤਾਂ ਉਹ ਝੂਠੇ ਹਨ ਜਾਂ ਚੰਗੇ ਆਦਮੀ ਹਨ? ਜੇਕਰ ਮੈਂ ਅਜਿਹੇ ਪ੍ਰਧਾਨ ਮੰਤਰੀ ਨੂੰ 'ਝੂਠਿਆਂ ਦਾ ਸਰਦਾਰ' ਕਹਿੰਦਾ ਹਾਂ ਤਾ ਕੀ ਗਲਤ ਕਰਦਾ ਹਾਂ?

# ਚੋਣਾਂ ਦਾ ਹਰ ਪੜਾਅ ਪੂਰਾ ਹੋਣ 'ਤੇ ਸਾਫ਼ ਹੋ ਰਿਹਾ ਹੈ ਕਿ ਮੋਦੀ ਸਰਕਾਰ ਜਾ ਰਹੀ ਹੈ : ਕੇਜਰੀਵਾਲ



**ਨਵੀਂ ਦਿੱਲੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ ਲੋਕ ਸਭਾ ਚੋਣਾਂ ਦਾ ਹਰ ਪੜਾਅ ਪੂਰਾ ਹੋਣ ਦੇ ਨਾਲ ਹੀ ਇਹ ਸਪੱਸ਼ਟ ਹੋ ਰਿਹਾ ਹੈ ਕਿ ਨਰਿੰਦਰ ਮੋਦੀ ਸਰਕਾਰ ਜਾ ਰਹੀ ਹੈ ਤੇ 4 ਜੂਨ ਨੂੰ ਇੰਡੀਆ ਗੱਠਜੋੜ ਸੱਤਾ 'ਚ ਆ ਰਿਹਾ ਹੈ। ਵਰਚੁਅਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਇੰਡੀਆ ਗੱਠਜੋੜ ਦੇਸ਼ ਨੂੰ ਸਥਿਰ ਸਰਕਾਰ ਦੇਵੇਗਾ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੋਮਵਾਰ ਨੂੰ ਦਿੱਲੀ ਵਿੱਚ ਹੋਈਆਂ ਆਪਣੀਆਂ ਚੋਣ ਰੈਲੀਆਂ ਵਿੱਚ ਉਨ੍ਹਾਂ ਨਾਲ ਦਾ ਅਪਮਾਨ ਕੀਤਾ ਹੈ।

ਸ਼ਾਹ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ, 'ਤੁਹਾਨੂੰ ਪ੍ਰਧਾਨ ਮੰਤਰੀ ਨੇ ਆਪਣਾ ਵਾਰਸ ਚੁਣਿਆ ਹੈ, ਇਸ ਲਈ ਤੁਸੀਂ ਹੰਕਾਰ ਦਿਖਾ ਰਹੇ ਹੋ। ਤੁਸੀਂ ਹਾਲੇ ਪ੍ਰਧਾਨ ਮੰਤਰੀ ਨਹੀਂ ਬਣੇ।'

# 'ਇੰਡੀਆ' ਗੱਠਜੋੜ ਦੀ ਮਦਦ ਲਈ ਤ੍ਰਿਣਮੂਲ ਨੂੰ ਜ਼ਿਆਦਾ ਸੀਟਾਂ ਦੀ ਲੋੜ : ਮਮਤਾ ਬੈਨਰਜੀ

**ਕੋਲਕਾਤਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ (ਟੀ. ਐੱਮ. ਸੀ.) ਨੂੰ ਵੱਧ ਤੋਂ ਵੱਧ ਸੀਟਾਂ ਮਿਲਣ ਨਾਲ ਇਹ ਯਕੀਨੀ ਹੋਵੇਗਾ ਕਿ ਉਹ ਕੇਂਦਰ 'ਚ ਵਿਰੋਧੀ ਗੱਠਜੋੜ 'ਇੰਡੀਆ' ਨੂੰ ਸਰਕਾਰ ਬਣਾਉਣ 'ਚ ਪੂਰੀ ਤਰ੍ਹਾਂ ਮਦਦ ਕਰ ਸਕੇਗੀ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀ 'ਗਾਰੰਟੀ' ਸੱਚ ਨਹੀਂ ਹੈ।

ਟੀ. ਐੱਮ. ਸੀ. ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਾਂ ਨੂੰ ਰਸੋਈ ਗੈਸ, ਬਿਜਲੀ ਮੁਫਤ 'ਚ ਨਹੀਂ ਦਿੱਤੀ ਜਾ ਰਹੀ ਹੈ। ਬੈਨਰਜੀ ਨੇ ਵੋਟਰਾਂ ਨੂੰ ਟੀ. ਐੱਮ. ਸੀ. ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਵੋਟਾਂ ਦਿੱਲੀ ਲਈ ਹਨ, ਜੇ ਅਸੀਂ ਤੁਹਾਡੀ ਵੋਟ ਨਾਲ ਹਰ ਸੀਟ ਜਿੱਤ ਸਕਦੇ ਹਾਂ ਤਾਂ ਅਸੀਂ 'ਇੰਡੀਆ' ਗੱਠਜੋੜ ਵੱਲੋਂ ਬਣਾਈ ਜਾਣ ਵਾਲੀ ਸਰਕਾਰ ਦੀ ਮਦਦ ਕਰ ਸਕਦੇ ਹਾਂ, ਇਸ ਲਈ ਸਾਨੂੰ ਜ਼ਿਆਦਾ ਸੀਟਾਂ ਦੀ ਲੋੜ ਹੈ। ਬੈਨਰਜੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਸੰਦੇਸ਼ਖਾਲੀ ਦੀਆਂ ਔਰਤਾਂ ਦੇ ਸਬੰਧ 'ਚ ਇਕ ਸਾਜ਼ਿਸ਼ ਰਚੀ, ਜਿੱਥੇ ਸਥਾਨਕ ਟੀ. ਐੱਮ. ਸੀ. ਨੇਤਾਵਾਂ ਦੇ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਕਾਰਨ ਲੰਬੇ ਸਮੇਂ ਤੱਕ ਵਿਰੋਧ ਪ੍ਰਦਰਸ਼ਨ ਹੋਇਆ। ਮੁੱਖ ਮੰਤਰੀ ਨੇ ਸਾਰੀਆਂ ਜਾਤਾਂ ਅਤੇ ਧਰਮਾਂ ਦੇ ਲੋਕਾਂ ਨੂੰ ਇਕਜੁੱਟ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਲੀ ਸਾਜ਼ਿਸ਼ (ਲੋਕਾਂ ਨੂੰ) ਲੜਾਉਣਾ ਹੈ।

ਮਾਰਕਸਵਾਦੀ ਕਮਿਊਨਿਸਟ ਪਾਰਟੀ (ਮਾਕਪਾ) ਦੀ ਅਗਵਾਈ ਵਾਲੀ ਤਤਕਾਲੀ ਖੱਬੇ-ਪੱਖੀ ਮੋਰਚਾ ਸਰਕਾਰ ਦੇ ਖਿਲਾਫ 2007 'ਚ ਨੰਦੀਗ੍ਰਾਮ 'ਚ ਜ਼ਮੀਨ ਪ੍ਰਾਪਤੀ ਵਿਰੋਧੀ ਅੰਦੋਲਨ ਦੇ ਦਿਨਾਂ ਨੂੰ ਯਾਦ ਕਰਦਿਆਂ ਬੈਨਰਜੀ ਨੇ ਕਿਹਾ ਕਿ ਉਹ ਤਤਕਾਲੀ ਰਾਜਪਾਲ ਗੋਪਾਲਕ੍ਰਿਸ਼ਨ ਗਾਂਧੀ ਦੀ ਮਦਦ ਲਈ ਹਮੇਸ਼ਾ ਸ਼ੁਕਰਗੁਜ਼ਾਰ ਰਹਿਣਗੇ। ਬੈਨਰਜੀ ਨੇ ਮੌਜੂਦਾ ਗਵਰਨਰ ਸੀ. ਵੀ. ਆਨੰਦ ਬੋਸ ਦਾ ਨਾਂ ਲਏ ਬਿਨਾਂ ਉਨ੍ਹਾਂ 'ਤੇ ਵਿਅੰਗ ਕਸਦਿਆਂ ਕਿਹਾ ਕਿ ਉਹ (ਗਾਂਧੀ) ਬਹੁਤ ਵਧੀਆ ਵਿਅਕਤੀ ਹਨ ਪਰ ਮੌਜੂਦਾ ਰਾਜਪਾਲ ਬਾਰੇ ਗੱਲ ਨਹੀਂ ਕਰਾਂਗੀ। ਟੀ. ਐੱਮ. ਸੀ. ਅਤੇ ਬੋਸ ਦਾ ਵੱਖ-ਵੱਖ ਮੁੱਦਿਆਂ 'ਤੇ ਟਕਰਾਅ ਰਿਹਾ ਹੈ।

# ਰਾਜਿੰਦਰ ਪਾਲ ਆਨੰਦ ਸਾਬਕਾ ਡੀਐਸਪੀ ਐਡਵੋਕੇਟ 23 ਜਿਲਿਆਂ ਦੇ ਪ੍ਰਧਾਨਾਂ ਸਮੇਤ ਆਪ ਪਾਰਟੀ ਵਿੱਚ ਸ਼ਾਮਿਲ

**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਆਪ ਪਾਰਟੀ ਦੇ ਪਟਿਆਲਾ ਵਿਖੇ ਸਰਹੰਦ ਰੋਡ ਤੇ ਬਣੇ ਦਫਤਰ ਵਿੱਚ ਸ੍ਰੀ ਚੇਤਨ ਸਿੰਘ ਜੌੜੇ ਮਾਜਰਾ (ਕੈਬਨਿਟ ਮਨਿਸਟਰ ਪੰਜਾਬ ਸਰਕਾਰ) ,ਪਾਰਟੀ ਦੇ ਜਨਰਲ ਸਕੱਤਰ ਸਰਦਾਰ ਹਰਚੰਦ ਸਿੰਘ ਬਰਸਟ (ਚੇਅਰਮੈਨ ਮੰਡੀਕਰਨ ਬੋਰਡ ਪੰਜਾਬ) ਅਤੇ ਪਟਿਆਲਾ ਸ਼ਹਿਰ ਦੇ ਦਰਵੇਸ਼ ਐਮ ਐਲ ਏ ਸਰਦਾਰ ਅਜੀਤ ਪਾਲ ਸਿੰਘ ਕੋਹਲੀ ਦੀ ਪ੍ਰੇਰਣਾ ਸਦਕਾ ਅਤੇ ਰਹਿਨੁਮਾਈ ਵਿੱਚ ਸ੍ਰੀ ਰਾਜਿੰਦਰ ਪਾਲ ਆਨੰਦ ਸਾਬਕਾ ਡੀਐਸਪੀ ਐਡਵੋਕੇਟ ,ਸੂਬਾ ਪ੍ਰਧਾਨ ਪੰਜਾਬ ਪੁਲਿਸ ਫੈਮਿਲੀ ਵੈਲਫੇਅਰ ਐਸੋਸੀਏਸ਼ਨ ਪੰਜਾਬ, ਪੰਜਾਬ ਦੇ ਸਾਰੇ ਜਿਲਿਆਂ ਦੇ 23 ਪ੍ਰਧਾਨਾਂ ਸਮੇਤ ਤੇ ਵੱਡੀ ਗਿਣਤੀ ਵਿੱਚ ਹੋਰ ਮੈਂਬਰਾਂ ਨਾਲ ਆਪ ਪਾਰਟੀ ਵਿੱਚ ਸ਼ਾਮਿਲ ਹੋਏ ।ਇਸ ਸਮਾਰੋਹ ਵਿੱਚ ਬੋਲਦਿਆਂ ਹੋਇਆਂ ਕੈਬਨਿਟ ਮਨਿਸਟਰ ਸਰਦਾਰ ਚੇਤਨ ਸਿੰਘ ਜੌੜੇ ਮਾਜਰਾ ਨੇ ਅਤੇ ਜਨਰਲ ਸਕੱਤਰ ਸਰਦਾਰ ਹਰਚੰਦ ਸਿੰਘ ਬਰਸਟ ਅਤੇ ਐਮ ਐਲ ਏ ਪਟਿਆਲਾ ਸਰਦਾਰ ਅਜੀਤ ਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਪੁਲਿਸ ਫੈਮਿਲੀ ਵੈਲ਼ਫੇਅਰ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਰਾਜਿੰਦਰ ਪਾਲ ਆਨੰਦ ਸਾਬਕਾ ਡੀਐਸਪੀ, ਐਡਵੋਕੇਟ ਦੇ ਆਪਣੇ 23 ਜ਼ਿਲਾ ਪ੍ਰਧਾਨਾਂ ਅਤੇ ਕਈ ਹੋਰ ਮੈਂਬਰਾਂ ਦੇ ਨਾਲ ਆਪ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਅਸੀਂ ਇਹਨਾਂ ਸਾਰਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕਰਦੇ ਹਾਂ । ਇਹਨਾਂ ਸਾਰਿਆਂ ਦਾ ਸਾਡੀ ਪਾਰਟੀ ਵਿੱਚ ਸ਼ਾਮਿਲ ਹੋਣ ਕਰਕੇ ਪਾਰਟੀ ਨੂੰ ਬਹੁਤ ਬਲ ਮਿਲਿਆ ਹੈ ਤੇ ਪਾਰਟੀ ਹੋਰ ਮਜਬੂਤ ਹੋਈ ਹੈ। ਪਾਰਟੀ ਦਾ ਕੁਨਵਾ ਵੱਡੇ ਲੈਵਲ ਤੇ ਵਧਿਆ ਹੈ। ਸ਼੍ਰੀ ਰਾਜਿੰਦਰ ਪਾਲ ਆਨੰਦ ਸਾਬਕਾ ਡੀਐਸਪੀ ,ਐਡਵੋਕੇਟ ਸੂਬਾ ਪ੍ਰਧਾਨ ਪੰਜਾਬ ਪੁਲਿਸ ਫੈਮਿਲੀ ਵੈਲਫੇਅਰ ਐਸੋਸੀਏਸ਼ਨ ਪੰਜਾਬ ਨੇ ਵੀ ਪ੍ਰੈਸ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਪੰਜਾਬੀਆਂ ਦੇ ਦਿਲਾਂ ਦੀ ਧੜਕਨ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਸਾਡੇ ਪੰਜਾਬ ਨੂੰ (ਰੰਗਲਾ ਪੰਜਾਬ) ਬਣਾਉਣ ਦਾ ਜੋ ਸੁਪਨਾ ਲਿਆ ਹੈ ਉਸ ਨੂੰ ਪੂਰਾ ਕਰਨ ਲਈ ,ਅਤੇ 13 ਦੀਆਂ 13 ਲੋਕ ਸਭਾ ਸੀਟਾਂ ਤੇ ਆਪ ਪਾਰਟੀ ਦੇ ਸਾਰੇ ਦੇ ਸਾਰੇ ਕੈਂਡੀਡੇਟਾਂ ਨੂੰ ਜਿਤਾਉਣ ਲਈ, ਉਹ ਅਤੇ ਉਨਾਂ ਦੀ ਟੀਮ ਅੱਡੀ ਚੋਟੀ ਦਾ ਜ਼ੋਰ ਲਾ ਦੇਣਗੇ ਅਤੇ ਸਰਦਾਰ ਭਗਵੰਤ ਸਿੰਘ ਮਾਨ ਅਤੇ ਉਹਨਾਂ ਦੀ ਟੀਮ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦਾ ਜੋ ਸੁਪਨਾ ਲਿਆ ਹੈ ਉਸ ਸੁਪਨੇ ਨੂੰ ਪੂਰਾ ਕਰਨ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ ਨੂੰ ਪੂਰਾ ਕਰਨ ਲਈ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ।

# ਰਾਜੀਵ ਗਾਂਧੀ ਨੂੰ 33ਵੀਂ ਬਰਸੀ ਮੌਕੇ ਸ਼ਰਧਾਂਜਲੀਆਂ

**ਨਵੀਂ ਦਿੱਲੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ 33ਵੀਂ ਬਰਸੀ ਮੌਕੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਅਤੇ ਪਾਰਟੀ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਮੰਗਲਵਾਰ ਸਵੇਰੇ ਦਿੱਲੀ ਦੀ ਵੀਰ ਭੂਮੀ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਕਾਂਗਰਸ ਨੇਤਾ ਪੀ ਚਿਦੰਬਰਮ ਅਤੇ ਸਚਿਨ ਪਾਇਲਟ ਨੇ ਵੀ ਕੌਮੀ ਰਾਜਧਾਨੀ ਵਿੱਖੇ ਸਾਬਕਾ ਪ੍ਰਧਾਨ ਮੰਤਰੀ ਨੂੰ ਸਰਧਾਂਜਲੀ ਦਿੱਤੀ।

ਜ਼ਿਕਰਯੋਗ ਹੈ ਰਾਜੀਵ ਗਾਂਧੀ ਨੇ ਆਪਣੀ ਮਾਤਾ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 1984 ਵਿੱਚ ਕਾਂਗਰਸ ਦੀ ਕਮਾਨ ਸੰਭਾਲੀ ਸੀ ਅਤੇ ਉਹ 40 ਸਾਲ ਦੀ ਉਮਰ ਵਿੱਚ ਭਾਰਤ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ। ਉਨ੍ਹਾਂ 2 ਦਸੰਬਰ, 1989 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ।

20 ਅਗਸਤ, 1944 ਨੂੰ ਜਨਮੇ ਰਾਜੀਵ ਗਾਂਧੀ ਦੀ ਤਾਮਿਲ ਈਲਮ (ਐਲਟੀਟੀਈ) ਦੇ ਇੱਕ ਲਿਬਰੇਸ਼ਨ ਟਾਈਗਰ ਦੁਆਰਾ 22 ਮਈ, 1991 ਨੂੰ ਤਾਮਿਲਨਾਡੂ ਦੇ ਸ਼੍ਰੀਪੇਰੰਬਦੂਰ ਵਿੱਚ ਇੱਕ ਚੋਣ ਰੈਲੀ ਦੌਰਾਨ ਆਤਮਘਾਤੀ ਹਮਲੇ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਐਕਸ 'ਤੇ ਪੋਸਟ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਸ਼ਰਧਾਂਜਾਲੀ ਦਿੱਤੀ।

# ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ (ਪੀਓਕੇ) ਭਾਰਤ ਦਾ ਹਿੱਸਾ ਹੈ ਅਤੇ ਹਮੇਸ਼ਾ ਰਹੇਗਾ

**ਬੋਕਾਰੋ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਕੀ ਅਜਿਹੇ ਨੇਤਾ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਣਾ ਚਾਹੀਦਾ, ਜਿਸ ਦੀ ਪ੍ਰਸ਼ੰਸਾ ਇਕ 'ਦੁਸ਼ਮਣ' ਕਰ ਰਿਹਾ ਹੋਵੇ। ਉਹ ਪਾਕਿਸਤਾਨ ਦੇ ਸਾਬਕਾ ਮੰਤਰੀ ਫਵਾਦ ਹੁਸੈਨ ਚੌਧਰੀ ਦੇ ਰਾਹੁਲ ਗਾਂਧੀ ਦੀ ਪ੍ਰਸ਼ੰਸਾ 'ਚ ਦਿੱਤੇ ਗਏ ਬਿਆਨ ਦਾ ਜ਼ਿਕਰ ਕਰ ਰਹੇ ਸਨ। ਝਾਰਖੰਡ ਦੇ ਬੋਕਾਰੋ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਰਾਜਨਾਥ ਨੇ ਕਿਹਾ ਕਿ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ (ਪੀਓਕੇ) ਭਾਰਤ ਦਾ ਹਿੱਸਾ ਹੈ ਅਤੇ ਹਮੇਸ਼ਾ ਰਹੇਗਾ।

ਉਨ੍ਹਾਂ ਕਿਹਾ,"ਪਾਕਿਸਤਾਨ ਦੇ ਸਾਬਕਾ ਮੰਤਰੀ ਫਵਾਦ ਹੁਸੈਨ ਨੇ ਕਿਹਾ ਹੈ ਕਿ ਪੁਲਵਾਮਾ ਅਤੇ ਉੜੀ ਹਮਲਿਆਂ 'ਚ ਪਾਕਿਸਤਾਨੀ ਅੱਤਵਾਦੀ ਸ਼ਾਮਲ ਸਨ। ਇਹੀ ਫਵਾਦ ਹੁਸੈਨ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ਼ ਨਹੀਂ ਕਰਦੇ ਸਗੋਂ ਰਾਹੁਲ ਗਾਂਧੀ ਦੀ ਪ੍ਰਸ਼ੰਸਾ ਕਰ ਰਹੇ ਹਨ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੇ ਨੇਤਾ ਦਾ ਸਨਮਾਨ ਹੋਣਾ ਚਾਹੀਦਾ, ਜਿਸ ਦੀ ਤਾਰੀਫ਼ ਦੁਸ਼ਮਣ ਕਰਨ। ਕੀ ਉਨ੍ਹਾਂ ਨੂੰ ਸਰਕਾਰ ਬਣਾਉਣ ਦੀ ਮਨਜ਼ੂਰੀ ਮਿਲਣੀ ਚਾਹੀਦੀ? ਉਹ ਦੇਸ਼ ਨੂੰ ਕਿਹੜੀ ਦਿਸ਼ਾ 'ਚ ਲਿਜਾਉਣਾ ਚਾਹੁੰਦੇ ਹਨ? ਮੈਂ ਤੁਹਾਨੂੰ ਦੇਸ਼ ਨੂੰ ਬਚਾਉਣ ਦੀ ਅਪੀਲ ਕਰਦਾ ਹਾਂ।" ਪਾਕਿਸਤਾਨ 'ਚ ਇਮਰਾਨ ਖਾਨ ਸਰਕਾਰ 'ਚ ਮੰਤਰੀ ਰਹੇ ਫਵਾਦ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਰਾਹੁਲ ਗਾਂਧੀ ਦਾ ਇਕ ਵੀਡੀਓ ਸਾਂਝਾ ਕਰਦੇ ਹੋਏ ਲਿਖਿਆ ਸੀ,"ਰਾਹੁਲ ਆਨ ਫਾਇਰ"। ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਭਾਜਪਾ 'ਤੇ ਸੰਵਿਧਾਨ ਬਦਲਣ ਦਾ ਦੋਸ਼ ਲਗਾ ਰਿਹਾ ਹੈ ਪਰ ਕਾਂਗਰਸ ਸਰਕਾਰ 'ਚ 90 ਵਾਰ ਚੁਣੀਆਂ ਹੋਈਆਂ ਸਰਕਾਰਾਂ ਨੂੰ ਸੁੱਟਿਆ ਗਿਆ ਸੀ। ਰਾਜਨਾਥ ਨੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ,"ਝਾਮੁਮੋ ਦੀ ਅਗਵਾਈ ਵਾਲੀ ਸਰਕਾਰ 'ਚ ਝਾਰਖੰਡ 'ਚ ਭ੍ਰਿਸ਼ਟਾਚਾਰ ਸਿਖਰ 'ਤੇ ਹੈ ਅਤੇ ਮੁੱਖ ਮੰਤਰੀ ਦੀ ਸੁਰੱਖਿਆ ਦੇ ਬਿਨਾਂ ਸੰਭਵ ਨਹੀਂ ਹੈ।" ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਰਾਜ 'ਚ ਸੱਤਾਧਾਰੀ ਗਠਜੋੜ ਨੂੰ ਬਾਹਰ ਦਾ ਰਸਤਾ ਦਿਖਾਓ।

# ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵੱਲੋਂ ਵੋਟ ਦੇ ਅਧਿਕਾਰ ਨੂੰ ਹਰ ਹਾਲਤ ਵਿੱਚ ਵਰਤਣ ਦੀ ਅਪੀਲ

**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਵੋਟਰਾਂ ਨੂੰ ਸੰਵਿਧਾਨ ਰਾਹੀਂ ਮਿਲੇ ਵੋਟ ਦੇ ਅਧਿਕਾਰ ਨੂੰ ਹਰ ਹਾਲਤ ਵਿੱਚ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਆਪਣੇ ਵੋਟ ਪਾਉਣ ਦੇ ਹੱਕ ਦੀ ਵਰਤੋਂ ਹਰ ਹਾਲ ਵਿੱਚ ਕਰਨੀ ਚਾਹੀਦੀ ਹੈ ਅਤੇ ਲੋਕਤੰਤਰ ਦੇ ਨਿਜ਼ਾਮ ਵਿੱਚ ਮਿਲੇ ਇਸ ਹੱਕ ਨੂੰ ਸੰਭਾਲ਼ ਕੇ ਰੱਖਣਾ ਚਾਹੀਦਾ ਹੈ।

ਅੱਜ ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਏ 'ਚੋਣ ਉਤਸਵ' ਨਾਮਕ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਸਿ ?ਰਕਤ ਕਰਦਿਆਂ ਸ੍ਰੀ ਪਰੇ ਨੇ ਕਿਹਾ ਕਿ ਯੂਨੀਵਰਸਿਟੀਆਂ ਵਿੱਚ ਸਮਾਜ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਤਬਕਾ ਰਹਿੰਦਾ ਹੈ। ਇਸ ਵਰਗ ਨੂੰ ਖ਼ੁਦ ਵੋਟ ਕਰਨ ਦੇ ਨਾਲ਼-ਨਾਲ਼ ਹੀ ਹੋਰਾਂ ਨੂੰ ਵੋਟ ਪਾਉਣ ਲਈ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜੀਬ ਗੱਲ ਹੈ ਕਿ ਆਮ ਤੌਰ ਉੱਤੇ ਘੱਟ ਪੜ੍ਹੇ ਲਿਖੇ ਅਤੇ ਗਰੀਬ ਲੋਕ ਵੋਟਾਂ ਵਿੱਚ ਵਧੇਰੇ ਸਰਗਰਮੀ ਨਾਲ਼ ਸਿ ?ਰਕਤ ਕਰਦਿਆਂ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਦੂਜੇ ਪਾਸੇ ਪੜ੍ਹੇ ਲਿਖੇ ਲੋਕ ਬਹੁਤੀ ਵਾਰ ਇਸ ਪੱਖੋਂ ਅਵੇਸਲੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ ਬਲਕਿ ਸਿੱਖਿਅਤ ਲੋਕਾਂ ਨੂੰ ਪੂਰੇ ਸਮਾਜ ਲਈ ਆਦਰਸ਼ ਬਣ ਕੇ ਵਿਚਰਨਾ ਚਾਹੀਦਾ ਹੈ। ਅਜਿਹਾ ਕਰ ਕੇ ਹੀ ਅਸੀਂ ਸਾਡੇ ਉਸ ਮਹਾਨ ਲੋਕਤੰਤਰ ਨੂੰ ਬਚਾ ਸਕਦੇ ਹਾਂ ਜਿਸ ਦੀ ਪ੍ਰਾਪਤੀ ਲਈ ਸਦੀਆਂਬੱਧੀ ਸੰਘਰਸ਼ ਕਰਨੇ ਪਏ ਹਨ।

ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਜੇ ਅਸੀਂ ਆਪਣੇ ਵੋਟ ਦੇ ਹੱਕ ਦੀ ਵਰਤੋਂ ਨਹੀਂ ਕਰਦੇ ਤਾਂ ਸਾਨੂੰ ਆਪਣੇ ਹੋਰ ਹੱਕਾਂ ਬਾਰੇ ਬੋਲਣ ਦਾ ਵੀ ਕੋਈ ਹੱਕ ਨਹੀਂ। ਉਨ੍ਹਾਂ ਯੂਨੀਵਰਸਿਟੀ ਪਰਿਵਾਰ ਨਾਲ਼ ਜੁੜੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਹਰ ਹਾਲਤ ਵਿੱਚ ਕਰਨ। ਉਨ੍ਹਾਂ ਇਸ ਗੱਲ ਉੱਤੇ ਅਫ਼ਸੋਸ ਜਤਾਇਆ ਕਿ ਪਿਛਲੀਆਂ ਚੋਣਾਂ ਦੌਰਾਨ ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਰਹਿੰਦੇ ਮੁਲਾਜ਼ਮਾਂ ਦੀ ਵੋਟ-ਭੁਗਤਾਨ ਦਰ ਬਾਕੀ ਸ਼ਹਿਰ ਨਾਲ਼ੋਂ ਘੱਟ ਰਹੀ ਹੈ, ਜੋ ਇਸ ਵਾਰ ਨਹੀਂ ਰਹਿਣੀ ਚਾਹੀਦੀ।

ਜਿਲ੍ਹਾ ਸਵੀਪ ਨੋਡਲ ਅਫ਼ਸਰ ਡਾ. ਸਵਿੰਦਰ ਸਿੰਘ ਰੇਖੀ ਨੇ ਇਸ ਮੌਕੇ ਆਪਣੇ ਸੰਬੋਧਨ ਦੌਰਾਨ ਚੋਣਾਂ ਨਾਲ਼ ਜੁੜੀਆਂ ਐਪਸ ਅਤੇ ਵੈੱਬਸਾਈਟ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵੱਖ-ਵੱਖ ਐਪਸ ਦੀ ਵਰਤੋਂ ਕਰਨ ਦੇ ਢੰਗਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸ ਤਰ੍ਹਾਂ ਆਮ ਲੋਕ ਘਰ ਬੈਠੇ ਹੀ ਚੋਣ-ਪ੍ਰਕਿਰਿਆ ਨਾਲ਼ ਜੁੜੀਆਂ ਵੱਖ-ਵੱਖ ਸਹੂਲਤਾਂ ਦਾ ਲਾਭ ਉਠਾ ਸਕਦੇ ਹਨ।

ਸਵੀਪ ਨੋਡਲ ਅਫ਼ਸਰ ਪ੍ਰੋ. ਮੁਹੰਮਦ ਇਦਰੀਸ ਵੱਲੋਂ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਵੋਟ ਦੇ ਅਧਿਕਾਰ ਦੇ ਇਤਿਹਾਸਕ ਪੱਖ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਸੰਸਾਰ ਭਰ ਵਿੱਚ ਆਮ ਲੋਕਾਂ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਲਈ ਲੰਬੇ ਸੰਘਰਸ਼ ਲੜਨੇ ਪਏ ਹਨ। ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਅੰਗਰੇਜ਼ਾ ਦੇ ਰਾਜ ਸਮੇਂ ਸੀਮਿਤ ਲੋਕਾਂ ਨੂੰ ਵੋਟਾਂ ਦਾ ਅਧਿਕਾਰ ਦਿੱਤਾ ਗਿਆ ਸੀ ਪਰ ਅਜ਼ਾਦੀ ਉਪਰੰਤ ਜਦੋਂ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਹੋਇਆ ਤਾਂ ਆਮ ਲੋਕਾਂ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ।

ਪ੍ਰੋਗਰਾਮ ਦੌਰਾਨ ਸਕੂਲ ਆਫ਼ ਬਲਾਈਂਡ ਐਂਡ ਡੈੱਫ, ਸੈਫ਼ਦੀਪੁਰ ਦੇ ਵਿਸ਼ੇਸ਼ ਸਮਰਥਾ ਵਾਲ਼ੇ ਵਿਦਿਆਰਥੀਆਂ ਵੱਲੋਂ ਵੋਟਾਂ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਗਾਣ ਪੇਸ਼ ਕੀਤਾ ਗਿਆ।

# ਕਿਸਾਨ ਮਹਾਪੰਚਾਇਤ 'ਚ ਮੋਦੀ ਦੀ ਪੰਜਾਬ ਫੇਰੀ ਦਾ ਜ਼ੋਰਦਾਰ ਵਿਰੋਧ ਕਰਨ ਦਾ ਐਲਾਨ




**ਜਗਰਾਉਂ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਤੋਂ ਦੋ ਦਿਨ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਨੇ ਜਗਰਾਉਂ 'ਚ ਕਿਸਾਨ ਮਹਾਪੰਚਾਇਤ ਕਰਕੇ ਉਨ੍ਹਾਂ ਦੇ ਵਿਰੋਧ ਦਾ ਐਲਾਨ ਕਰ ਦਿੱਤਾ। ਵੱਡੀ ਗਿਣਤੀ 'ਚ ਪਹੁੰਚੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਨਹੀਂ ਹੋ ਸਕਦਾ। ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਭਾਜਪਾ ਨੂੰ ਟੱਕਰ ਦੇਣ ਦੇ ਪੂਰੀ ਤਰ੍ਹਾਂ ਸਮਰੱਥ ਹੈ। 23 ਮਈ ਨੂੰ ਪਟਿਆਲਾ ਆ ਰਹੇ ਪ੍ਰਧਾਨ ਮੰਤਰੀ ਦੇ ਸ਼ਾਂਤਮਈ ਢੰਗ ਨਾਲ ਡਟਵੇਂ ਵਿਰੋਧ ਦਾ ਐਲਾਨ ਕਰਦੇ ਹੋਏ ਪੰਜਾਬ ਭਰ ਤੋਂ ਕਿਸਾਨਾਂ ਨੂੰ ਕਾਲੀਆਂ ਝੰਡੀਆਂ ਲੈ ਕੇ ਪਟਿਆਲੇ ਪਹੁੰਚਣ ਦਾ ਵਾਅਦਾ ਲਿਆ ਗਿਆ। ਚੋਣਾਂ ਤੋਂ ਬਾਅਦ ਕੋਈ ਵੀ ਸਰਕਾਰ ਬਣੇ ਕਿਸਾਨੀ ਤੇ ਮਜ਼ਦੂਰ ਮੰਗਾਂ ਲਈ ਘੋਲ ਜਾਰੀ ਰੱਖਣ ਦਾ ਵੀ ਅਹਿਦ ਲਿਆ ਗਿਆ। ਜਗਰਾਉਂ ਦੀ ਨਵੀਂ ਦਾਣਾ ਮੰਡੀ 'ਚ ਮਹਾਪੰਚਾਇਤ ਜਦੋਂ ਸਮਾਪਤੀ ਵੱਲ ਵਧ ਰਹੀ ਸੀ ਤਾਂ ਵੀ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚੋਂ ਕਿਸਾਨਾਂ ਦਾ ਆਉਣਾ ਜਾਰੀ ਰਿਹਾ। ਵੱਡੀ ਗਿਣਤੀ 'ਚ ਕਿਸਾਨਾਂ ਦੇ ਆਉਣ ਕਰਕੇ ਸ਼ਹਿਰ 'ਚ ਕਈ ਥਾਈਂ ਅਤੇ ਕਾਫੀ ਦੇਰ ਤੱਕ ਜਾਮ ਲੱਗਿਆ ਰਿਹਾ। ਕਿਸਾਨ ਸੰਘਰਸ਼ ਦੇ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦੇਣ ਨਾਲ ਮਹਾਪੰਚਾਇਤ ਸ਼ੁਰੂ ਹੋਈ।

# ਅਦਾਲਤ ਵੱਲੋਂ ਜਿਨਸੀ ਸ਼ੋਸ਼ਣ ਮਾਮਲੇ 'ਚ ਬ੍ਰਿਜ ਭੂਸ਼ਨ ਸਿੰਘ ਖ਼ਿਲਾਫ਼ ਦੋਸ਼ ਆਇਦ



**ਨਵੀਂ ਦਿੱਲੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਮਾਮਲੇ 'ਚ ਇਥੋਂ ਦੀ ਅਦਾਲਤ ਨੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਨ ਸਿੰਘ ਵਿਰੁੱਧ ਦੋਸ਼ ਆਇਦ ਕੀਤੇ ਹਨ। ਦੂਜੇ ਪਾਸੇ ਬ੍ਰਿਜ ਭੂਸ਼ਨ ਨੇ ਮਹਿਲਾ ਭਲਵਾਨਾਂ ਵੱਲੋਂ ਲਗਾਏ ਦੋਸ਼ਾਂ ਨੂੰ ਗਲਤ ਕਰਾਰ ਦਿੱਤਾ। ਅਦਾਲਤ ਨੇ ਮੁਲਜ਼ਮ ਖ਼ਿਲਾਫ਼ ਔਰਤਾਂ ਦੇ ਜਿਨਸੀ ਸ਼ੋਸ਼ਣ, ਧਮਕਾਉਣ ਤੇ ਮਰਿਆਦਾ ਭੰਗ ਕਰਨ ਦੇ ਦੋਸ਼ ਤੈਅ ਕੀਤੇ ਹਨ। ਬ੍ਰਿਜ ਭੂਸ਼ਨ ਨੇ ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ (ਏਸੀਐੱਮਐੱਮ) ਪ੍ਰਿਯੰਕਾ ਰਾਜਪੂਤ ਦੇ ਸਾਹਮਣੇ ਦੋਸ਼ਾਂ ਤੋਂ ਇਨਕਾਰ ਕੀਤਾ। ਅਦਾਲਤ ਨੇ ਇਸ ਮਾਮਲੇ ਵਿੱਚ ਸਹਿ-ਮੁਲਜ਼ਮ ਅਤੇ ਸੰਘ ਦੇ ਸਾਬਕਾ ਸਹਾਇਕ ਸਕੱਤਰ ਵਿਨੋਦ ਤੋਮਰ ਵਿਰੁੱਧ ਅਪਰਾਧਿਕ ਧਮਕੀ ਦੇਣ ਦਾ ਦੋਸ਼ ਵੀ ਤੈਅ ਕੀਤਾ ਹੈ। ਉੱਤਰ ਪ੍ਰਦੇਸ਼ ਦੇ ਕੈਸਰਗੰਜ ਤੋਂ ਭਾਜਪਾ ਦੇ ਮੌਜੂਦਾ ਸੰਸਦ ਸਿੰਘ ਨੂੰ ਉਨ੍ਹਾਂ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਾਅਦ ਪਾਰਟੀ ਨੇ ਲੋਕ ਸਭਾ ਚੋਣ ਲੜਨ ਲਈ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਪਾਰਟੀ ਨੇ ਇਸ ਸੀਟ ਲਈ ਉਸ ਦੇ ਪੁੱਤਰ ਕਰਨ ਭੂਸ਼ਨ ਸਿੰਘ ਨੂੰ ਉਮੀਦਵਾਰ ਬਣਾਇਆ ਹੈ।

# ਪਸ਼ੂ ਪਾਲਣ ਵਿਭਾਗ ਵੱਲੋਂ ਗਰਮੀਆਂ ਦੌਰਾਨ ਪਸ਼ੂਆਂ ਦੀ ਸਾਂਭ ਸੰਭਾਲ ਸਬੰਧੀ ਐਡਵਾਈਜ਼ਰੀ ਜਾਰੀ

**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਗੁਰਚਰਨ ਸਿੰਘ ਨੇ ਦੱਸਿਆ ਕਿ ਗਰਮੀਆਂ ਦੇ ਮੌਸਮ ਦੌਰਾਨ ਤਾਪਮਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਤਾਪਮਾਨ ਦੇ ਵਾਧੇ ਅਤੇ ਇਸ ਕਾਰਨ ਖੁਰਾਕ ਦੀ ਕਮੀ ਕਰਕੇ ਪਸ਼ੂਆਂ ਦਾ ਸਰੀਰ ਦਬਾਅ ਹੇਠ ਆ ਸਕਦਾ ਹੈ। ਇਸ ਦੇ ਨਤੀਜੇ ਵਜੋਂ ਪਸ਼ੂਆਂ ਦੀ ਸਿਹਤ ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਪਸ਼ੂਆਂ ਦੀ ਸਾਂਭ ਸੰਭਾਲ ਅਤੇ ਪ੍ਰਬੰਧਨ ਤੇ ਖਾਸ ਧਿਆਨ ਦੇਣ ਦੀ ਲੋੜ ਹੈ। ਉਨ੍ਹਾ ਦੱਸਿਆ ਕਿ ਪਸ਼ੂਆਂ ਨੂੰ ਹਰ ਵੇਲੇ ਛਾਂ ਵਿਚ ਰਖਣ ਦਾ ਯਤਨ ਕੀਤਾ ਜਾਵੇ। ਪਸ਼ੂਆਂ ਨੂੰ ਹਰ ਵੇਲੇ ਪੀਣ ਵਾਲਾ ਠੰਡਾ ਪਾਣੀ ਉਪਲਬੱਧ ਹੋਣਾ ਚਾਹੀਦਾ ਹੈ। ਹਰ ਦੋ ਘੰਟਿਆਂ ਬਾਅਦ ਮੋਟਰ ਚਲਾ ਕੇ ਪਾਣੀ ਦੀ ਖੇਲ ਵਿੱਚ ਤਾਜਾ ਪਾਣੀ ਭਰਦੇ ਰਹੋ। ਜਿਹੜੇ ਪਸ਼ੂ ਕਿੱਲੇ ਨਾਲ ਬੰਨ੍ਹੇ ਰਹਿੰਦੇ ਹਨ, ਉਨ੍ਹਾਂ ਨੂੰ ਪਾਣੀ ਪਿਲਾਉਣ ਲਈ ਕਈ ਵਾਰ ਖੇਲ ਤੱਕ ਲੈ ਕੇ ਜਾਇਆ ਜਾਵੇ। ਪਸ਼ੂਆਂ ਨੂੰ ਚਾਰਾ/ਖ਼ੁਰਾਕ ਖਾਣ ਤੋਂ ਬਾਅਦ ਅਤੇ ਧਾਰ ਕੱਢਣ ਤੋਂ ਬਾਅਦ ਪਾਣੀ ਦੀ ਵਧੇਰੇ ਲੋੜ ਮਹਿਸੂਸ ਹੁੰਦੀ ਹੈ। ਇਸ ਲਈ ਇਨ੍ਹਾਂ ਦੋਨਾਂ ਮੌਕਿਆਂ ਵੇਲੇ ਪਸ਼ੂਆਂ ਨੂੰ ਪਾਣੀ ਦੀ ਖੇਲ ਕੋਲ ਕੁਝ ਸਮੇਂ ਲਈ ਖੁੱਲ੍ਹਾ ਜ਼ਰੂਰ ਛੱਡੋ ਤਾਂ ਕਿ ਇਹ ਰੱਜ ਕੇ ਪਾਣੀ ਪੀ ਸਕਣ । ਪਸ਼ੂ ਨੂੰ ਸਵੇਰੇ ਜਲਦੀ ਅਤੇ ਸ਼ਾਮ ਨੂੰ ਲੇਟ ਠੰਡੇ ਵੇਲੇ ਖ਼ੁਰਾਕ ਦਿਓ। ਦਿਨ ਵੇਲੇ ਗਰਮੀ ਦੇ ਪ੍ਰਭਾਵ ਕਾਰਨ ਪਸ਼ੂਆਂ ਦੀ ਖ਼ੁਰਾਕ ਘੱਟ ਜਾਂਦੀ ਹੈ। ਇਸ ਦੇ ਵਿਕਲਪ ਵਜੋਂ ਰਾਤ ਨੂੰ ਸੈਂਡ ਵਿੱਚ ਮੱਧਮ ਰੋਸ਼ਨੀ ਰੱਖ ਕੇ ਖੁਰਲੀਆਂ ਨੂੰ ਚਾਰੇ ਅਤੇ ਖ਼ੁਰਾਕ ਨਾਲ ਭਰ ਕੇ ਰੱਖਿਆ ਜਾ ਸਕਦਾ ਹੈ ਤਾਂ ਕਿ ਪਸ਼ੂ ਰਾਤ ਨੂੰ ਵੱਧ ਖ਼ੁਰਾਕ ਖਾ ਸਕਣ। ਖ਼ੁਰਾਕ ਵਿੱਚ ਪ੍ਰੋਟੀਨ ਅਤੇ ਊਰਜਾ ਦੀ ਮਾਤਰਾ ਵਧਾਉਣ ਲਈ ਸਰ੍ਹੋਂ ਦੀ ਖਲ, ਵੜੇਵੇਂ, ਫੁੱਲ ਫੈਟ ਸੋਇਆ ਅਤੇ ਬਾਈਪਾਸ ਫੈਟ ਦੀ ਮਾਤਰਾ ਵਧਾਉਣੀ ਚਾਹੀਦੀ ਹੈ। ਗਰਮੀ ਦਾ ਪ੍ਰਭਾਵ ਘਟਾਉਣ ਲਈ ਫੀਡ ਵਿੱਚ 10 ਗ੍ਰਾਮ ਆਮਲਾ ਪਾਊਡਰ ਪ੍ਰਤੀ ਪਸ਼ੂ ਪ੍ਰਤੀ ਦਿਨ ਅਤੇ ਵਿਟਾਮਿਨ ਏ ਅਤੇ ਵਿਟਾਮਿਨ ਡੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਦੁੱਧ ਦੀ ਪੈਦਾਵਾਰ , ਫੈਟ ਅਤੇ ਗ੍ਰੇਵਿਟੀ ਵਿੱਚ ਕਮੀ ਨੂੰ ਰੋਕਣ ਲਈ 100 ਗ੍ਰਾਮ ਯੀਸਟ ਪ੍ਰਤੀ ਕੁਇੰਟਲ ਪਸ਼ੂ ਖ਼ੁਰਾਕ ਵਿੱਚ ਸ਼ਾਮਲ ਕੀਤੀ ਜਾ ਸਕਦੀ ਹੈ। ਸ਼ੈੱਡ ਵਿੱਚ ਫੁਹਾਰੇ/ਫੌਗਰ ਚਲਾਉਣ ਦਾ ਸਮਾਂ ਦੁਪਹਿਰੇ 12.00 ਤੋਂ 04.00 ਵਜੇ ਤੱਕ ਰੱਖਣਾ ਚਾਹੀਦਾ ਹੈ । ਜਿਸ ਵੇਲੇ ਗਰਮੀ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ। ਸ਼ੈੱਡ ਦੇ ਅੰਦਰ ਅਤੇ ਆਸਪਾਸ ਮੱਖੀਆਂ, ਮੱਛਰਾਂ ਅਤੇ ਚਿੱਚੜਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ । ਇਸ ਲਈ ਫਾਰਮ ਵਿੱਚ ਸਫ਼ਾਈ ਰੱਖੋ ਅਤੇ ਮਾਹਿਰਾਂ ਦੀ ਸਲਾਹ ਨਾਲ ਚਿਚੜਾਂ ਦੀ ਦਵਾਈ 3 ਐਮ.ਐਲ ਪ੍ਰਤੀ ਲੀਟਰ ਦੀ ਵਰਤੋਂ ਹਰ ਹਫ਼ਤੇ ਕੀਤੀ ਜਾਣੀ ਚਾਹੀਦੀ ਹੈ ।

ਵੈਕਸੀਨੇਸ਼ਨ :- ਗਲ ਘੋਟੂ ਬਿਮਾਰੀ ਗਾਵਾਂ ਅਤੇ ਮੱਝਾਂ ਵਿੱਚ ਛੂਤ ਦਾ ਇੱਕ ਬਹੁਤ ਖਤਰਨਾਕ ਰੋਗ ਹੈ। ਗਲ ਤੇ ਸੋਜ਼ ਆਉਣ ਕਰਕੇ ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ, ਮੂੰਹ ਖੋਲ੍ਹ ਕੇ ਸਾਹ ਲੈਣਾ, ਸਾਹ ਲੈਣ ਸਮੇਂ ਘਰੜ-ਘਰੜ ਦੀ ਆਵਾਜ਼ ਆਉਂਦੀ ਹੈ। ਪਸ਼ੂ ਵਿਚ ਤੇਜ਼ ਬੁਖ਼ਾਰ ਦੇ ਨਾਲ ਮੌਤ ਹੋਣ ਦਾ ਖ਼ਦਸ਼ਾ ਰਹਿੰਦਾ ਹੈ। ਪਸ਼ੂ ਪਾਲਣ ਵਿਭਾਗ ਵੱਲੋਂ ਲਗਭਗ 3,50,000 ਪਸ਼ੂਆਂ ਨੂੰ ਗਲ-ਘੋਟੂ ਬਿਮਾਰੀ ਦਾ ਟੀਕਾਕਰਨ ਕੀਤਾ ਜਾ ਚੁੱਕਾ ਹੈ। ਗਲ ਘੋਟੂ ਦੇ ਬਚਾਅ ਦਾ ਟੀਕਾਕਰਨ ਕਰਵਾਉਣ ਲਈ ਆਪਣੀ ਨਜ਼ਦੀਕੀ ਪਸ਼ੂ ਸੰਸਥਾ ਨਾਲ ਸੰਪਰਕ ਕਰੋ। ਮੂੰਹ-ਖੁਰ ਬਹੁਤ ਹੀ ਨਾਮੁਰਾਦ ਬਿਮਾਰੀ ਹੈ, ਜੋ ਇੱਕ ਪਸ਼ੂ ਤੋਂ ਦੂਜੇ ਪਸ਼ੂ ਤੱਕ ਫੈਲਦੀ ਹੈ। ਪਸ਼ੂ ਪਾਲਣ ਵਿਭਾਗ ਵੱਲੋਂ ਸਾਰੇ ਪੰਜਾਬ ਵਿੱਚ ਮੂੰਹ-ਖੁਰ ਦੀ ਬਿਮਾਰੀ ਦੀ ਰੋਕਥਾਮ ਲਈ ਮੁਫ਼ਤ ਟੀਕਾਕਰਨ ਮੁਹਿੰਮ ਦੇ ਤੌਰ ਤੇ ਮੁਕੰਮਲ ਕੀਤਾ ਜਾ ਰਿਹਾ ਹੈ । ਇਹ ਟੀਕੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਘਰ-ਘਰ ਜਾ ਕੇ ਹਰੇਕ ਪਸ਼ੂ ਨੂੰ ਲਗਾਏ ਜਾ ਰਹੇ ਹਨ। ਟੀਕਾ ਲਗਵਾਉਣ ਲਈ ਆਪਣੇ ਨਜ਼ਦੀਕੀ ਪਸ਼ੂ ਸੰਸਥਾ ਦੇ ਸਟਾਫ਼ ਨਾਲ ਤੁਰੰਤ ਸੰਪਰਕ ਕਰੋ।

# ਪੰਜਾਬ ਪੁਲੀਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਛੁੱਟੀਆਂ 2 ਜੂਨ ਤੱਕ ਬੰਦ



**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਨੇ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਛੁੱਟੀਆਂ 2 ਜੂਨ ਤੱਕ ਬੰਦ ਕਰ ਦਿੱਤੀਆਂ ਗਈਆਂ ਹਨ। ਇਹ ਫੈਸਲਾ ਰਾਜ ਵਿਚ ਪਹਿਲੀ ਜੂਨ ਨੂੰ ਪੈ ਰਹੀਆਂ ਵੋਟਾਂ ਕਾਰਨ ਕੀਤਾ ਗਿਆ ਹੈ।

ਉਚ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿੱਚ ਅਮਨ ਕਾਨੂੰਨ ਸਥਿਤੀ ਕਾਇਮ ਰੱਖਣ ਲਈ ਹੁਕਮ ਜਾਰੀ ਕੀਤਾ ਹੈ।

ਇਸ ਵਿੱਚ ਕਿਹਾ ਗਿਆ ਹੈ ਵਿਸ਼ੇਸ਼ ਸਥਿਤੀ 'ਚ ਹੀ ਅਧਿਕਾਰ ਜਾ ਮੁਲਾਜ਼ਮ ਦੀ ਛੁੱਟੀ ਪ੍ਰਵਾਨ ਕੀਤੀ ਜਾਵੇਗੀ।

# ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਨੂੰ ਕੋਰਟ ਨੇ ਮੁੜ ਭੇਜਿਆ ਸੰਮਨ

**ਰਾਂਚੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਨੂੰ ਉਸ ਸਮੇਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਖ਼ਿਲਾਫ਼ ਇਤਰਾਜ਼ਯੋਗ ਟਿੱਪਮੀ ਦੇ ਮਾਮਲੇ 'ਚ ਅਦਾਲਤ 'ਚ ਪੇਸ਼ ਹੋਣਾ ਹੋਵੇਗਾ। ਇਸ ਨੂੰ ਲੈ ਕੇ ਰਾਂਚੀ ਦੇ ਐੱਮਪੀ/ਐੱਮਐੱਲਏ ਕੋਰਟ ਨੇ ਮੰਗਲਵਾਰ ਨੂੰ ਸੰਮਨ ਜਾਰੀ ਕੀਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 4 ਜੂਨ ਤੋਂ ਬਾਅਦ ਕੀਤੀ ਜਾਵੇਗੀ। ਸ਼ਿਕਾਇਤਕਰਤਾ ਨਵੀਨ ਝਾਅ ਦੇ ਵਕੀਲ ਵਿਨੋਦ ਕੁਮਾਰ ਸਾਹੂ ਅਤੇ ਅਮਰਦੀਪ ਸਾਹੂ ਨੇ ਪੈਰਵੀ ਕੀਤੀ। ਦੱਸਣਯੋਗ ਹੈ ਕਿ ਰਾਹੁਲ ਗਾਂਧੀ ਵਲੋਂ ਪਹਿਲਾਂ ਵੀ ਐੱਮਪੀ/ਐੱਮਐੱਲਏ ਕੋਰਟ ਵਲੋਂ ਸੰਮਨ ਜਾਰੀ ਕੀਤਾ ਗਿਆ ਸੀ।

ਇਸ ਮਾਮਲੇ ਨੂੰ ਰਾਹੁਲ ਗਾਂਧੀ ਦੇ ਵਕੀਲ ਨੇ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਇਸ ਤੋਂ ਬਾਅਦ ਹਾਈ ਕੋਰਟ ਨੇ ਰਾਹੁਲ ਗਾਂਧੀ ਨੂੰ ਰਾਹਤ ਦਿੰਦੇ ਹੋਏ ਇਸ ਨੂੰ ਖਾਰਜ ਕਰ ਦਿੱਤਾ ਸੀ। ਇਸ ਤੋਂ ਬਾਅਦ ਅੱਜ ਫਿਰ ਐੱਮਪੀ/ਐੱਮਐੱਲਏ ਕੋਰਟ 'ਚ ਰਾਹੁਲ ਗਾਂਧੀ ਨੂੰ ਸੰਮਨ ਜਾਰੀ ਕੀਤਾ ਹੈ। ਦੱਸਣਯੋਗ ਹੈ ਕਿ ਰਾਹੁਲ ਗਾਂਧੀ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ ਭਾਜਪਾ 'ਚ ਇਕ ਕਾਤਲ ਪ੍ਰਧਾਨ ਬਣ ਸਕਦਾ ਹੈ ਪਰ ਕਾਂਗਰਸ 'ਚ ਅਜਿਹਾ ਨਹੀਂ ਹੋ ਸਕਦਾ। ਇਸ ਤੋਂ ਦੁਖੀ ਹੋ ਕੇ ਭਾਜਪਾ ਵਰਕਰ ਨਵੀਨ ਝਾਅ ਨੇ ਸਾਲ 2018 'ਚ ਸ਼ਿਕਾਇਤ ਦਰਜ ਕਰਵਾਈ ਸੀ।

# ਭਾਜਪਾ ਨੂੰ ਲੱਗਿਆ ਝਟਕਾ ! ਸਾਬਕਾ ਵਿਧਾਇਕ ਨੰਨੂੰ ਨੇ ਫੜਿਆ ਆਮ ਆਦਮੀ ਪਾਰਟੀ ਦਾ ਪੱਲਾ

**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਨੂੰ ਇਕ ਹੋਰ ਝਟਕਾ ਦਿੰਦਿਆਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦਾ ਪਾਰਟੀ ਵਿਚ ਸਵਾਗਤ ਕੀਤਾ। ਇਸ ਨਾਲ ਆਮ ਆਦਮੀ ਪਾਰਟੀ ਨੂੰ ਫਿਰੋਜ਼ਪੁਰ ਹਲਕੇ 'ਚ ਕਾਫ਼ੀ ਫ਼ਾਇਦਾ ਮਿਲਣ ਦੀ ਉਮੀਦ ਹੈ। ਸੁਖਪਾਲ ਸਿੰਘ ਨੰਨੂ ਫ਼ਿਰੋਜ਼ਪੁਰ ਤੋਂ 2 ਵਾਰ ਵਿਧਾਇਕ ਰਹਿ ਚੁੱਕੇ ਹਨ। ਬਾਦਲ ਸਰਕਾਰ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਮਾਲ ਵਿਭਾਗ ਦਾ ਪਾਰਲੀਮਾਨੀ ਸਕੱਤਰ ਵੀ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਉਹ ਭਾਜਪਾ ਕਿਸਾਨ ਮੋਰਚਾ ਸੈੱਲ ਦੇ ਸੂਬਾ ਪ੍ਰਧਾਨ ਵੀ ਰਹਿ ਚੁੱਕੇ ਹਨ। ਸੁਖਪਾਲ ਸਿੰਘ ਨੰਨੂ ਦੇ ਪਿਤਾ ਮਰਹੂਮ ਗਿਰਧਾਰਾ ਸਿੰਘ ਇਸ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਕਿਸਾਨ ਅੰਦੋਲਨ ਦੌਰਾਨ ਉਨ੍ਹਾਂ ਨੇ ਭਾਜਪਾ ਵਿਚ ਹੋਣ ਦੇ ਬਾਵਜੂਦ ਸਰਕਾਰ ਖ਼ਿਲਾਫ਼ ਅਵਾਜ਼ ਚੁੱਕੀ ਸੀ। ਉਨ੍ਹਾਂ ਨੇ ਭਾਜਪਾ ਹਾਈਕਮਾਨ ਨੂੰ ਲਿਖੇ ਪੱਤਰ ਵਿੱਚ ਸੁਖਪਾਲ ਸਿੰਘ ਨੰਨੂ ਨੇ ਖੇਤੀ ਕਾਨੂੰਨ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਸੀ।

ਕਾਨੂੰਨ ਰੱਦ ਨਾ ਹੋਣ ਅਤੇ ਕਿਸਾਨਾਂ ਦੀਆਂ ਮੌਤਾਂ ਦੇ ਰੋਸ ਵਜੋਂ ਉਨ੍ਹਾਂ ਨੇ ਭਾਜਪਾ ਛੱਡਣ ਦਾ ਐਲਾਨ ਕਰ ਦਿੱਤਾ ਸੀ ਤੇ ਕੋਠੀ ਉੱਪਰ ਲੱਗਾ ਭਾਜਪਾ ਦਾ ਝੰਡਾ ਲਾਹ ਦਿੱਤਾ ਸੀ।

# ਲੋਕ ਸਭਾ ਚੋਣਾ ਚੋ ਆਮ ਲੋਕਾਂ ਦੇ ਮੁੱਦੇ ਹੋਏ ਗਾਇਬ, ਆਟਾ ਦਾਲ ਸਕੀਮ ਤੱਕ ਸਿਮਟ ਕੇ ਰਹਿ ਗਈਆਂ ਰਾਜਨੀਤਕ ਪਾਰਟੀਆਂ

**ਪਾਤੜਾਂ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸ਼ੁਤਰਾਣਾ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਹਰ ਵਾਰ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਵੋਟਾਂ ਪਾ ਕੇ ਆਪਣੇ ਉਮੀਦਵਾਰਾਂ ਨੂੰ ਜਿਤਾ ਕੇ ਭੇਜਦੇ ਹਨ ਪਰ ਉਨ੍ਹਾਂ ਦੇ ਮਸਲੇ ਹੱਲ ਹੋਣ ਦੀ ਬਜਾਏ ਜਿਉਂ ਦੇ ਤਿਉਂ ਬਣੇ ਹੋਏ ਹਨ। ਲੋਕ ਸਭਾ ਹਲਕਾ ਪਟਿਆਲਾ ਅਧੀਨ ਆਉਂਦਾ ਵਿਧਾਨ ਸਭਾ ਹਲਕਾ ਸੁਤਰਾਣਾ ਦੀ ਹੱਦ ਗੁਆਂਢੀ ਸੂਬੇ ਹਰਿਆਣਾ ਨਾਲ ਲੱਗਦੀ ਹੈ। ਇਸ ਵਿਧਾਨ ਸਭਾ ਹਲਕੇ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਚਲੀਆਂ ਆ ਰਹੀਆਂ ਕਈ ਮੰਗਾਂ ਅੱਜ ਵੀ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਇਸ ਹਲਕੇ ਅੰਦਰ ਬੇਰੁਜ਼ਗਾਰੀ ਇਕ ਵੱਡੀ ਸਮੱਸਿਆ ਹੈ - ਕਿਉਂਕਿ ਇਸ ਹਲਕੇ ਅੰਦਰ ਕੋਈ ਵੀ ਵੱਡੀ ਸਰਕਾਰੀ ਇੰਡਸਟਰੀ ਜਾਂ ਕੋਈ ਵੱਡਾ ਪਲਾਂਟ ਨਹੀਂ ਲੱਗ ਸਕਿਆ ਜਿਸ ਨਾਲ ਇਸ ਇਲਾਕੇ ਦੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲ ਸਕਦਾ। ਇਲਾਕੇ ਦੇ ਉਘੇ ਸਮਾਜ ਸੇਵੀ ਬਿ ?ਸ਼ ਭਾਨ ਬੁਜਰਕ ਨੇ ਕਿਹਾ ਕਿ ਇਸ ਇਲਾਕੇ ਚ ਸਰਕਾਰੀ ਖੰਡ ਮਿੱਲ ਦੀ ਉਸਾਰੀ ਕੀਤੀ ਗਈ ਸੀ, ਪਰ ਬਾਅਦ ਵਿਚ ਉਸ ਨੂੰ ਪ੍ਰਾਈਵੇਟ ਕਰਨ ਉਪਰੰਤ ਉਹ ਵੀ ਬੰਦ ਹੋ ਗਈ। ਹਲਕੇ ਅੰਦਰ ਸਿਹਤ ਸਹੂਲਤਾਂ ਨੂੰ ਲੈ ਕੇ ਵੀ ਵੱਡੀ ਘਾਟ ਰੜਕਦੀ ਰਹੀ ਹੈ, ਕਿਉਂਕਿ ਇਸ ਇਲਾਕੇ ਅੰਦਰ ਨਾ ਕੋਈ ਵੱਡਾ ਸਰਕਾਰੀ ਹਸਪਤਾਲ ਅਤੇ ਨਾ ਹੀ ਕੋਈ ਵੱਡਾ ਪ੍ਰਾਈਵੇਟ ਹਸਪਤਾਲ ਹੈ ਜਿੱਥੇ ਲੋਕਾਂ ਦਾ ਵੱਖ-ਵੱਖ ਬਿਮਾਰੀਆਂ ਜਾਂ ਐਮਰਜੈਂਸੀ ਵੇਲੇ ਇਲਾਜ ਹੋ ਸਕੇ। ਭਾਵੇਂ ਸਰਕਾਰ ਵਲੋਂ ਪਾਤੜਾਂ ਵਿਖੇ ਸਰਕਾਰੀ ਹਸਪਤਾਲ ਬਣਾਇਆ ਗਿਆ ਹੈ, ਪਰ ਉੱਥੇ ਆਧੁਨਿਕ ਮਸ਼ੀਨਰੀ ਅਤੇ ਡਾਕਟਰਾਂ ਦੀ ਵੱਡੀ ਘਾਟ ਕਾਰਨ ਕਿਸੇ ਵੀ ਐਮਰਜੈਂਸੀ ਹਾਲਾਤਾਂ ਵੇਲੇ ਮਰੀਜ਼ ਨੂੰ ਪਟਿਆਲਾ ਜਾਂ ਹੋਰ ਸ਼ਹਿਰਾਂ ਵਿਚ ਰੈਫ਼ਰ ਕੀਤਾ ਜਾਂਦਾ ਹੈ, ਜਿਸ ਦੌਰਾਨ ਵੇਖਣ ਵਿਚ ਆਇਆ ਹੈ ਕਿ ਐਮਰਜੈਂਸੀ ਹਾਲਾਤਾਂ ਵਿਚ ਕਾਫੀ ਗਿਣਤੀ ਵਿਚ ਮਰੀਜ਼ਾਂ ਦੀ ਰਸਤੇ ਵਿਚ ਹੀ ਮੌਤ ਹੁੰਦੀ ਰਹੀ ਹੈ। ਕਿਸੇ ਵੀ ਸਰਕਾਰ ਨੇ ਇਸ ਇਲਾਕੇ ਦੀ ਸਿਹਤ ਸਹੂਲਤਾਂ ਨੂੰ ਲੈ ਕੇ ਸਮੱਸਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਕਾਰਨ ਇਸ ਇਲਾਕੇ ਦੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਮਾਰ ਝੱਲਣੀ ਪੈ ਰਹੀ ਹੈ। ਇਸ ਦੇ ਨਾਲ ਹੀ ਸਿੱਖਿਆ ਸੰਬੰਧੀ ਵੀ ਹਲਕਾ ਸ਼ੁਤਰਾਣਾ ਬਹੁਤ ਪਛੜਿਆ ਹੋਇਆ ਹੈ ਕਿਉਂਕਿ ਸਿੱਖਿਆ ਸੰਬੰਧੀ ਵੀ ਇਸ ਹਲਕੇ ਅੰਦਰ ਨਾ ਕੋਈ ਵੱਡਾ ਸਰਕਾਰੀ ਕਾਲਜ, ਇੰਜੀਨੀਅਰਿੰਗ ਕਾਲਜ, ਮੈਡੀਕਲ ਕਾਲਜ, ਨਰਸਿੰਗ ਕਾਲਜ ਨਹੀਂ ਹੈ ਜਿੱਥੇ ਕਿ ਇਸ ਇਲਾਕੇ ਦੇ ਵਿਦਿਆਰਥੀ ਚੰਗੀ ਸਿੱਖਿਆ ਹਾਸਿਲ ਕਰ ਕੇ ਆਪਣਾ ਜੀਵਨ ਉਜਲ ਕਰ ਸਕਣ। ਭਾਵੇਂ ਸਰਕਾਰ ਵਲੋਂ ਇੱਥੇ ਸਰਕਾਰੀ ਕਿਰਤੀ ਕਾਲਜ ਬਣਾਇਆ ਗਿਆ ਹੈ ਪਰ ਉੱਥੇ ਵਿਦਿਆਰਥੀਆਂ ਦੀ ਲੋੜ ਅਨੁਸਾਰ ਸਿੱਖਿਆ ਦੇ ਪ੍ਰਬੰਧ ਨਾ ਹੋਣ ਕਾਰਨ ਗਿਣਤੀ ਵਿਚ ਇਸ ਇਲਾਕੇ ਵਿਦਿਆਰਥੀਆਂ ਨੂੰ ਪਟਿਆਲਾ ਚੰਡੀਗੜ੍ਹ ਸਮੇਤ ਵੱਖ-ਵੱਖ ਸ਼ਹਿਰਾਂ ਵਿਚ ਪੜ੍ਹਨ ਲਈ ਜਾਣਾ ਪੈਂਦਾ ਹੈ। ਬਿ ?ਸ ਭਾਨ ਬੁਜਰਕ ਨੇ ਕਿਹਾ ਕਿ ਘੱਗਰ ਦੇ ਸਥਾਈ ਹੱਲ ਦੀ ਮੰਗ ਵੀ ਹਲਕਾ ਸ਼ੁਤਰਾਣਾ ਦੇ ਲੋਕ ਪਿਛਲੇ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ। ਕੇਂਦਰ ਸਰਕਾਰ ਵਲੋਂ ਦਿੱਲੀ-ਅੰਮ੍ਰਿਤਸਰ ਨੈਸ਼ਨਲ ਹਾਈਵੇ ਬਣਾਉਣ ਸਮੇਂ ਪਾਤੜਾਂ ਸ਼ਹਿਰ ਵਿਚੋਂ ਪਿੱਲਰਾਂ ਵਾਲਾ ਪੁਲ ਨਾ ਬਣਾਏ ਜਾਣ ਕਾਰਨ ਹਰ ਸਮੇਂ ਸ਼ਹਿਰ ਅੰਦਰ ਟਰੈਫ਼ਿਕ ਦੀ ਵੱਡੀ ਸਮੱਸਿਆ ਬਣੀ ਰਹਿੰਦੀ ਹੈ ਅਤੇ ਤੇਜ਼ ਰਫ਼ਤਾਰ ਵਾਹਨਾਂ ਕਾਰਨ ਕਈ ਲੋਕਾਂ ਦੀਆਂ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਹਲਕਾ ਸ਼ੁਤਰਾਣਾ ਦੇ ਲੋਕ ਪਿਛਲੇ ਲੰਬੇ ਸਮੇਂ ਤੋਂ ਜਾਖ਼ਲ ਜਾਂ ਨਰਵਾਣਾ ਤੋਂ ਪਟਿਆਲਾ ਵਾਇਆ ਪਾਤੜਾਂ ਰੇਲਵੇ ਲਾਈਨ ਦੀ ਮੰਗ ਕਰਦੇ ਆ ਰਹੇ ਹਨ, ਪਰ ਲੋਕਾਂ ਦੀਆਂ ਇਹ ਮੰਗਾਂ ਪੂਰੀਆਂ ਨਹੀਂ ਹੋ ਸਕੀਆਂ।

# ਡਾ ਬਲਬੀਰ ਸਿੰਘ ਅਤੇ ਵਿਧਾਇਕ ਦੇਵ ਮਾਨ ਨੇ ਕੀਤਾ ਭਾਦਸੋਂ ਵਿਖੇ ਚੋਣ ਦਫਤਰ ਦਾ ਉਦਘਾਟਨ



**ਭਾਦਸੋਂ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਅਖਾੜਾ ਲਗਾਤਾਰ ਭਖਦਾ ਜਾ ਰਿਹਾ ਹੈ ਜਿਸ ਦੇ ਤਹਿਤ ਨਾਭਾ ਦੀ ਸਭ ਤਹਿਸੀਲ ਭਾਦਸੋ ਵਿਖੇ ਆਮ ਪਾਰਟੀ ਦੇ ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਬਲਬੀਰ ਸਿੰਘ ਵੱਲੋਂ ਦਫਤਰ ਦਾ ਉਦਘਾਟਨ ਦੇ ਦਿੱਤਾ ਗਿਆ ਇਸ ਮੌਕੇ ਤੇ ਡਾਕਟਰ ਬਲਵੀਰ ਸਿੰਘ ਨੇ ਕਿਹਾ ਕਿ ਲੋਕਾਂ ਦਾ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਅਤੇ ਅਸੀਂ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਾਂਗੇ ਰਾਘਵ ਚੱਡਾ ਤਾਂ ਭਾਰਤ ਆਉਣ ਤੇ ਡਾਕਟਰ ਬਲਬੀਰ ਸਿੰਘ ਨੇ ਵਿਰੋਧੀਆਂ ਨੂੰ ਜਵਾਬ ਦਿੰਦੇ ਕਿਹਾ ਕਿ ਉਹ ਆਪਣੇ ਅੱਖ ਦਾ ਇਲਾਜ ਕਰਾਉਣ ਗਏ ਸੀ ਅਤੇ ਵਿਰੋਧੀਆਂ ਨੂੰ ਹੋਰ ਕੋਈ ਕੰਮ ਨਹੀਂ ਸੀ ਇਸ ਲਈ ਉਹ ਸਵਾਲ ਉਠਾ ਰਹੇ ਸੀ ਅਤੇ ਜਿਨਾਂ ਜਿਹੜੇ ਵਿਰੋਧੀਆਂ ਨੂੰ ਜਵਾਬ ਦੇਣੇ ਚਾਹੀਦੇ ਸੀ ਉਹਨਾਂ ਗੱਲਾਂ ਦਾ ਤਾਂ ਉਹ ਜਵਾਬ ਨਹੀਂ ਦਿੰਦੇ ਰਾਘਵ ਚੱਡਾ ਹੁਣ ਮੈਦਾਨ ਵਿੱਚ ਆ ਚੁੱਕੇ ਹਨ ਕੰਮ ਨਹੀਂ ਬੱਲੇ ਬੱਲੇ ਵਿਰੋਧੀਆਂ ਦੇ ਕੁਝ ਵੀ ਅੱਲੇ ਪੱਲੇ ਨਹੀਂ ਹੈ ਡਾਕਟਰ ਬਲਬੀਰ ਨੇ ਹੰਸ ਰਾਜ ਹੰਸ ਤੇ ਤੰਜ ਕਸਦਿਆਂ ਕਿਹਾ ਕਿ ਜੋ ਉਹਨਾਂ ਵੱਲੋਂ ਸਟੇਟਮੈਂਟ ਦਿੱਤੀ ਗਈ ਹੈ ਬਹੁਤ ਹੀ ਓਬਜੈਕਸ਼ਨ ਏਵਲ ਸੀ ਬਲਵੀਰ ਸਿੰਘ ਨੇ ਕਿਹਾ ਕਿ ਜਦੋਂ ਪੋਲੀਟੀਸ਼ਨ ਦੀ ਬੋਲ ਬਾਣੀ ਵਿਗੜ ਜਾਵੇ ਭਾਵੇਂ ਹੰਸ ਰਾਜ ਹੋਵੇ ਭਾਵੇਂ ਨਰਿੰਦਰ ਮੋਦੀ ਜੀ ਹੋਣ ਤਾਂ ਸਮਝੋ ਉਹ ਇਲੈਕਸ਼ਨ ਹਾਰ ਰਹੇ ਹਨ ਇਹ ਭਾਸ਼ਾ ਪੰਜਾਬੀ ਦੀ ਭਾਸ਼ਾ ਨਹੀਂ ਹੈ

ਦਿੱਲੀ ਸ਼ਰਾਬ ਘੁਟਾਲੇ ਵਿੱਚ ਈਡੀ ਵੱਲੋਂ ਆਮ ਪਾਰਟੀ ਦਾ ਨਾਮ ਨਾਮਜਦ ਕਰਨ ਅਤੇ ਬਲਵੀਰ ਸਿੰਘ ਨੇ ਕਿਹਾ ਕਿ ਦੋ ਸਾਲ ਹੋ ਗਏ ਕੋਈ ਮਨੀ ਟਰਾਇਲ ਨਹੀਂ ਹੈ ਅਤੇ ਕੋਈ ਸਬੂਤ ਨਹੀਂ ਹੈ ਜੋ ਦੇਸ਼ ਦਾ ਬੈਸਟ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬੈਸਟ ਐਜੂਕੇਸ਼ਨ ਵੈਸਟ ਹੈਲਥ ਦਿੱਤੀ ਹੈ ਤੁਸੀਂ ਗੱਲ ਮਾਨਯੋਗ ਸੁਪਰੀਮ ਕੋਰਟ ਸੁਪਰੀਮ ਕੋਰਟ ਵੱਲੋਂ ਦੇਸ਼ਾਂ ਦਰਦੇਸ਼ ਹੋਣ ਦਿੱਤੇ ਗਏ ਹਨ ਜਦੋਂ ਵੀ ਤੁਸੀਂ ਗ੍ਰਿਫਤਾਰੀ ਕਰਦੇ ਹੋ ਤਾਂ ਤੁਸੀਂ ਦੱਸਣਾ ਹੈ ਕਿ ਇਸ ਕੇਸ ਵਿੱਚ ਤੁਸੀਂ ਗ੍ਰਿਫਤਾਰ ਕੀਤੇ ਗਏ ਹੋ ਅਤੇ ਉਸ ਦਾ ਕੀ ਜੁਰਮ ਕੀ ਹੈ ਡਾਕਟਰ ਬਲਵੀਰ ਨੇ ਕਿਹਾ ਕਿ ਬੀਜੇਪੀ ਦਾ ਪੰਜਾਬ ਵਿੱਚ ਕੋਈ ਆਧਾਰ ਨਹੀਂ ਭਾਵੇਂ ਨਰਿੰਦਰ ਮੋਦੀ ਪੰਜਾਬ ਵਿੱਚ ਜਿੰਨੀਆਂ ਮਰਜ਼ੀਆਂ ਰੈਲੀਆਂ ਕਰ ਲਵੇ। ਇਸ ਮੌਕੇ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੇ ਕਿਹਾ ਕਿ ਨਾਭਾ ਹਲਕੇ ਵਿੱਚ ਭਾਰੀ ਉਤਸਾਹ ਮਿਲ ਰਿਹਾ ਹੈ ਅਤੇ ਭਾਦਸੋ ਹਲਕਾ ਕਾਂਗਰਸ ਦਾ ਗੜ੍ਹ ਸੀ ਅਤੇ ਇੱਥੇ ਆਮ ਪਾਰਟੀ ਦੀ ਬੱਲੇ ਬੱਲੇ ਹੈ। ਡਾਕਟਰ ਬਲਬੀਰ ਸਿੰਘ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ

ਇਸ ਮੌਕੇ ਉਨਾਂ ਦੇ ਨਾਲ ਇੰਦਰਜੀਤ ਸਿੰਘ ਸੰਧੂ ਵਾਇਸ ਚੇਅਰਮੈਨ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ, ਗੁਰਦੀਪ ਸਿੰਘ ਟਿਵਾਣਾ , ਰੁਪਿੰਦਰ ਸਿੰਘ ਭਾਦਸੋਂ ਪ੍ਰਧਾਨ ਟਰੱਕ ਯੂਨੀਅਨ, ਨਰਿੰਦਰ ਜੋਸੀ ਸਮਾਜ ਸੇਵਕ, ਕਮਲ ਭਾਦਸੋਂ ਬਲਾਕ ਪ੍ਰਧਾਨ, ਵਿੱਕੀ ਭਾਦਸੋਂ ,ਸਿਵ ਲਾਲ ,ਮੈਡਮ ਭੁੱਲਰ, ਮੈਡਮ ਅਲਕਾ, ਤੇਜਿੰਦਰ ਸਿੰਘ ਖਹਿਰਾ , ਮਨਜੀਤ ਸਿੰਘ ਫਤਿਹਪੁਰ, ਧਰਮਿੰਦਰ ਸਿੰਘ ਸੁੱਖੇਵਾਲ, ਸੁਖਜਿੰਦਰ ਸਿੰਘ ਟੌਹੜਾ ,ਅਵਤਾਰ ਸਿੰਘ ਟੌਹੜਾ ,ਸਤਨਾਮ ਸਿੰਘ ਕਨਸੂਹਾ ਖੁਰਦ, ਸੁਖਦੀਪ ਸਿੰਘ ਖਹਿਰਾ, ਕਪਿਲ ਮਾਨ , ਗੁਲਾਬ ਮਾਨ, ਗੋਪਾਲ ਸਿੰਘ ਖਨੌੜਾ , ਉਮਾ ,ਨਿਰਭੈ ਸਿੰਘ ਘੁੰਡਰ, ਟੋਨਾ ਮੂੰਗੋ, ਮੇਜਰ ਸਿੰਘ ਤੁੰਗਾਂ ,ਭੁਪਿੰਦਰ ਸਿੰਘ ਕੱਲਰ ਮਾਜਰੀ ,ਕੁਲਬੀਰ ਸਿੰਘ , ਦਲਜੀਤ ਸਿੰਘ ਰਾਇਮਲ ਮਾਜਰੀ, ਜਸਵੀਰ ਸਿੰਘ ਵਜੀਦਪੁਰ, ਮੁਸਤਾਕ ਰੈਸਲ,ਅਮਨ ਗਰਗ, ਹੈਪੀ ਬਾਵਾ , ਤੀਰਥ ਸਿੰਘ ਸਹੋਲੀ , ਹਨੀ ਤਰਖੇੜੀ , ਬੱਬੂ ਛੀਟਾਂਵਾਲਾ, ਗੁਰਵੀਰ ਸਿੰਘ ਕਾਲਸਨਾ ਅਤੇ ਵੱਡੀ ਗਿਣਤੀ ਵਿੱਚ ਆਹੁਦੇਦਾਰ ਅਤੇ ਵਲੰਟੀਅਰ ਮੌਜੂਦ ਸਨ।

# ਚੋਰੀ ਦੀ ਵਾਰਦਾਤ ਸੀਸੀਟੀਵੀ ਵਿੱਚ ਹੋਈ ਕੈਦ



**ਡੇਰਾ ਬਸੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਤਹਿਸੀਲ ਕੰਪਲੈਕਸ ਦੇ ਨੇੜੇ ਸਥਿਤ ਇੱਕ ਵੈਲਡਿੰਗ ਦੀ ਦੁਕਾਨ ਵਿਚੋਂ ਦਿਨ ਦਿਹਾੜੇ ਚੋਰਾਂ ਵੱਲੋਂ ਲੋਹੇ ਦੀ ਗਰਾਰੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਚੋਰੀ ਦੀ ਵਾਰਦਾਤ ਨਜ਼ਦੀਕ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ? ਦੁਕਾਨ ਮਾਲਕ ਨੇ ਇਸ ਦੀ ਸੂਚਨਾ ਪੁਲਿਸ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾਬੱਸੀ ਤਹਿਸੀਲ ਕੰਪਲੈਕਸ ਦੇ ਨੇੜੇ ਸਥਿਤ ਵਿਸ਼ਵਕਰਮਾ ਇੰਜੀਨੀਅਰ ਵਰਕਸ ਦੇ ਨਾਂਅ ਤੋਂ ਕ੍ਰਿਸ਼ਨ ਕੁਮਾਰ ਨੇ ਵੈਲਡਿੰਗ ਦੀ ਦੁਕਾਨ ਕੀਤੀ ਹੈ। ਬੀਤੀ 15 ਮਈ ਨੂੰ ਦਿਨ ਦਿਹਾੜੇ ਅਣਪਛਾਤੇ ਚੋਰਾਂ ਨੇ ਉਸ ਦੀ ਦੁਕਾਨ ਵਿੱਚੋ 40 ਕਿਲੋ ਲੋਹੇ ਦੀ ਗਰਾਰੀ ਚੋਰੀ ਕਰ ਲਈ।

ਉਸ ਸਮੇਂ ਉਹ ਦੁਕਾਨ ਤੇ ਮੌਜੂਦ ਨਹੀਂ ਸੀ ਅਤੇ ਉਸ ਦੇ ਵਰਕਰ ਵੀ ਕੰਮ ਕਰਨ ਵਿੱਚ ਵਿਅਸਤ ਸਨ। ਇਸ ਦੌਰਾਨ ਦੋ ਅਣਪਛਾਤੇ ਨੌਜਵਾਨ ਮੋਟਰਸਾਈਕਲ ਤੇ ਸਵਾਰ ਹੋਕੇ ਆਏ। ਜਿਨ੍ਹਾਂ ਨੇ ਬੜੀ ਹੀ ਚਲਾਕੀ ਨਾਲ ਦਿਨ ਦਿਹਾੜੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਮੌਕੇ ਤੋਂ ਲੋਹੇ ਦੀ ਗਰਾਰੀ ਚੋਰੀ ਕਰਕੇ ਫਰਾਰ ਹੋ ਗਏ। ਜਦੋਂ ਇਸ ਸਬੰਧੀ ਦੁਕਾਨ ਨੇੜੇ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ ਚੈੱਕ ਕੀਤੀ ਤਾਂ ਦੋ ਮੋਟਰਸਾਇਕਲ ਸਵਾਰ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਦਿਖਾਈ ਦਿੱਤੇ। ਦੁਕਾਨ ਮਾਲਕ ਕ੍ਰਿਸ਼ਨ ਕੁਮਾਰ ਨੇ ਇਸ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਹੈ।

# ਸੜਕਾਂ ਤੇ ਮੌਤ ਦੇ ਦੂਤ ਬਣਕੇ ਦੌੜ ਰਹੇ ਬਿਨਾਂ ਨੰਬਰ ਪਲੇਟਾਂ ਵਾਲੇ ਓਵਰਲੋਡ ਟਿੱਪਰ

**ਡੇਰਾ ਬਸੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨ ਰਾਤ ਡੇਰਾਬੱਸੀ ਹਲਕੇ ਦੀਆਂ ਸੜਕਾਂ ਤੇ ਅਨੇਕਾਂ ਲੋਕਾਂ ਦੀ ਜਾਨ ਲੈਣ ਦੇ ਬਾਵਜੂਦ ਵੀ ਓਵਰਲੋਡ ਟਿੱਪਰ ਟ੍ਰੈਫਿਕ ਨਿਯਮਾਂ ਦੀਆਂ ਸਰੇਆਮ ਧੱਜੀਆਂ ਉਡਾਉਂਦੇ ਦੌੜ ਰਹੇ ਹਨ। ਟੀਸੀ ਬਣਾ ਕੇ ਨੱਕੋ-ਨੱਕ ਮਿੱਟੀ ਦੇ ਭਰੇ ਟਿੱਪਰ ਜਿਆਦਾ ਚੱਕਰ ਲਾਉਣ ਕਰਕੇ ਤੇਜ਼ ਰਫਤਾਰ ਦੋੜਦੇ ਰਹਿੰਦੇ ਹਨ, ਜਿਨ੍ਹਾਂ ਨੂੰ ਨੱਥ ਪਾਉਣ ਵਿੱਚ ਡੇਰਾਬੱਸੀ ਪ੍ਰਸ਼ਾਸ਼ਨ ਨਾਕਾਮ ਸਾਬਤ ਹੋ ਰਿਹਾ ਹੈ।

ਅਜਿਹੇ ਓਵਰਲੋਡ ਟਿੱਪਰ ਚਿੱਟੇ ਦਿਨੀਂ ਚੰਡੀਗੜ੍ਹ ਅੰਬਾਲਾ ਮੁੱਖ ਮਾਰਗ, ਸਰਕਾਰੀ ਕਾਲਜ ਰੋਡ, ਗੁਲਾਬਗੜ੍ਹ ਰੋਡ, ਬਰਵਾਲਾ ਰੋਡ, ਮੁਬਾਰਿਕਪੁਰ ਰਾਮਗੜ੍ਹ ਰੋਡ, ਈਸਾਪੁਰ ਰੋਡ, ਅਮਲਾਲਾ ਰੋਡ, ਤਹਿਸੀਲ ਸੜਕ ਤੇ ਪ੍ਰਸ਼ਾਸਨਿਕ ਅਧਿਕਾਰੀਆ ਦੀ ਅੱਖਾਂ ਦੇ ਸਾਹਮਣੇ ਬਿਨਾਂ ਨੰਬਰ ਪਲੇਟਾਂ ਤੋਂ ਸੜਕਾਂ ਤੇ ਦੌੜ ਰਹੇ ਹਨ। ਇਸ ਦੇ ਬਾਵਜੂਦ ਕੋਈ ਵੀ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਇਨ੍ਹਾਂ ਨੂੰ ਰੋਕਣ ਦੀ ਹਿੰਮਤ ਨਹੀਂ ਕਰ ਰਿਹਾ।

ਮਾਈਨਿੰਗ ਦੇ ਕੰਮ ਵਿੱਚ ਲੱਗੇ ਇਨ੍ਹਾਂ ਟਿੱਪਰਾਂ ਨੇ ਅਨੇਕਾਂ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਕੇ ਮੌਤ ਦੇ ਘਾਟ ਉਤਾਰ ਦਿੱਤਾ ਹੈ।

ਹਾਲਾਂਕਿ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੀ ਹਲਕੇ ਵਿੱਚ ਹੁੰਦੀ ਨਾਜਾਇਜ਼ ਮਾਈਨਿੰਗ ਦਾ ਮੁੱਦਾ ਚੁੱਕਿਆ ਪਰ ਹਲਕਾ ਵਿਧਾਇਕ ਦੇ ਕਹਿਣ ਦੇ ਬਾਵਜੂਦ ਵੀ ਇਹ ਓਵਰਲੋਡ ਟਿੱਪਰ ਧੜੱਲੇ ਨਾਲ ਸ਼ਰੇਆਮ ਸ਼ਹਿਰ ਦੀਆਂ ਸੜਕਾਂ ਤੇ ਬਿਨਾਂ ਨੰਬਰ ਪਲੇਟਾਂ ਤੋਂ ਦੌੜ ਰਹੇ ਹਨ

ਲੋਕਾਂ ਨੇ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਮੁਖ ਸੜਕ ਤੇ ਬੱਸ ਸਟੈਂਡ ਨੇੜੇ ? ਟ੍ਰੈਫਿਕ ਪੁਲਿਸ ਦਾ ਦਫ਼ਤਰ ਹੈ। ਤਹਿਸੀਲ ਸੜਕ ਤੇ ਐੱਸਡੀਐੱਮ ਦਾ ਦਫ਼ਤਰ ਸਥਿਤ ਹੈ। ਮੁਬਾਰਿਕਪੁਰ ਵਿਖੇ ਪੁਲਿਸ ਚੌਂਕੀ ਅਤੇ ਡੀਐੱਸਪੀ ਦਾ ਦਫ਼ਤਰ ਸਥਿਤ ਹੈ, ਇਸ ਦੇ ਬਾਵਜੂਦ ਮਿੱਟੀ ਦੇ ਭਰੇ ਓਵਰਲੋਡ ਟਿੱਪਰ ਬੇਖ਼ੌਫ਼ ਹੋ ਕੇ ਨਿਯਮਾਂ ਦੀ ਧੱਜੀਆਂ ਉਡਾ ਰਹੇ ਹਨ। ਪਰ ਦੂਜੇ ਪਾਸੇ ਕੁਝ ਦਿਨ ਪਹਿਲਾਂ ਟ੍ਰੈਫਿਕ ਪੁਲਿਸ ਵੱਲੋਂ 1500 ਦੋ ਪਹਿਆ ਵਾਹਨ ਚਾਲਕਾਂ ਦੇ ਚਲਾਨ ਕੱਟ ਕੇ ਉਨ੍ਹਾਂ ਨੂੰ ਡੇਰਾਬੱਸੀ ਅਦਾਲਤ ਵਿੱਚ ਖੱਜਲ ਖੁਆਰ ਹੋਣ ਲਈ ਮਜਬੂਰ ਕਰ ਦਿੱਤਾ ਸੀ ਪਰ ਟ੍ਰੈਫਿਕ ਪੁਲਿਸ ਇਨ੍ਹਾਂ ਓਵਰਲੋਡ ਅਤੇ ਬਿਨਾਂ ਨੰਬਰ ਪਲੇਟਾਂ ਤੋਂ ਸੜਕਾਂ ਤੇ ਦੌੜ ਰਹੇ ਟਿੱਪਰਾਂ ਨੂੰ ਨੱਥ ਪਾਉਣ ਵਿੱਚ ਨਾਕਾਮ ਸਾਬਿਤ ਹੋ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜਾਂ ਤਾਂ ਟ੍ਰੈਫਿਕ ਪੁਲਿਸ ਦੀ ਟਿੱਪਰ ਮਾਲਕਾਂ ਨਾਲ ਗੰਢਤੁੱਪ ਹੈ ਜਾਂ ਉਹ ਇਨ੍ਹਾਂ ਮਾਇਨਿੰਗ ਮਾਫੀਆਂ ਤੋਂ ਡਰਦੇ ਹਨ।

ਡੇਰਾਬੱਸੀ ਦੀਆਂ ਸੜਕਾਂ ਤੇ ਇਨ੍ਹਾਂ ਅਣ ਢੱਕੇ ਮਿੱਟੀ ਦੇ ਟਿੱਪਰਾਂ ਨੇ ਜਿਉਣਾ ਮੁਹਾਲ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਜਦੋ ਇਹ ਟਿੱਪਰ ਛੋਟੀ ਸੜਕ ਤੋਂ ਇਕੱਠੇ ਹੋ ਕੇ ਨਿਕਲਦੇ ਹਨ ਤਾਂ ਸੜਕ ਤੇ ਜਾਮ ਲਗ ਜਾਂਦਾ ਹੈ, ਉਸ ਸਮੇਂ ਸਥਿਤੀ ਹੋਰ ਵੀ ਜ਼ਿਆਦਾ ਖ਼ਰਾਬ ਹੋ ਜਾਂਦੀ ਹੈ। ਸ਼ਹਿਰ ਵਾਸੀਆਂ ਨੇ ਮੰਗ ਕਰਦਿਆਂ ਲੋਕਾਂ ਦੀ ਜਾਨ ਦਾ ਖੋਹ ਬਣੇ ਇਨ੍ਹਾਂ ਓਵਰਲੋਡ ਟਿੱਪਰਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

# ਕੇਬਲ ਦਾ ਕੰਮ ਕਰ ਰਹੇ ਵਿਅਕਤੀ 'ਤੇ ਜੇ.ਸੀ.ਬੀ ਹਾਈਡਰਾ ਮਸ਼ੀਨ ਚੜ੍ਹਣ ਕਾਰਨ ਮੌਤ



**ਧੂਰੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਘੀ ਰਾਤ ਕੇਬਲ ਦੀ ਮੁਰੰਮਤ ਦਾ ਕੰਮ ਕਰ ਰਹੇ ਇਕ ਨੌਜਵਾਨ 'ਤੇ ਹਾਈਡਰਾ ਜੇ.ਸੀ.ਬੀ ਮਸ਼ੀਨ ਚੜ੍ਹਣ ਕਾਰਨ ਮੌਤ ਹੋ ਜਾਣ ਦੀ ਦੁੱਖਦ ਖਬਰ ਹੈ। ਇਸ ਸੰਬੰਧੀ ਭਲਵਾਨ ਚੌਂਕੀ ਇੰਚਾਰਜ਼ ਗੁਰਮੇਲ ਸਿੰਘ ਭੁੱਲਰ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਸੰਜੀਵ ਕੁਮਾਰ ਵਾਸੀ ਧਰਮਪੁਰਾ ਮੁਹੱਲਾ, ਧੂਰੀ ਵੱਲੋਂ ਪੁਲਸ ਨੂੰ ਦਰਜ਼ ਕਰਵਾਏ ਬਿਆਨਾਂ ਅਨੁਸਾਰ ਉਹ ਅਤੇ ਜਤਿੰਦਰ ਕੁਮਾਰ ਉਰਫ ਕਾਲਾ(45) ਵਾਸੀ ਧੂਰੀ ਪਿੰਡ ਕੇਬਲ ਦਾ ਕੰਮ ਕਰਦੇ ਸਨ ਅਤੇ ਧੂਰੀ-ਮਾਨਵਾਲਾ ਰੋਡ 'ਤੇ ਕੇਬਲ ਖਰਾਬ ਹੋਣ ਸੰਬੰਧੀ ਮਿਲੀ ਇਕ ਸ਼ਿਕਾਇਤ ਤੋਂ ਬਾਦ ਅਸੀਂ ਦੋਵੇਂ ਕੇਬਲ ਦੀ ਮੁਰੰਮਤ ਕਰਨ ਲਈ ਗਏ ਸੀ। ਇਸ ਰੋਡ 'ਤੇ ਕੇਬਲ ਦੀ ਇਕ ਤਾਰ ਟੁੱਟੀ ਹੋਈ ਸੀ ਅਤੇ ਜਦੋਂ ਉਹ ਸੜਕ ਕਿਨਾਰੇ ਬੈਠੇ ਕੇਬਲ ਤਾਰ ਦੀ ਮੁਰੰਮਤ ਕਰ ਰਹੇ ਸੀ ਤਾਂ ਇਕਦਮ ਤੇਜ ਰਫਤਾਰ ਨਾਲ ਆਈ ਹਾਈਡਰਾ ਜੇ.ਸੀ.ਬੀ ਮਸ਼ੀਨ ਜਤਿੰਦਰ ਕੁਮਾਰ ਉਰਫ ਕਾਲਾ ਦੇ ਉੱਤੇ ਚੜ੍ਹ ਗਈ ਅਤੇ ਸੰਜੀਵ ਕੁਮਾਰ ਨੇ ਮੁਸ਼ਤੈਦੀ ਵਰਤਦਿਆਂ ਆਪਣੀ ਜਾਨ ਬਚਾਈ। ਜਿਸ ਤੋਂ ਬਾਦ ਜਖਮੀ ਹਾਲਤ 'ਚ ਜਤਿੰਦਰ ਕੁਮਾਰ ਉਰਫ ਕਾਲਾ ਨੂੰ ਇਲਾਜ਼ ਲਈ ਧੂਰੀ ਦੇ ਸਰਕਾਰੀ ਹਸਪਤਾਲ ਵਿਖੇ ਲਿਜਾਇਆ ਗਿਆ। ਜਿੱਥੇ ਮੌਜੂਦ ਡਾਕਟਰਾਂ ਦੀ ਟੀਮ ਵੱਲੋਂ ਉਸ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਪਟਿਆਲਾ ਰੈਫਰ ਕਰ ਦਿੱਤਾ, ਜਿੱਥੇ ਉਸਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਉਕਤ ਬਿਆਨਾਂ ਦੇ ਆਧਾਰ 'ਤੇ ਹਾਈਡਰਾ ਚਾਲਕ ਜਤਿੰਦਰ ਸਿੰਘ ਵਾਸੀ ਧੂਰੀ ਖਿਲਾਫ ਮੁਕੱਦਮਾ ਦਰਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੋਸਟ ਮਾਰਟਮ ਉਪਰੰਤ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮ੍ਰਿਤਕ ਦੀ ਪਤਨੀ ਦਾ ਪਿਛਲੇ ਸਮੇਂ ਦੌਰਾਨ ਦੇਹਾਂਤ ਹੋ ਗਿਆ ਸੀ ਅਤੇ ਮ੍ਰਿਤਕ ਆਪਣੇ ਪਿੱਛੇ 10 ਸਾਲਾ ਬੇਟਾ ਛੱਡ ਗਿਆ ਹੈ।

# ਰੌਲਾਂ ਪਾਉਣ ਤੇ ਮੌਕੇ ਤੋਂ ਛੱਡਕੇ ਹੋਏ ਫ਼ਰਾਰ

**ਡੇਰਾ ਬਸੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਪਾਸੇ ਤਾਂ ਡੇਰਾਬੱਸੀ ਸ਼ਹਿਰ ਵਿੱਚ ਆਏ ਦਿਨ ਚੋਰੀ ਦੀਆਂ ਵਾਰਦਾਤਾਂ ਵਾਪਰ ਰਹੀਆਂ ਹਨ। ਜਿਸ ਕਾਰਨ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਵੀ ਸੁਰੱਖਿਅਤ ਨਹੀਂ ਹਨ। ਜਿਸ ਕਾਰਨ ਲੋਕਾਂ ਦੇ ਮਨਾਂ ਵਿਚ ਚੋਰੀ ਹੋਣ ਦਾ ਡਰ ਬਣਿਆ ਹੋਇਆ ਹੈ। ਦੂਜੇ ਪਾਸੇ ਹੁਣ ਡੇਰਾਬੱਸੀ ਸ਼ਹਿਰ ਵਿੱਚ ਬੱਚੇ ਅਗਵਾ ਕਰਨ ਵਾਲੇ ਵਿਅਕਤੀਆਂ ਵੀ ਸ਼ਰੇਆਮ ਬਿਨਾਂ ਕਿਸੇ ਡਰ ਤੋਂ ਸੜਕਾਂ ਤੇ ਘੁੰਮ ਰਹੇ ਹਨ। ਪੁਲਿਸ ਇਨ੍ਹਾਂ ਚੋਰਾਂ ਅਤੇ ਅਗਵਾ ਕਰਨ ਵਾਲੇ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਅਸਮਰਥ ਜਾਪ ਰਹੀ ਹੈ। ਜਿਸ ਕਾਰਨ ਹੁਣ ਲੋਕਾਂ ਦਾ ਪੁਲਿਸ ਤੋਂ ਵੀ ਭਰੋਸਾ ਉਠ ਗਿਆ ਹੈ। ਜਿਸ ਦੇ ਚਲਦੇ ਡੇਰਾਬੱਸੀ ਤਹਿਸੀਲ ਕੰਪਲੈਕਸ ਦੇ ਨੇੜੇ ਸਥਿਤ ਸਾਧ ਕਲੋਨੀ ਵਿਚੋਂ ਦੋ ਨਾਬਾਲਿਗ ਬੱਚਿਆਂ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਰੋਲਾਂ ਪੈਣ ਤੇ ਵਿਅਕਤੀ ਬੱਚੇ ਛੱਡਕੇ ਮੌਕੇ ਤੋਂ ਫ਼ਰਾਰ ਹੋ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾਬੱਸੀ ਤਹਿਸੀਲ ਕੰਪਲੈਕਸ ਦੇ ਨੇੜੇ ਸਥਿਤ ਸਾਧ ਕਲੋਨੀ ਦੇ ਦੋ ਨਾਬਾਲਿਗ ਬੱਚਿਆਂ ਨੂੰ ਬੀਤੀ ਰਾਤ ਇੱਕ ਵਜੇ ਇੱਕ ਕਾਰ ਵਿਚ ਤਿੰਨ ਵਿਅਕਤੀਆਂ ਨੇ ਅਗਵਾ ਕਰ ਲਿਆ ਪਰ ਜਦੋਂ ਉਨ੍ਹਾਂ ਨੇ ਰੋਲਾ ਪਾਇਆ ਤਾਂ ਵਿਅਕਤੀ ਬੱਚਿਆਂ ਛੱਡਕੇ ਮੌਕੇ ਤੋਂ ਫ਼ਰਾਰ ਹੋ ਗਏ। ਬੱਚਿਆਂ ਨੇ ਦੱਸਿਆ ਕਿ ਉਹ ਸੜਕ ਦੇ ਕਿਨਾਰੇ ਬੈਠੇ ਸੀ। ਇਸ ਦੌਰਾਨ ਇੱਕ ਕਾਰ ਆਈ ਅਤੇ ਉਨ੍ਹਾਂ ਨੂੰ ਕਾਰ ਵਿਚ ਬਿਠਾ ਲਿਆ ਅਤੇ ਕਿਹਾ ਕਿ ਜੇਕਰ ਰੋਲਾ ਪਾਇਆ ਤਾਂ ਉਹਤੇਜ ਹਥਿਆਰ ਨਾਲ ਉਨ੍ਹਾਂ ਦਾ ਗਲਾ ਵੱਢ ਦੇਇਣਗੇ। ਉਨ੍ਹਾਂ ਨੇ ਡਰਕੇ ਇੱਕ ਦਮ ਰੋਲਾ ਪਾ ਦਿੱਤਾ। ਰਾਤ ਦੇ ਸਮੇਂ ਸੜਕ ਤੇ ਕੋਈ ਵੀ ਮੌਜੂਦ ਨਹੀਂ ਸੀ ਪਰ ਰੋਲਾ ਸੁਣਕੇ ਬੱਚਿਆਂ ਦੇ ਮਾਪੇ ਸੜਕ ਤੇ ਆ ਗਏ। ਜਿਸ ਤੋਂ ਬਾਅਦ ਕਾਰ ਚਾਲਕ ਬੱਚਿਆਂ ਨੂੰ ਛੱਡਕੇ ਮੌਕੇ ਤੋਂ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਕਾਰ ਵਿੱਚ ਦੋ ਵਿਅਕਤੀਆਂ ਨੇ ਪੱਗ ਬੰਨੀ ਹੋਈ ਸੀ ਅਤੇ ਇੱਕ ਵਿਅਕਤੀ ਦੇ ਵਾਲ ਘੁੰਗਰਾਲੇ ਸੀ। ਉਨ੍ਹਾਂ ਇਸ ਦੀ ਸੂਚਨਾ ਡੇਰਾਬੱਸੀ ਪੁਲਿਸ ਨੂੰ ਦੇ ਦਿੱਤੀ ਹੈ।

# ਕਿਸਾਨ ਯੂਨੀਅਨਾਂ ਦੇ ਧਰਨਿਆਂ ਨਾਲ ਹੋ ਰਹੇ ਵਪਾਰ ਦੇ ਭਾਰੀ ਨੁਕਸਾਨ

**ਬਰਨਾਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਧੀਰਜ ਦਧਾਹੂਰ ਆੜਤੀਆ ਐਸੋਸੀਏਸ਼ਨ ਦੇ ਪ੍ਰਧਾਨ ਤੇ ਹਲਕਾ ਇੰਚਾਰਜ ਬਰਨਾਲਾ ਨੇ ਬੋਲਦਿਆਂ ਕਿਹਾ ਕਿ ਸ਼ੰਭੂ ਰੇਲਵੇ ਸਟੇਸ਼ਨ ਨੇੜੇ ਰੇਲਵੇ ਲਾਈਨਾਂ ਅਤੇ ਨੈਸ਼ਨਲ ਹਾਈਵੇ ਤੇ ਕਿਸਾਨ ਯੂਨੀਅਨਾਂ ਨੇ ਧਰਨਾ ਦਿੱਤਾ। ਹੋਇਆ ਹੈ। ਪੰਜਾਬ ਅਤੇ ਹਰਿਆਣਾ ਵਿਚਕਾਰ ਰੇਲਵੇ ਅਤੇ ਸੜਕੀ ਆਵਾਜਾਈ ਠੱਪ ਹੋ ਗਈ ਹੈ। ਅੰਦਾਜ਼ਨ ਰੋਜ਼ਾਨਾ ਪੰਜਾਬ ਦੇ ਵਪਾਰੀਆਂ ਨੂੰ 700 800 ਕਰੋੜ ਰੁਪਏ ਦਾ ਮਾਲੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਸ਼ੰਭੂ ਰੇਲਵੇ ਟਰੈਕ ਅਤੇ ਨੈਸ਼ਨਲ ਹਾਈਵੇ ਤੇ ਕੀਤੀ ਨਾਕੇਬੰਦੀ ਹਟਾਈ ਜਾਵੇ। ਜੇਕਰ ਇਹ ਨਾਕਾਬੰਦੀ ਨਾ ਹਟਾਈ ਗਈ ਤਾਂ ਪੰਜਾਬ ਦੇ ਵਪਾਰੀ ਪੰਜਾਬ ਬੰਦ ਕਰਨਗੇ ਅਤੇ ਇਸ ਦੇ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ ।

ਉੱਘੇ ਸਮਾਜ ਸੇਵੀ ਜਸਬੀਰ ਸਿੰਘ ਗੱਖੀ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਵਪਾਰੀ ਅਤੇ ਕਾਰਬਾਰੀ ਕਿਸਾਨਾਂ ਦੇ ਹਰ ਸੰਘਰਸ਼ ਚ ਸਾਥ ਦਿੰਦੇ ਆ ਰਹੇ ਹਨ। ਲੇਕਿਨ ਹੁਣ ਵਪਾਰੀ ਅਤੇ ਕਾਰੋਬਾਰੀ ਕਿਸਾਨਾਂ ਦੇ ਰੋਜ਼ਾਨਾ ਦੇ ਧਰਨਿਆਂ ਤੋਂਤੰਗ ਆ ਚੁੱਕੇ ਹਨ । ਉਹਨਾਂ ਕਿਹਾ ਕਿ 13 ਫਰਵਰੀ ਤੋਂ ਹਰਿਆਣਾ ਨੇੜੇ ਸ਼ੰਭੂ ਨੈਸ਼ਨਲ ਹਾਈਵੇ ਅਤੇ 17 ਅਪ੍ਰੈਲ ਤੋਂ ਰੇਲਵੇ ਟਰੈਕ ਤੇ ਧਰਨਾ ਦਿੱਤਾ ਜਾ ਰਿਹਾ ਹੈ । ਨਾਕੇਬੰਦੀ ਕਾਰਨ ਪੰਜਾਬ ਦਾ 40 ਪ੍ਰਤੀਸ਼ਤ ਵਪਾਰ ਘੱਟ ਗਿਆ ਹੈ। ਸਰਕਾਰ ਵਪਾਰੀਆਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇ । ਕਿਸਾਨ ਜਥੇਬੰਦੀਆਂ ਦੇ ਧਰਨਿਆਂ ਨਾਲ ਪੰਜਾਬ ਦਾ ਕਾਰੋਬਾਰ ਚੌਪਟ ਹੋ ਰਿਹਾ ਹੈ ਅਤੇ ਪੰਜਾਬ ਅੰਦਰ ਹਜ਼ਾਰਾਂ ਲੋਕਾਂ ਸਾਹਮਣੇ ਬੇਰੁਜ਼ਗਾਰ ਹੋਣ ਦਾ ਸੰਕਟ ਖੜਾ ਹੋ ਗਿਆ ਹੈ। ਧਰਨਾ ਦੇ ਰਹੇ ਕਿਸਾਨ ਯੂਨੀਅਨਾਂ ਦੇ ਆਗੂ ਆਪੋ ਆਪਣੀਆਂ ਸਿਆਸੀ ਲੀਡਰਾਂ ਦੇ ਇਸ਼ਾਰਿਆਂ ਤੇ ਧਰਨੇ ਲਾ ਕੇ ਪੰਜਾਬ ਦਾ ਮਾਹੌਲ ਖਰਾਬ ਕਰ ਰਹੇ ਹਨ।

ਉਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਸਾਬਕਾ ਸਰਪੰਚ ਗੁਰਦਰਸ਼ਨ ਸਿੰਘ ਬਰਾੜ ਨੇ ਕਿਸਾਨ ਸੰਗਠਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਦੀ ਪੈਰਵੀ ਕਰਨ ਵਾਲਿਆਂ ਨੂੰ ਪੰਜਾਬ ਦੇ ਉਦਯੋਗਾਂ ਦੀ ਤਬਾਹੀ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜੇਕਰ ਕਿਸਾਨਾਂ ਦੇ ਧਰਨੇ ਇਸ ਪ੍ਰਕਾਰ ਜਾਰੀ ਰਹੇ ਤਾਂ ਪੰਜਾਬ ਦਾ ਵਪਾਰੀ ਦੇਸ਼ ਦੇ ਹੋਰਨਾਂ ਸੂਬਿਆਂ ਚ ਪਲਾਇਨ ਕਰ ਜਾਵੇਗਾ, ਜਿਸ ਦਾ ਅਸਰ ਪੰਜਾਬ ਦੀ ਅਰਥ ਵਿਵਸਥਾ ਤੇ ਪਵੇਗਾ ਅਤੇ ਬੇਰੁਜ਼ਗਾਰੀ ਹੋਰ ਵਧ ਜਾਵੇਗੀ।

ਵਪਾਰ ਮੰਡਲ ਬਰਨਾਲਾ ਦੇ ਸੀਨੀਅਰ ਮੀਤ ਪ੍ਰਧਾਨ ਮੋਨੂੰ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਕਸਰ ਬਾਹਰਲੇ ਸੂਬਿਆਂ ਅਤੇ ਵਿਦੇਸ਼ਾਂ ਤੋਂ ਕਾਰੋਬਾਰੀਆਂ ਨੂੰ ਪੰਜਾਬ ਲਿਆਉਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ, ਪਰ ਪੰਜਾਬ ਚ ਫੈਲੀ ਅਰਾਜਕਤਾ ਕਾਰਨ ਪੰਜਾਬ ਦੀ ਇੰਡਸਟਰੀ ਬਾਹਰਲੇ ਸੂਬਿਆਂ ਚ ਜਾਣ ਲਈ ਮਜਬੂਰ ਹੋ ਰਹੀ ਹੈ। ਜੇਕਰ ਪੰਜਾਬ ਦੇ ਹਾਲਾਤ ਇਸ ਤਰ੍ਹਾਂ ਹੀ ਰਹੇ ਅਤੇ ਧਰਨਿਆਂ ਦੇ ਨਾਲ ਨਾਕਾਬੰਦੀ ਹੁੰਦੀ ਰਹੀ ਤਾਂ ਪੰਜਾਬ ਦੇ ਵਪਾਰੀ ਲਾਮਬੰਦ ਹੋ ਕੇ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ। ਬਸਾਵਾ ਸਿੰਘ ਭਰੀ ਵਾਤਾਵਰਨ ਪ੍ਰੇਮੀ ਨੇ ਕਿਹਾ ਕਿ ਸਰਬੱਤ ਦੇ ਭਲੇ ਦੀ ਸੋਚ ਤੇ ਚਲਦਿਆਂ ਕਿਸਾਨ ਯੂਨੀਅਨਾਂ ਨੂੰ ਸਮੂਹ ਪੰਜਾਬੀਆਂ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਆਪਣਾ ਭਾਈਚਾਰਾ ਬਰਕਰਾਰ ਰੱਖਣਾ ਚਾਹੀਦਾ ਹੈ।

# ਸਵੀਪ ਰਾਹੀਂ ਮਹਿਲ ਕਲਾਂ ਦੇ ਸਕੂਲਾਂ ਵਿੱਚ ਸਟਾਫ ਵਿਦਿਆਰਥੀ ਤੇ ਡਰਾਇਵਰਾਂ ਨੂੰ ਕੀਤਾ ਗਿਆ ਜਾਗਰੂਕ




**ਬਰਨਾਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਦੇ ਦਿਸ਼ਾ ਨਿਰਦੇਸ਼ ਅਧੀਨ ਤੇ ਸਹਾਇਕ ਰਿਟਰਨਿੰਗ ਅਫ਼ਸਰ -ਕਮ-ਐੱਸ.ਡੀ.ਐੱਮ ਮਹਿਲ ਕਲਾਂ ਸ.ਸਤਵੰਤ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਗਤੀਵਿਧੀਆਂ ਦਾ ਮੰਤਵ ਪਹਿਲੀ ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਚੜ ਕੇ ਭਾਗ ਲੈਣ ਲਈ ਅਕਾਲ ਅਕੈਡਮੀ ਮਹਿਲ ਕਲਾਂ ਅਤੇ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਮਹਿਲ ਕਲਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਡਰਾਇਵਰਾਂ ਨੂੰ ਜਾਗਰੂਕਤਾ ਮੁਹਿੰਮ ਨਾਲ ਜੋੜਨਾ ਤੇ ਉਹਨਾਂ ਰਾਹੀਂ ਹੋਰ ਲੋਕਾਂ ਨੂੰ ਜਾਗਰੂਕ ਕਰਕੇ ਵੋਟ ਪਾਉਣ ਦੀ ਅਪੀਲ ਕਰਨਾ । ਇਸ ਮੌਕੇ ਸਵੀਪ ਟੀਮ ਮਹਿਲ ਕਲਾਂ 104 ਵੱਲੋਂ ਅਪੀਲ ਕੀਤੀ ਗਈ ਕਿ ਵੋਟ ਜੇਕਰ ਸਾਡਾ ਅਧਿਕਾਰ ਹੈ ਤਾਂ ਵੋਟ ਪਾਉਣਾ ਸਾਨੂੰ ਆਪਣਾ ਕਰਤੱਵ ਸਮਝਣਾ ਚਾਹੀਦਾ ਹੈ। ਇਸਦੀ ਮਹੱਤਤਾ ਨੂੰ ਸਮਝਦੇ ਹੋਏ ਆਪ ਵੋਟ ਕਰਨਾ ਤੇ ਹੋਰਾਂ ਨੂੰ ਵੀ ਵੋਟ ਪਾਉਣ ਲਈ ਕਹਿਣਾ। ਸਵੀਪ ਟੀਮ ਨੇ ਵੋਟਾਂ ਵਾਲੇ ਦਿਨ ਗਰਮੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਲੈਕਸ਼ਨ ਕਮਿਸ਼ਨ ਦੁਆਰਾ ਦਿੱਤੀਆ ਜਾਣ ਵਾਲੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ। ਇਲੈਕਸ਼ਨ ਡੇ ਨੂੰ ਛੁੱਟੀ ਵਾਲਾ ਦਿਨ ਨਾ ਸਮਝ ਕੇ ਵੋਟ ਪਾਉਣ ਦੀ ਡਿਊਟੀ ਦਾ ਦਿਨ ਸਮਝਣਾ ਚਾਹੀਦਾ ਹੈ।

ਵੋਟਰਾਂ ਨੂੰ ਬਿਨ੍ਹਾਂ ਕਿਸੇ ਲਾਲਚ ਅਤੇ ਡਰ ਤੋਂ ਆਪਣੀ ਵੋਟ ਦਾ ਇਸਤਮਾਲ ਕਰਨ ਲਈ ਅਪੀਲ ਵੀ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ.ਹਿਮਾਂਸ਼ੂ ਦੱਤ ਤੇ ਪ੍ਰਿੰਸੀਪਲ ਬਲਵਿੰਦਰ ਕੌਰ ਚੀਮਾ ਤੇ ਸਕੂਲ ਦਾ ਹਰ ਇੱਕ ਕਰਮਚਾਰੀ, ਭਰਵੇਂ ਇਕੱਠ ਵਿੱਚ ਕੰਡਕਟਰ ਡਰਾਇਵਰ ਹਾਜ਼ਰ ਰਹੇ।

# ਚੋਣ ਚਰਚਾ ਗਲੀ-ਗਲੀ ਵੋਟਰ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ




**ਅੰਮ੍ਰਿਤਸਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਅੰਮ੍ਰਿਤਸਰ ਉੱਤਰੀ ਵਿਧਾਨਸਭਾ ਹਲਕੇ ਤੋਂ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਵਧੀਕ ਮੁੱਖ ਪ੍ਰਸ਼ਾਸਕ ਅੰਮ੍ਰਿਤਸਰ ਵਿਕਾਸ ਅਥਾਰਟੀ ਸ਼੍ਰੀ ਰਜਤ ਉਬਰਾਏ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਗਰੀਨ ਫ਼ੀਲਡ ਇਲਾਕੇ ਵਿਚ ਚੋਣ ਚਰਚਾ ਗਲੀ-ਗਲੀ ਵੋਟਰ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ।

ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਵਿਧਾਨਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਸ਼੍ਰੀ ਰਾਜਕੁਮਾਰ ਨੇ ਦੱਸਿਆ ਕਿ ਆਕਸਫ਼ੋਰਡ ਸਕੂਲ ਦੇ ਵਿਦਿਆਰਥੀਆਂ ਵਲੋਂ ਸ਼ਾਨਦਾਰ ਚੋਣ ਸੁਨੇਹੇ ਅਤੇ ਕਾਰਡ ਬਣਾ ਕੇ ਆਮ ਜਨਤਾ ਨੂੰ ਚੋਣ ਚੇਤਨਾ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਇਲਾਕੇ ਦੇ ਕਾਫ਼ੀ ਘਰਾਂ ਵਿੱਚ ਜਾ ਕੇ ਲੋਕਾਂ ਨੂੰ ਵੋਟ ਦਾ ਪ੍ਰਯੋਗ ਕਰਨ ਦੀ ਅਪੀਲ ਕੀਤੀ ਗਈ।

ਉਹਨਾਂ ਦੱਸਿਆ ਕਿ ਇਸ ਮੁਹਿੰਮ ਵਿਚ ਆਮ ਲੋਕਾਂ ਨੇ ਵੀ ਹਿੱਸਾ ਲਿਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ।ਸ਼੍ਰੀ ਰਾਜਕੁਮਾਰ ਨੇ ਇਲਾਕੇ ਦੇ ਲੋਕਾਂ ਨੂੰ ਚੋਣ ਦਾ ਪੂਰਾ ਮਹੱਤਵ ਸਮਝਾਉਂਦੇ ਹੋਏ ਲੋਕਤੰਤਰ ਵਿਚ ਹਿੱਸਾ ਪਾਉਣ ਅਤੇ ਵੋਟ ਪਾਉਣ ਲਈ ਪ੍ਰੇਰਿਤ ਕੀਤਾ।

# ਨੌਜਵਾਨ ਵੋਟਰਾਂ ਨੂੰ ਕੀਤਾ ਗਿਆ ਜਾਗਰੂਕ




**ਅੰਮ੍ਰਿਤਸਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਤਹਿਤ ਕਰਵਾਈਆਂ ਜਾ ਰਹੀਆਂ ਦੀ ਲੜੀ ਵਿੱਚ ਸਥਾਨਕ ਸੰਨ ਫ਼ਾਊਡੇਸ਼ਨ ਮਲਟੀਪਲ ਸਕਿੱਲ ਸੈਂਟਰ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦਿਵਿਆਂਗ ਵੋਟਰਾਂ ਸਬੰਧੀ ਕਾਰਜ ਕਰ ਰਹੇ ਨੋਡਲ ਅਫ਼ਸਰ ਸ਼੍ਰੀਮਤੀ ਸੰਤੋਸ਼ ਕੁਮਾਰੀ ਅਤੇ ਨੀਰਜ ਬਾਲਾ ਨੇ ਦੱਸਿਆ ਕਿ ਅਗਾਮੀ ਲੋਕਸਭਾ ਚੋਣਾਂ ਵਿੱਚ ਵੋਟਰਾਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲਗਾਤਾਰ ਵੋਟਰ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

ਉਹਨਾਂ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਵਲੋਂ ਵੋਟਰ ਜਾਗਰੂਕਤਾ ਲਈ ਕਈ ਨਿਵੇਕਲੀਆਂ ਕੋਸ਼ਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸਨੂੰ ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਦਫ਼ਤਰ,ਪੰਜਾਬ ਵਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਅੰਮ੍ਰਿਤਸਰ ਲੋਕਸਭਾ ਸੀਟ ਲਈ ਪੈਣ ਵਾਲੀਆਂ ਵੋਟਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ।ਉਹਨਾਂ ਦੱਸਿਆ ਕਿ ਚੋਣ ਕਮਿਸ਼ਨ ਵਲੋਂ ਇਸ ਵਾਰ 70 ਪ੍ਰਤੀਸ਼ਤ ਤੋਂ ਵੱਧ ਪੋਲਿੰਗ ਦਾ ਟੀਚਾ ਮਿੱਥਿਆ ਗਿਆ ਹੈ,ਇਸ ਲਈ ਸਾਰੇ ਵੋਟਰਾਂ ਨੂੰ 1 ਜੂਨ ਨੂੰ ਆਪਣੇ ਵੋਟ ਦੇ ਹੱਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।

ਉਹਨਾਂ ਕਿਹਾ ਕਿ ਵੋਟਾਂ ਵਾਲੇ ਦਿਨ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਵੋਟਰ ਆਪਣੇ ਵੋਟ ਪਾਉਣ ਦੇ ਹੱਕ ਦੀ ਵਰਤੋਂ ਸਵੇਰੇ ਕਰਨ ਦੀ ਕੋਸ਼ਸ਼ ਕਰਨ,ਤਾਂ ਜੋ ਦਿਨ ਵੇਲੇ ਗਰਮੀ ਤੋਂ ਬਚਿਆ ਜਾ ਸਕੇ।

ਉਹਨਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੋਟਿੰਗ ਵਾਲੇ ਦਿਨ ਠੰਡੇ-ਮਿੱਠੇ ਜਲ ਦੀਆਂ ਛਬੀਲਾਂ,ਪੱਖਿਆਂ ਅਤੇ ਸ਼ਮੀਆਨੇਆਂ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ,ਤਾਂ ਜੋ ਲੋਕਾਂ ਨੂੰ ਵੋਟ ਪਾਉਣ ਲਈ ਕਿਸੇ ਕਿਸਮ ਦੀ ਵੀ ਦਿੱਕਤ ਦਾ ਸਾਹਮਣਾ ਨਾਂ ਕਰਨਾ ਪਵੇ।

ਇਸ ਮੌਕੇ ਬੋਲਦੇ ਹੋਏ ਜਸਟ ਸੇਵਾ ਸੋਸਾਇਟੀ ਦੇ ਪ੍ਰਧਾਨ ਸ.ਹਰਸਿਮਰਨ ਸਿੰਘ ਨੇ ਕਿਹਾ ਕਿ ਚੋਣ ਕਮਿਸ਼ਨ ਵਲੋਂ ਕੇ.ਵਾਈ.ਸੀ. ਮੋਬਾਈਲ ਐਪ ਚਾਲੂ ਕੀਤੀ ਗਈ ਹੈ,

ਜਿਸ ਨੂੰ ਡਾਊਨਲੋਡ ਕਰਕੇ ਕਿਸੇ ਵੀ ਉਮੀਦਵਾਰ ਬਾਰੇ ਵਿਸਤਾਰਿਤ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

ਇਸ ਮੌਕੇ ਸੰਗਰਾਮ ਕੁਮਾਰ ਸਾਹੂ,ਨੀਰਜ ਬਾਲਾ ਨੇ ਦੱਸਿਆ ਕਿ ਅਗਾਮੀ ਲੋਕਸਭਾ ਚੋਣਾਂ ਵਿੱਚ ਵੋਟਰਾਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲਗਾਤਾਰ ਵੋਟਰ ਜਾਗਰੂਕਤਾ ਸੁਖਜਿੰਦਰ ਸਿੰਘ ਛਤਵਾਲ, ਪਰਮਿੰਦਰਜੀਤ ਕੌਰ, ਸੁਨੀਲ ਕੁਮਾਰ, ਪ੍ਰਦੀਪ ਬੋਸ, ਪੰਕਜ ਕੁਮਾਰ, ਆਸ਼ੂ ਧਵਨ ਅਤੇ ਮੁਨੀਸ਼ ਕੁਮਾਰ ਵੀ ਹਾਜ਼ਰ ਸਨ।

# ਮਹਾਰਾਣੀ ਪ੍ਰਨੀਤ ਕੌਰ ਦੀ ਚੋਣ ਮੁਹਿੰਮ ਲਈ ਬੰਨੀ ਚੈਹਿਲ ਨੇ ਕੀਤਾ 37 ਨੰਬਰ ਵਾਰਡ ਵਿਚ ਡੋਰ ਟੂ ਡੋਰ ਪ੍ਰਚਾਰ

**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਮਹਾਰਾਣੀ ਪ੍ਰਨੀਤ ਕੌਰ ਜੀ ਦੀ ਚੋਣ ਮੁਹਿੰਮ ਲਈ ਡੋਰ ਟੂ ਡੋਰ ਪ੍ਰਚਾਰ ਕਰਦੇ ਹੋਏ ਬੰਨੀ ਚੈਹਿਲ ਅਤੇ ਹੋਰ।

ਭਾਰਤੀ ਜਨਤਾ ਪਾਰਟੀ ਦੇ ਪਟਿਆਲਾ ਤੋਂ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਜੀ ਦੀ ਚੋਣ ਮੁਹਿੰਮ ਲਈ ਸਾਬਕਾ ਮੁੱਖ ਮੰਤਰੀ ਪੰਜਾਬ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਜੀ ਦੇ ਪਰਿਵਾਰਕ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਪਟਿਆਲਾ ਸ਼ਹਿਰ ਦੇ ਵਾਰਡ ਨੰਬਰ 37 ਵਿਚ ਡੋਰ ਟੂ ਡੋਰ ਪ੍ਰਚਾਰ ਬੀਬਾ ਪ੍ਰੀਤ, ਬੀਬਾ ਸਿੰਮੀ,ਮੁਨੀਸ ਪੁਰੀ, ਸਵਰੂਪ ਭਾਟੀਆ,ਹਰਪ੍ਰੀਤ ਸਿੰਘ ਪੀਤਾ, ਯਸ਼ਪਾਲ,ਪ੍ਰਮੋਦ ਸ਼ਰਮਾ, ਪੱਪੂ ਅਰੋੜਾ,ਹਨੀ ਸਿੰਘ ਅਤੇ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਕੀਤਾ, ਇਸ ਮੌਕੇ ਬੰਨੀ ਚੈਹਿਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ ਨੇ 150 ਕਰੋੜ ਦੀ ਲਾਗਤ ਨਾਲ ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ ਦੀ ਮਲਟੀ ਸੁਪਰ ਸਪੈਸਲਿਟੀ ਹਸਪਤਾਲ ਦਾ ਨਿਰਮਾਣ ਕਰਵਾਇਆ,92 ਕਰੋੜ ਦੀ ਲਾਗਤ ਨਾਲ ਰਾਜਿੰਦਰਾ ਹਸਪਤਾਲ ਤੇ ਮੈਡੀਕਲ ਕਾਲਜ ਦੀ ਮੁਰੰਮਤ ਕਰਵਾਈ, 503 ਕਰੋੜ ਰੁਪਏ ਦੀ ਲਾਗਤ ਨਾਲ ਪਟਿਆਲਾ ਨਿਵਾਸੀਆ ਵਾਸਤੇ ਪੀਣ ਵਾਲੇ ਪਾਣੀ ਸਾਫ ਦੀ ਵਿਵਸਥਾ ਕੀਤੀ ਇਸ ਤੋਂ ਇਲਾਵਾ ਜਦੋਂ ਮਹਾਰਾਣੀ ਪ੍ਰਨੀਤ ਕੌਰ ਕੇਂਦਰ ਵਿਚ ਵਿਦੇਸ਼ ਮੰਤਰੀ ਸਨ ਤਾਂ ਉਨ੍ਹਾਂ ਦੁਬਈ ਵਿਚ ਫਾਂਸੀ ਦੀ ਸਜ਼ਾ ਵਾਲੇ 17 ਭਾਰਤੀ ਨੌਜਵਾਨਾਂ ਨੂੰ ਛੁਡਾਉਣ ਵਿਚ ਮਦਦ ਕੀਤੀ,

ਇਟਲੀ ਵਿਚ ਗੈਰ ਕਾਨੂੰਨੀ ਤੌਰ ਤੇ 40 ਹਜ਼ਾਰ ਤੋਂ ਵੱਧ ਭਾਰਤੀਆਂ ਜਿਨ੍ਹਾਂ ਵਿਚੋਂ 16 ਹਜ਼ਾਰ ਪੰਜਾਬੀ ਸਨ ਪੱਕੇ ਕਰਵਾਇਆ, ਦਸਤਾਰ ਮੁੱਦੇ ਤੇ ਫਰਾਂਸ ਅਤੇ ਇਟਲੀ ਵਿਚ ਦ੍ਰਿੜਤਾ ਨਾਲ ਸਟੈਂਡ ਲਿਆ,ਵਿਦੇਸਾ ਵਿਚ ਮਾਰੇ ਗਏ ਭਾਰਤੀਆਂ/ ਪੰਜਾਬੀਆਂ ਦੇ ਪਰਿਵਾਰਾਂ ਨੂੰ ਐਕਸ ਗ੍ਰੇਸੀਆ ਗ੍ਰਾਂਟ ਭਾਰਤ ਸਰਕਾਰ ਤੋਂ ਪਹਿਲੀ ਵਾਰ ਅਦਾ ਕਰਵਾਈ ,ਵਿਦੇਸਾ ਵਿਚ ਸਵਰਗਵਾਸ ਹੋ ਗਏ ਵਿਅਕਤੀਆਂ ਦੀਆਂ ਮ੍ਰਿਤਕ ਦੇਹਾਂ ਨੂੰ ਸਰਕਾਰੀ ਖਰਚੇ ਤੇ ਭਾਰਤ ਵਾਪਸ ਲਿਆਉਣ ਦੀ ਸੁਵਿਧਾ ਲਾਗੂ ਕਰਵਾਈ ,

ਇਸ ਤੋਂ ਇਲਾਵਾ ਅਨੇਕਾਂ ਵਿਕਾਸ ਕਾਰਜ ਪਟਿਆਲਾ ਜ਼ਿਲ੍ਹੇ ਵਿੱਚ ਕਰਵਾਏ ਗਏ,ਨੇ ਹਮੇਸ਼ਾ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਹਲਕਿਆਂ ਵਿਚ ਅਨੇਕਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਿਆ ਹੈ ਅਤੇ ਹਮੇਸ਼ਾ ਹਰ ਇਕ ਦੇ ਦੁੱਖ ਸੁੱਖ ਵਿਚ ਹਮੇਸ਼ਾ ਸ਼ਮੂਲੀਅਤ ਕੀਤੀ ਹੈ ਜਿਸ ਕਾਰਨ ਨੌਜਵਾਨਾ ਵਰਗ ਅਤੇ ਪਬਲਿਕ ਵਿੱਚ ਮਹਾਰਾਣੀ ਪ੍ਰਨੀਤ ਕੌਰ ਦੇ ਹੱਕ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਜਿਸ ਕਾਰਨ ਪ੍ਰਨੀਤ ਕੌਰ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ।

# ਥਾਣਾ ਸਦਰ ਪਟਿਆਲਾ ਪੁਲਿਸ ਨੇ ਕੀਤਾ ਸੱਤ ਵਿਅਕਤੀਆਂ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ

**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਦਰ ਪਟਿਆਲਾ ਦੀ ਪੁਲਿਸ ਨੇ ਸੱਤ ਵਿਅਕਤੀਆਂ ਵਿਰੁੱਧ ਧਾਰਾ 307, 323, 324, 341, 148, 149 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਨਿਖਿਲ ਪੁੱਤਰ ਰਾਹੀ ਰਾਮ ਵਾਸੀ ਰਾਜਾ ਰਾਮ ਫਾਰਮ ਬਹਾਦਰਗੜ੍ਹ ਥਾਣਾ ਸਦਰ ਪਟਿਆਲਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਜਦੋਂ ਉਹ ਆਪਣੀ ਭੈਣ ਨੂੰ ਮਿਲਣ ਲਈ ਬਹਾਦਰਗੜ੍ਹ ਵਿਖੇ ਆਇਆ ਸੀ ਤਾਂ ਆਪਣੇ ਦੋਸਤ ਨਾਲ ਅੰਡਰ ਬ੍ਰਿਜ ਬਹਾਦਰਗੜ੍ਹ ਵਿਖੇ ਖੜਾ ਸੀ ਤੇ ਇੰਨੇ ਵਿੱਚ ਹੀ ਵਰਿੰਦਰ ਕੁਮਾਰ, ਖੇਮਰਾਜ ਪੁੱਤਰ ਅਨੁਰਾਧ ਕੁਮਾਰ, ਬਲਜੀਤ ਕੁਮਾਰ, ਕ੍ਰਿਸ਼ਨ ਕੁਮਾਰ ਪੁੱਤਰ ਰਾਮ ਨਿਵਾਸ, ਪ੍ਰਵੀਨ ਕੁਮਾਰ ਪੁੱਤਰ ਨਨਕੂ, ਨਿਖਿਲ ਪੁੱਤਰ ਵਰਿੰਦਰ ਕੁਮਾਰ, ਪ੍ਰਤਾਪ ਪੁੱਤਰ ਫਤਿਹ ਬਹਾਦਰ ਵਾਸੀ ਰਾਜਾ ਰਾਮ ਫਾਰਮ ਬਹਾਦਰਗੜ੍ਹ ਥਾਨਾ ਸਦਰ ਪਟਿਆਲਾ ਨੇ ਕਿਰਪਾਨਾਂ ਅਤੇ ਡੰਡਿਆਂ ਨਾਲ ਕਾਰ ਤੇ ਸਵਾਰ ਹੋ ਕੇ ਆਉਣ ਤੋਂ ਬਾਅਦ ਉਹਨਾਂ ਦੀ ਘੇਰ ਕੇ ਕੁੱਟ ਮਾਰ ਕੀਤੀ ਅਤੇ ਪ੍ਰਵੀਨ ਕੁਮਾਰ ਨੇ ਜਾਨੋ ਮਾਰਨ ਦੀ ਨੀਅਤ ਨਾਲ ਆਪਣੇ ਹੱਥ ਵਿੱਚ ਫੜੀ ਕਿਰਪਾਨ ਦਾ ਵਾਰ ਉਸਦੇ ਸਿਰ 'ਤੇ ਕੀਤਾ ਅਤੇ ਮੌਕੇ ਤੋਂ ਫਰਾਰ ਹੋ ਗਏ।

ਸ਼ਿਕਾਇਤ ਕਰਤਾ ਨਿਖਿਲ ਹਰਜਿੰਦਰ ਹਸਪਤਾਲ ਪਟਿਆਲਾ ਵਿਖੇ ਉਕਤ ਘਟਨਾ ਤੋਂ ਬਾਅਦ ਇਲਾਜ ਅਧੀਨ ਹੈ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜੋਸ਼ੀ ਨੇ ਕਵਲਜੀਤ ਭਾਟੀਆ ਕੋਲੋਂ ਲਿਆ ਅਸ਼ੀਰਵਾਦ



**ਅੰਮ੍ਰਿਤਸਰ, 22 ਮਈ**
**- ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਗੁਰੂ ਨਗਰੀ ਵਿੱਚੋਂ ਮੁੜ ਆਪਣੀ ਕਿਸਮਤ ਅਜਮਾਉਣ ਲਈ ਨਿਤਰੇ ਅਕਾਲੀ ਦਲ ਦੇ ਆਗੂ ਅਨਿਲ ਜੋਸ਼ੀ ਵੱਲੋਂ ਸ਼ਹਿਰ ਭਰ ਵਿੱਚ ਆਪਣੇ ਸਮਰਥਕਾਂ ਨਾਲ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਇਸ ਦੌਰਾਨ ਉਨਾਂ ਵੱਲੋਂ ਇਲਾਕਾ ਰਾਮ ਬਾਗ ਵਿੱਚ ਬੀਤੇ ਦਿਨੀ ਉਹਨਾਂ ਦੇ ਪੁਰਾਣੇ ਹਮਦਰਦ ਅਤੇ ਸਾਥੀ ਰਾਜਕੁਮਾਰ ਉਰਫ ਰਾਜੂ ਜੂਡੋ ਵੱਲੋਂ ਅਕਾਲੀ ਦਲ ਨੂੰ ਸਮਰਥਨ ਦੇਣ ਉਪਰੰਤ ਅੱਜ ਅਨਲ ਜੋਸ਼ੀ ਉਚੇਚੇ ਤੌਰ ਤੇ ਟਕਸਾਲੀ ਅਤੇ ਸੀਨੀਅਰ ਅਕਾਲੀ ਆਗੂ ਕਵਲਜੀਤ ਸਿੰਘ ਭਾਟੀਆ ਰਾਮ ਬਾਗ ਸਥਿਤ ਉਹਨਾਂ ਦੀ ਭਾਟਿਆ ਸਵੀਟ ਸ਼ਾਪ ਤੇ ਉਚੇਚੇ ਤੌਰ ਤੇ ਥਾਪੜਾ ਲੈਣ ਲਈ ਪੁਜੇ।

ਇਸ ਦੌਰਾਨ ਕਵਲਜੀਤ ਸਿੰਘ ਭਾਟੀਆ ਜੋ ਕਿ ਇੱਕ ਨਾਮਵਰ ਸ਼ਖਸ਼ੀਅਤ ਹਨ ਦੇ ਇੱਕ ਹੀ ਸੱਦੇ ਤੇ ਸਮੂਹ ਰਾਮ ਬਾਗ ਮਰਚੈਂਟ ਐਸੋਸੀਏਸ਼ਨ ਅਤੇ ਦੁਕਾਨਦਾਰਾਂ ਵੱਲੋਂ ਭਾਟੀਆ ਜੀ ਰਾਹੀਂ ਅਨਿਲ ਜੋਸ਼ੀ ਨੂੰ ਸਮਰਥਨ ਦੇਣ ਦੀ ਗੱਲ ਕਹੀ। ਉਥੇ ਹੀ ਅਨਿਲ ਜੋਸੀ ਵੱਲੋਂ ਵੀ ਕਿਹਾ ਗਿਆ ਕਿ ਅਗਰ ਉਹ ਮੁੜ ਸੀਟ ਜਿੱਤ ਗੁਰੂ ਨਗਰੀ ਦੀ ਸੇਵਾ ਲਈ ਆਉਂਦੇ ਹਨ ਤਾਂ ਉਹ ਇਸ ਇਲਾਕੇ ਦਾ ਯਕੀਨੀ ਤੌਰ ਤੇ ਰਹਿੰਦੇ ਹੋਏ ਕੰਮ ਦਾ ਵੀ ਕਾਇਆਕਲਪ ਕਰਵਾਉਣਗੇ।

ਉਹਨਾਂ ਨੇ ਦੱਸਿਆ ਕਿ ਪਹਿਲਾਂ ਵੀ ਉਹਨਾਂ ਵੱਲੋਂ ਸ਼ਹਿਰ ਦੇ ਵਿੱਚ ਵਿਕਾਸ ਦੀ ਕੋਈ ਕਮੀ ਨਹੀਂ ਛੱਡੀ ਗਈ ਸੀ, ਇਸ ਦੌਰਾਨ ਕਵਲਜੀਤ ਸਿੰਘ ਭਾਟੀਆ ਨੇ ਵੀ ਅਨਿਲ ਜੋਸ਼ੀ ਨੂੰ ਆਪਣੇ ਸਮਰਥਕਾਂ ਸਮੇਤ ਵੱਡੀ ਲੀਡ ਦਵਾਉਣ ਦੀ ਗੱਲ ਵੀ ਕਹੀ। ਕੈਪਸਨ। ਸਥਾਨਕ ਰਾਮਬਾਗ ਤੇ ਉਚੇਚੇ ਤੌਰ ਤੇ ਪੁੱਜੇ ਅਨਿਲ ਜੋਸ਼ੀ ਅਕਾਲੀ ਉਮੀਦਵਾਰ ਭਾਟੀਆ ਸਵੀਟ ਦੇ ਅਜਮਾਉਣ ਲਈ ਨਿਤਰੇ ਅਕਾਲੀ ਦਲ ਦੇ ਆਗੂ ਅਨਿਲ ਜੋਸ਼ੀ ਵੱਲੋਂ ਸ਼ਹਿਰ ਭਰ ਵਿੱਚ ਆਪਣੇ ਸਮਰਥਕਾਂ ਨਾਲ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਇਸ ਦੌਰਾਨ ਉਨਾਂ ਵੱਲੋਂ ਇਲਾਕਾ ਰਾਮ ਬਾਗ ਵਿੱਚ ਬੀਤੇ ਦਿਨੀ ਉਹਨਾਂ ਅਕਾਲੀ ਆਗੂ ਕਵਲਜੀਤ ਸਿੰਘ ਭਾਟੀਆ ਕੋਲੋਂ ਥਾਪੜਾ ਲੈਂਦੇ ਹੋਏ।

## ਸੰਪਾਦਕੀ

# ਪੰਜਵੇਂ ਗੇੜ ਦੀਆਂ ਚੋਣਾਂ

ਸੱਤ ਗੇੜਾਂ ਵਿਚ ਹੋ ਰਹੀਆਂ ਭਾਰਤ ਦੀਆਂ ਲੋਕ ਸਭਾ ਚੋਣਾਂ ਦੇ ਪੰਜਵੇਂ ਗੇੜ ਵਿੱਚ ਵੋਟਰ ਛੇ ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 49 ਸੀਟਾਂ ਲਈ ਮੁਕਾਬਲਾ ਕਰ ਰਹੇ 695 ਉਮੀਦਵਾਰਾਂ ਦਾ ਭਵਿੱਖ ਤੈਅ ਕਰਨਗੇ। ਇਨ੍ਹਾਂ ਵਿੱਚ ਲੱਦਾਖ ਵੀ ਸ਼ਾਮਿਲ ਹੈ। ਇਸ ਗੇੜ ਦੇ ਪੂਰਾ ਹੋਣ ਦੇ ਨਾਲ 543 ਹਲਕਿਆਂ ਵਿੱਚੋਂ 428 ’ਤੇ ਵੋਟਾਂ ਦਾ ਅਮਲ ਮੁਕੰਮਲ ਹੋ ਜਾਵੇਗਾ ਅਤੇ ਆਖ ?ਰੀ ਦੋ ਗੇੜਾਂ ਵਿੱਚ 115 ਸੀਟਾਂ ਬਚਣਗੀਆਂ। ਇਸ ਗੇੜ ਦੇ ਪ੍ਰਮੁੱਖ ਉਮੀਦਵਾਰਾਂ ਵਿੱਚ ਅਮੇਠੀ ਤੋਂ ਭਾਰਤੀ ਜਨਤਾ ਪਾਰਟੀ ਦੀ ਆਗੂ ਸਮ੍ਰਿਤੀ ਇਰਾਨੀ, ਰਾਏਬਰੇਲੀ ਤੋਂ ਕਾਂਗਰਸ ਦੇ ਰਾਹੁਲ ਗਾਂਧੀ, ਲਖਨਊ ਤੋਂ ਭਾਜਪਾ ਦੇ ਰਾਜਨਾਥ ਸਿੰਘ ਅਤੇ ਜੰਮੂ ਕਸ਼ਮੀਰ ਦੇ ਬਾਰਾਮੂਲਾ ਤੋਂ ਨੈਸ਼ਨਲ ਕਾਨਫਰੰਸ ਦੇ ਉਮਰ ਅਬਦੁੱਲਾ ਸ਼ਾਮਿਲ ਹਨ।

ਲੰਮੀ ਚੁਣਾਵੀ ਪ੍ਰਕਿਰਿਆ ਕੁਝ ਥਕਾਊ ਹੋਣ ਦੇ ਬਾਵਜੂਦ ਪੰਜਵੇਂ ਗੇੜ ਤੱਕ ਚੱਲਿਆ ਚੋਣ ਪ੍ਰਚਾਰ ਕਾਫ਼ੀ ਤਿੱਖਾ ਰਿਹਾ ਹੈ। ਸਿਆਸੀ ਪਾਰਟੀਆਂ ਨੇ ਵੋਟਰਾਂ ਦਾ ਧਿਆਨ ਖਿੱਚਣ ਲਈ ਕਈ ਗ਼ੈਰ-ਰਵਾਇਤੀ ਕਦਮ ਚੁੱਕੇ ਹਨ ਜਿਨ੍ਹਾਂ ’ਤੇ ਅਕਸਰ ਭਾਰਤੀ ਚੋਣ ਕਮਿਸ਼ਨ ਨੇ ਨਾਰਾਜ਼ਗੀ ਵੀ ਜਤਾਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਚੋਣ ਕਮਿਸ਼ਨ ਦੀ ਛਾਣ-ਬੀਣ ਤੋਂ ਬਚਣ ਦੀ ਕੋਸ਼ਿਸ਼ ਕਰਦਿਆਂ ਹਿੰਦੂਆਂ ਤੇ ਮੁਸਲਮਾਨਾਂ ਬਾਰੇ ਆਪਣੇ ਪਿਛਲੇ ਵਿਵਾਦਤ ਬਿਆਨਾਂ ’ਤੇ ਸਫ਼ਾਈ ਦਿੱਤੀ ਹੈ ਅਤੇ ਵੱਡੇ ਪਰਿਵਾਰਾਂ ’ਤੇ ਕੀਤੀਆਂ ਇਨ੍ਹਾਂ ਟਿੱਪਣੀਆਂ ਨੂੰ ਸਮਾਜ ਦੇ ਗ਼ਰੀਬ ਤਬਕਿਆਂ ਵੱਲ ਸੇਧਿਤ ਦੱਸਿਆ ਹੈ। ਇਸੇ ਦੌਰਾਨ ਕਾਂਗਰਸ ਦੇ ਆਗੂ ਸੈਮ ਪਿਤਰੋਦਾ ਨੂੰ ਉਨ੍ਹਾਂ ਦੀਆਂ ਨਸਲਵਾਦੀ ਟਿੱਪਣੀਆਂ ’ਤੇ ਖੜ੍ਹੇ ਹੋਏ ਵਿਵਾਦ ਤੋਂ ਬਾਅਦ ਅਸਤੀਫ਼ਾ ਦੇਣਾ ਪਿਆ। ਪੱਛਮੀ ਬੰਗਾਲ ਵਿੱਚ ਭਾਜਪਾ ਉਮੀਦਵਾਰ ਤੇ ਸੇਵਾਮੁਕਤ ਜੱਜ ਅਭਿਜੀਤ ਗੰਗੋਪਾਧਿਆਏ ਨੂੰ ਮੁੱਖ ਮੰਤਰੀ ਮਮਤਾ ਬੈਨਰਜੀ ਬਾਰੇ ਉਨ੍ਹਾਂ ਦੀਆਂ ਅਪਮਾਨਜਨਕ ਤੇ ਮਹਿਲਾ ਵਿਰੋਧੀ ਟਿੱਪਣੀਆਂ ਲਈ ਚੋਣ ਕਮਿਸ਼ਨ ਨੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਆਮ ਆਦਮੀ ਪਾਰਟੀ ਵੀ ਆਪਣੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਦੇ ਅਰਵਿੰਦ ਕੇਜਰੀਵਾਲ ਦੇ ਸਹਿਯੋਗੀ ’ਤੇ ਲਾਏ ਕਥਿਤ ਕੁੱਟਮਾਰ ਦੇ ਦੋਸ਼ਾਂ ਕਾਰਨ ਸੰਕਟ ’ਚ ਘਿਰੀ ਹੈ ਜਦੋਂਕਿ ਭਾਜਪਾ ਇਸ ਵਿਵਾਦ ਦਾ ਫਾਇਦਾ ਚੁੱਕ ਕੇ ਆਮ ਆਦਮੀ ਪਾਰਟੀ ’ਤੇ ਹੋਰ ਨਿਸ਼ਾਨਾ ਸੇਧ ਰਹੀ ਹੈ।

ਇਨ੍ਹਾਂ ਵਿਵਾਦਾਂ ਤੇ ਰਣਨੀਤਕ ਚਾਲਬਾਜ਼ੀਆਂ ਵਿਚਾਲੇ ਅਸਲ ਮੁੱਦੇ ਫਿੱਕੇ ਪੈ ਜਾਂਦੇ ਹਨ ਜੋ ਲੋਕਾਂ ਦੀ ਰੋਜ਼ਮੱਰਾ ਜਿ ?ਦਗੀ ਨੂੰ ਪ੍ਰਭਾਵਿਤ ਕਰਦੇ ਹਨ। ਸਿਆਸੀ ਬਿਆਨਬਾਜ਼ੀ ਜਿ ?ਆਦਾਤਰ ਕਿਸੇ ਠੋਸ ਚਰਚਾ ਤੋਂ ਭਟਕੀ ਹੋਈ ਹੈ, ਉਲਟਾ ਇਹ ਨਿੱਜੀ ਹਮਲਿਆਂ ਤੇ ਭੜਕਾਊ ਬਿਆਨਾਂ ’ਤੇ ਕੇਂਦਰਿਤ ਹੈ। ਇਹ ਰੁਝਾਨ ਲੋਕਤੰਤਰੀ ਰਾਬਤੇ ਦੀ ਅਖੰਡਤਾ ਨੂੰ ਖ਼ੋਰਾ ਲਾਉਂਦਾ ਹੈ ਤੇ ਵੋਟਰਾਂ ਨੂੰ ਨੀਤੀਆਂ ਤੇ ਸ਼ਾਸਨ ਦੇ ਆਧਾਰ ਉੱਤੇ ਸਹੀ ਫ਼ੈਸਲਾ ਲੈਣ ਦੇ ਮੌਕੇ ਤੋਂ ਵਾਂਝਾ ਕਰਦਾ ਹੈ। ਇਹ ਰੁਝਾਨ ਇਨ੍ਹਾਂ ਚੋਣਾਂ ਦੌਰਾਨ ਕੁਝ ਵਧੇਰੇ ਦੇਖਣ ਨੂੰ ਮਿਲ ਰਿਹਾ ਹੈ। ਇਸ ਨੂੰ ਠੱਲ੍ਹਣ ਦੀ ਜਿ ?ਮੇਵਾਰੀ ਭਾਰਤੀ ਚੋਣ ਕਮਿਸ਼ਨ ਦੀ ਹੈ। ਵਿਰੋਧੀ ਧਿਰ ਚੋਣ ਕਮਿਸ਼ਨ ਬਾਰੇ ਵਾਰ-ਵਾਰ ਇਹ ਟਿੱਪਣੀ ਕਰਦੀ ਰਹੀ ਹੈ ਕਿ ਇਸ ਦਾ ਸੱਤਾਧਾਰੀ ਧਿਰ ਪ੍ਰਤੀ ਰਵੱਈਆ ਨਰਮ ਹੈ। ਕੁਝ ਮਾਮਲਿਆਂ ’ਚ ਅਜਿਹੀਆਂ ਟਿੱਪਣੀਆਂ ਸਹੀ ਵੀ ਜਾਪਦੀਆਂ ਹਨ ਕਿਉਂਕਿ ਧਰਮ ਦੇ ਆਧਾਰ ’ਤੇ ਭੜਕਾਊ ਬਿਆਨਾਂ ਬਾਰੇ ਚੋਣ ਕਮਿਸ਼ਨ ਤੁਰੰਤ ਕਾਰਵਾਈ ਕਰਨ ਤੋਂ ਖੁੰਝ ਗਿਆ ਹੈ।

# ਵਾਦੀ ’ਚ ਦਹਿਸ਼ਤੀ ਹਮਲੇ

ਬਾਰਾਮੂਲਾ ਲੋਕ ਸਭਾ ਹਲਕੇ ਵਿੱਚ ਚੋਣਾਂ ਤੋਂ ਪਹਿਲਾਂ ਸ਼ਨਿਚਰਵਾਰ ਰਾਤ ਅਤਿਵਾਦੀਆਂ ਨੇ ਸ਼ੋਪੀਆਂ ਵਿੱਚ ਸਾਬਕਾ ਸਰਪੰਚ ਅਤੇ ਅਨੰਤਨਾਗ ਵਿੱਚ ਰਾਜਸਥਾਨ ਦੇ ਸੈਲਾਨੀ ਜੋੜੇ ਨੂੰ ਨਿਸ਼ਾਨਾ ਬਣਾਇਆ ਹੈ। ਇਨ੍ਹਾਂ ਹਮਲਿਆਂ ਜਿਨ੍ਹਾਂ ਵਿੱਚ ਸਾਬਕਾ ਸਰਪੰਚ ਐਜਾਜ਼ ਸ਼ੇਖ ਦੀ ਜਾਨ ਚਲੀ ਗਈ ਹੈ ਤੇ ਸੈਰ-ਸਪਾਟੇ ਲਈ ਆਏ ਦੋ ਜਣੇ ਫੱਟੜ ਹੋ ਗਏ ਹਨ, ਨੇ ਇਸ ਪੱਖ ਤੋਂ ਸੁਰੱਖਿਆ ਬਲਾਂ ਲਈ ਸ਼ੱਕ ਦੀ ਕੋਈ ਗੁੰਜ਼ਾਇਸ਼ ਨਹੀਂ ਛੱਡੀ ਹੈ ਕਿ ਉਹ ਚੌਕਸੀ ਵਿੱਚ ਢਿੱਲ ਨਹੀਂ ਵਰਤ ਸਕਦੇ। ਇਹ ਹਿੰਸਾ ਸਪੱਸ਼ਟ ਤੌਰ ’ਤੇ ਕਸ਼ਮੀਰ ’ਚ ਚੁਣਾਵੀ ਪ੍ਰਕਿਰਿਆ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਹੈ। ਬਾਰਾਮੂਲਾ ਵਿਚ ਅੱਜ ਚੋਣ ਹੋ ਰਹੀ ਹੈ ਜਦੋਂਕਿ ਅਨੰਤਨਾਗ-ਰਾਜੌਰੀ ਸੀਟ ਉੱਤੇ ਵੋਟਾਂ 25 ਮਈ ਨੂੰ ਪੈਣਗੀਆਂ।

ਨੈਸ਼ਨਲ ਕਾਨਫਰੰਸ (ਐੱਨਸੀ), ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਨ੍ਹਾਂ ਹਮਲਿਆਂ ਦੀ ਨਿਖੇਧੀ ਕੀਤੀ ਹੈ। ਦੱਸਣਯੋਗ ਹੈ ਕਿ ਐਜਾਜ਼ ਸ਼ੇਖ ਭਾਰਤੀ ਜਨਤਾ ਪਾਰਟੀ ਨਾਲ ਜੁੜਿ ?ਆ ਹੋਇਆ ਸੀ ਜੋ ਵਾਦੀ ਵਿੱਚ ਚੋਣ ਨਹੀਂ ਲੜ ਰਹੀ। ਸ੍ਰੀਨਗਰ ਹਲਕੇ ਵਿੱਚ ਪਿਛਲੇ ਹਫ਼ਤੇ ਵੋਟਾਂ ਪਈਆਂ ਸਨ ਅਤੇ ਉੱਥੇ 36 ਪ੍ਰਤੀਸ਼ਤ ਪੋਲਿੰਗ ਹੋਈ ਸੀ। ਇਹ 2019 ਦੀ ਚੋਣ ਪ੍ਰਤੀਸ਼ਤ (14.4) ਨਾਲੋਂ ਕਾਫ਼ੀ ਵੱਧ ਹੈ। ਇਸ ਨਾਲ ਬਾਰਾਮੂਲਾ ਅਤੇ ਅਨੰਤਨਾਗ-ਰਾਜੌਰੀ ਹਲਕਿਆਂ ਵਿੱਚ ਵੀ ਵੋਟਰਾਂ ਤੋਂ ਚੰਗਾ ਹੁੰਗਾਰਾ ਮਿਲਣ ਦੀ ਆਸ ਬੱਝੀ। ਕੇਂਦਰ ਸਰਕਾਰ ਨੂੰ ਇਨ੍ਹਾਂ ਇਲਾਕਿਆਂ ਵਿੱਚ ਲਾਜ਼ਮੀ ਤੌਰ ’ਤੇ ਸੁਰੱਖਿਆ ਵਿੱਚ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਦਹਿਸ਼ਤਗਰਦ ਮੁਕਾਮੀ ਲੋਕਾਂ, ਸੈਲਾਨੀਆਂ, ਪਰਵਾਸੀ ਵਰਕਰਾਂ ਨੂੰ ਨਿਸ਼ਾਨਾ ਨਾ ਬਣਾ ਸਕਣ। ਲੋਕਾਂ ਨੂੰ ਬਿਨਾਂ ਕਿਸੇ ਭੈਅ ਤੋਂ ਵੋਟ ਪਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਇਹ ਨਿੱਗਰ ਸੁਨੇਹਾ ਮਿਲ ਸਕੇ ਕਿ ਜੰਮੂ ਤੇ ਕਸ਼ਮੀਰ ਆਮ ਹਾਲਾਤ ਵੱਲ ਵਧ ਰਿਹਾ ਹੈ। ਉਂਝ, ਇੱਥੇ ਇਕ ਸਵਾਲ ਕੇਂਦਰ ਸਰਕਾਰ ਲਈ ਵੀ ਹੈ। ਸਰਕਾਰ ਲਗਾਤਾਰ ਇਹ ਦਾਅਵਾ ਕਰ ਰਹੀ ਹੈ ਕਿ ਜੰਮੂ ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕਰਨ ਤੋਂ ਬਾਅਦ ਅਤਿਵਾਦ ਵੀ ਘਟਿਆ ਹੈ ਅਤੇ ਖਿੱਤਾ ਵਿਕਾਸ ਦੀ ਲੀਹ ਉੱਤੇ ਵੀ ਪੈ ਗਿਆ ਹੈ। ਜਦੋਂ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਤਾਂ ਹਕੀਕਤ ਕੁਝ ਹੋਰ ਜਾਪਦੀ ਹੈ। ਇਕ ਹੋਰ ਸਵਾਲ ਇਹ ਵੀ ਪੁੱਛਿਆ ਜਾ ਰਿਹਾ ਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਖ਼ੁਦ ਵਾਦੀ ਵਿਚ ਚੋਣਾਂ ਲੜਨ ਤੋਂ ਪਾਸਾ ਕਿਉਂ ਵੱਟਿਆ ਹੈ ?

ਦਹਿਸ਼ਤੀ ਹਮਲਿਆਂ ਨੂੰ ਕਸ਼ਮੀਰ ਦੇ ਦਿਲਚਸਪ ਚੁਣਾਵੀ ਮੁਕਾਬਲਿਆਂ ਨੂੰ ਫਿੱਕਾ ਨਹੀਂ ਪਾਉਣ ਦੇਣਾ ਚਾਹੀਦਾ। ਦਹਿਸ਼ਤੀ ਕਾਰਵਾਈਆਂ ਨੂੰ ਹਰ ਹੀਲੇ ਪਛਾੜਨਾ ਪਵੇਗਾ। ਹਾਲਾਂਕਿ ਬਾਰਾਮੂਲਾ ਵਿੱਚ ਮੁਕਾਬਲਾ ਮੁੱਖ ਤੌਰ ’ਤੇ ਸਾਬਕਾ ਮੁੱਖ ਮੰਤਰੀ ਤੇ ਐੱਨਸੀ ਉਮੀਦਵਾਰ ਉਮਰ ਅਬਦੁੱਲਾ ਅਤੇ ਪੀਪਲਜ਼ ਕਾਨਫਰੰਸ ਦੇ ਮੁਖੀ ਸਜਾਦ ਗ਼ਨੀ ਲੋਨ ਵਿਚਾਲੇ ਹੈ ਪਰ ਅਚਾਨਕ ਮੁਕਾਬਲੇ ਵਿੱਚ ਨਿੱਤਰੇ ਸ਼ੇਖ ਅਬਦੁਲ ਰਾਸ਼ਿਦ ਨੇ ਦੋਵਾਂ ਨੂੰ ਪੱਬਾਂ ਭਾਰ ਕੀਤਾ ਹੋਇਆ ਹੈ। ਇੰਜਨੀਅਰ ਰਾਸ਼ਿਦ ਵਜੋਂ ਜਾਣੇ ਜਾਂਦੇ ਸ਼ੇਖ ਅਬਦੁਲ ਰਾਸ਼ਿਦ ਨੂੰ 2019 ਵਿਚ ਧਾਰਾ 370 ਖ਼ਤਮ ਕੀਤੇ ਜਾਣ ਤੋਂ ਪਹਿਲਾਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਉਦੋਂ ਤੋਂ ਹੀ ਉਹ ਕੈਦ ਵਿੱਚ ਹਨ। ਰਾਸ਼ਿਦ ਸਿਆਸੀ ਤੌਰ ’ਤੇ ਅਨਾੜੀ ਨਹੀਂ ਹਨ: ਉਹ 2008 ਤੇ 2014 ਵਿਚ ਕੁਪਵਾੜਾ ਜਿ ?ਲ੍ਹੇ ਦੀ ਲੰਗੇਟ ਵਿਧਾਨ ਸਭਾ ਸੀਟ ਤੋਂ ਜਿੱਤ ਦਰਜ ਕਰ ਚੁੱਕੇ ਹਨ।

ਹਲਕਾ ਹੱਦਬੰਦੀ ਮਗਰੋਂ ਅਨੰਤਨਾਗ-ਰਾਜੌਰੀ ਸੀਟ ਉੱਤੇ ਵੀ ਬਹੁਕੋਣਾ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ ਐੱਨਸੀ ਦੇ ਮੀਆਂ ਅਲਤਾਫ਼ ਅਹਿਮਦ ਅਤੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਪ੍ਰਾਪਤ ‘ਅਪਨੀ ਪਾਰਟੀ’ ਦੇ ਜ਼ਫਰ ਇਕਬਾਲ ਮਨਹਾਸ ਖਿ ?ਲਾਫ਼ ਚੋਣ ਲੜ ਰਹੀ ਹੈ।

# ਨੌਜਵਾਨਾਂ ਦੀ ਸ਼ਕਤੀ ਦਾ ਇਸਤੇਮਾਲ: ਚੋਣਾਂ ਵਿੱਚ ਭਾਰਤ ਦੇ ਨੌਜਵਾਨਾਂ ਦੀ ਭੂਮਿਕਾ




**ਜਾਣ-ਪਛਾਣ:**
ਭਾਰਤ, ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ, ਦੇਸ਼ ਦੇ ਰਾਜਨੀਤਿਕ ਲੈਂਡਸਕੇਪ ਨੂੰ ਆਕਾਰ ਦੇਣ ਵਿੱਚ ਆਪਣੇ ਲੋਕਾਂ, ਖਾਸ ਕਰਕੇ ਇਸਦੇ ਨੌਜਵਾਨਾਂ ਦੀ ਸ਼ਕਤੀ ਦੇ ਪ੍ਰਮਾਣ ਵਜੋਂ ਖੜ੍ਹਾ ਹੈ। 35 ਸਾਲ ਤੋਂ ਘੱਟ ਉਮਰ ਦੀ ਆਬਾਦੀ ਦੇ ਇੱਕ ਮਹੱਤਵਪੂਰਨ ਹਿੱਸੇ ਦੇ ਨਾਲ, ਭਾਰਤ ਦੇ ਨੌਜਵਾਨ ਖਾਸ ਤੌਰ ’ਤੇ ਚੋਣਾਂ ਦੌਰਾਨ, ਕਾਫ਼ੀ ਪ੍ਰਭਾਵ ਪਾਉਂਦੇ ਹਨ। ਇਹ ਲੇਖ ਭਾਰਤੀ ਚੋਣਾਂ ਵਿੱਚ ਨੌਜਵਾਨਾਂ ਦੀ ਬਹੁਪੱਖੀ ਭੂਮਿਕਾ ਦੀ ਪੜਚੋਲ ਕਰਦਾ ਹੈ, ਉਹਨਾਂ ਦੇ ਪ੍ਰਭਾਵ, ਪ੍ਰੇਰਣਾਵਾਂ ਅਤੇ ਰਾਜਨੀਤਕ ਪਾਰਟੀਆਂ ਦੁਆਰਾ ਉਹਨਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਲਈ ਵਰਤੀਆਂ ਗਈਆਂ ਰਣਨੀਤੀਆਂ ਦੀ ਜਾਂਚ ਕਰਦਾ ਹੈ।

ਭਾਰਤ ਦੇ ਨੌਜਵਾਨਾਂ ਦੀ ਸ਼ਕਤੀ:
ਭਾਰਤ ਦੀ ਨੌਜਵਾਨ ਜਨਸੰਖਿਆ, ਜਿਸ ਨੂੰ 18 ਤੋਂ 35 ਸਾਲ ਦੀ ਉਮਰ ਦੇ ਵਿਅਕਤੀਆਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਚੋਣਾਵੀ ਰਾਜਨੀਤੀ ਵਿੱਚ ਇੱਕ ਜ਼ਬਰਦਸਤ ਤਾਕਤ ਹੈ। 600 ਮਿਲੀਅਨ ਤੋਂ ਵੱਧ ਵਿਅਕਤੀਆਂ ਦੇ ਇਸ ਉਮਰ ਵਰਗ ਦੇ ਅੰਦਰ ਆਉਣ ਦੇ ਨਾਲ, ਉਨ੍ਹਾਂ ਦੀ ਸਮੂਹਿਕ ਆਵਾਜ਼ ਚੋਣ ਨਤੀਜਿਆਂ ਨੂੰ ਨਿਰਧਾਰਤ ਕਰਨ ਵਿੱਚ ਬਹੁਤ ਜ਼ਿਆਦਾ ਪ੍ਰਭਾਵ ਪਾਉਂਦੀ ਹੈ। ਨੌਜਵਾਨ, ਉਹਨਾਂ ਦੀ ਗਤੀਸ਼ੀਲਤਾ, ਆਦਰਸ਼ਵਾਦ ਅਤੇ ਤਬਦੀਲੀ ਦੀ ਇੱਛਾ ਦੁਆਰਾ ਦਰਸਾਏ ਗਏ, ਅਕਸਰ ਰਾਜਨੀਤਿਕ ਸਰਗਰਮੀ ਅਤੇ ਸਮਾਜਿਕ ਅੰਦੋਲਨਾਂ ਵਿੱਚ ਸਭ ਤੋਂ ਅੱਗੇ ਹੁੰਦੇ ਹਨ। ਉਨ੍ਹਾਂ ਦੀ ਊਰਜਾ ਅਤੇ ਉਤਸ਼ਾਹ ਚੋਣ ਭਾਸ਼ਣ ਵਿੱਚ ਨਵੇਂ ਦ੍ਰਿਸ਼ਟੀਕੋਣਾਂ ਨੂੰ ਇੰਜੈਕਟ ਕਰਦੇ ਹਨ, ਰਵਾਇਤੀ ਬਿਰਤਾਂਤਾਂ ਨੂੰ ਚੁਣੌਤੀ ਦਿੰਦੇ ਹਨ ਅਤੇ ਪ੍ਰਗਤੀਸ਼ੀਲ ਨੀਤੀਆਂ ਦੀ ਵਕਾਲਤ ਕਰਦੇ ਹਨ।

**ਨੌਜਵਾਨਾਂ ਦੀ ਭਾਗੀਦਾਰੀ ਨੂੰ ਚਲਾਉਣ ਲਈ ਪ੍ਰੇਰਣਾ:**
ਕਈ ਕਾਰਕ ਭਾਰਤੀ ਚੋਣਾਂ ਵਿੱਚ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਨੂੰ ਪ੍ਰੇਰਿਤ ਕਰਦੇ ਹਨ। ਸਭ ਤੋਂ ਪਹਿਲਾਂ, ਨੌਜਵਾਨ ਵੋਟਰਾਂ ਵਿੱਚ ਸਮਾਜਿਕ-ਆਰਥਿਕ ਸਸ਼ਕਤੀਕਰਨ ਅਤੇ ਸਮਾਵੇਸ਼ੀ ਵਿਕਾਸ ਦੀ ਡੂੰਘੀ ਇੱਛਾ ਹੈ। ਬਹੁਤ ਸਾਰੇ ਲੋਕ ਚੋਣਾਂ ਨੂੰ ਰਾਜਨੀਤਿਕ ਨੇਤਾਵਾਂ ਨੂੰ ਜਵਾਬਦੇਹ ਬਣਾਉਣ ਦੇ ਸਾਧਨ ਵਜੋਂ ਸਮਝਦੇ ਹਨ ਅਤੇ ਨੀਤੀਆਂ ਦੀ ਮੰਗ ਕਰਦੇ ਹਨ ਜੋ ਸਿੱਖਿਆ, ਰੁਜ਼ਗਾਰ ਅਤੇ ਸਿਹਤ ਸੰਭਾਲ ਵਰਗੇ ਨੌਜਵਾਨ-ਕੇਂਦ੍ਰਿਤ ਮੁੱਦਿਆਂ ਨੂੰ ਸੰਬੋਧਿਤ ਕਰਦੇ ਹਨ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦੇ ਆਗਮਨ ਨੇ ਨੌਜਵਾਨਾਂ ਨੂੰ ਰਾਜਨੀਤਿਕ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਹੋਣ, ਸਮਰਥਨ ਜੁਟਾਉਣ ਅਤੇ ਰਵਾਇਤੀ ਤਰੀਕਿਆਂ ਤੋਂ ਪਰੇ ਆਪਣੀ ਆਵਾਜ਼ ਨੂੰ ਵਧਾਉਣ ਲਈ ਸਮਰੱਥ ਬਣਾਇਆ ਹੈ।

ਇਸ ਤੋਂ ਇਲਾਵਾ, ਪਛਾਣ, ਨਿਆਂ ਅਤੇ ਸਮਾਨਤਾ ਦੇ ਮੁੱਦੇ ਭਾਰਤ ਦੇ ਨੌਜਵਾਨਾਂ ਨਾਲ ਮਜ਼ਬੂਤੀ ਨਾਲ ਗੂੰਜਦੇ ਹਨ, ਜਿਸ ਨਾਲ ਉਨ੍ਹਾਂ ਨੂੰ ਸਿਆਸੀ ਵਿਚਾਰਧਾਰਾਵਾਂ ਅਤੇ ਅੰਦੋਲਨਾਂ ਨਾਲ ਮੇਲ ਖਾਂਦਾ ਹੈ ਜੋ ਇਹਨਾਂ ਕਾਰਨਾਂ ਦਾ ਸਮਰਥਨ ਕਰਦੇ ਹਨ। ਭਾਵੇਂ ਇਹ ਲਿੰਗ ਸਮਾਨਤਾ, LGBTQ+ ਅਧਿਕਾਰਾਂ, ਜਾਂ ਵਾਤਾਵਰਣ ਦੀ ਸਥਿਰਤਾ ਦੀ ਵਕਾਲਤ ਕਰ ਰਿਹਾ ਹੈ, ਨੌਜਵਾਨ ਵੋਟਰ ਚੁਣੇ ਹੋਏ ਪ੍ਰਤੀਨਿਧਾਂ ਤੋਂ ਆਪਣੀਆਂ ਚਿੰਤਾਵਾਂ ਅਤੇ ਉਮੀਦਾਂ ਬਾਰੇ ਵੱਧ ਤੋਂ ਵੱਧ ਆਵਾਜ਼ ਉਠਾ ਰਹੇ ਹਨ। ਇਸ ਤੋਂ ਇਲਾਵਾ, ਸਥਾਪਤ ਰਾਜਨੀਤਿਕ ਪਾਰਟੀਆਂ ਤੋਂ ਨਿਰਾਸ਼ਾ ਅਤੇ ਪ੍ਰਣਾਲੀਗਤ ਤਬਦੀਲੀ ਦੀ ਇੱਛਾ ਬਹੁਤ ਸਾਰੇ ਨੌਜਵਾਨਾਂ ਨੂੰ ਜ਼ਮੀਨੀ ਪੱਧਰ ਦੀਆਂ ਲਹਿਰਾਂ, ਸਵੈਸੇਵੀ ਪਹਿਲਕਦਮੀਆਂ, ਅਤੇ ਵਿਕਲਪਕ ਸਿਆਸੀ ਪਲੇਟਫਾਰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕਰਦੀ ਹੈ।




ਰਾਜਨੀਤਿਕ ਪਾਰਟੀਆਂ ਦੁਆਰਾ ਲਾਗੂ ਕੀਤੀਆਂ ਰਣਨੀਤੀਆਂ:
ਨੌਜਵਾਨਾਂ ਦੇ ਵੋਟ ਬੈਂਕ ਦੀ ਮਹੱਤਤਾ ਨੂੰ ਪਛਾਣਦੇ ਹੋਏ, ਭਾਰਤ ਵਿੱਚ ਰਾਜਨੀਤਿਕ ਪਾਰਟੀਆਂ ਨੌਜਵਾਨ ਵੋਟਰਾਂ ਦੇ ਸਮਰਥਨ ਨੂੰ ਜੁਟਾਉਣ ਅਤੇ ਉਨ੍ਹਾਂ ਦੀ ਵਰਤੋਂ ਕਰਨ ਲਈ ਵੱਖ-ਵੱਖ ਰਣਨੀਤੀਆਂ ਤਿਆਰ ਕਰਦੀਆਂ ਹਨ। ਇੱਕ ਆਮ ਚਾਲ ਹੈ ਸੋਸ਼ਲ ਮੀਡੀਆ ਮੁਹਿੰਮਾਂ ਅਤੇ ਡਿਜੀਟਲ ਆਊਟਰੀਚ ਦੀ ਵਰਤੋਂ ਤਕਨੀਕੀ-ਸਮਝਦਾਰ ਨੌਜਵਾਨ ਆਬਾਦੀ ਨਾਲ ਜੁੜਨ ਲਈ। ਫੇਸਬੁੱਕ, ਟਵਿੱਟਰ ਅਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮ ਸਿਆਸੀ ਸੰਦੇਸ਼ਾਂ ਲਈ ਲੜਾਈ ਦੇ ਮੈਦਾਨ ਵਜੋਂ ਕੰਮ ਕਰਦੇ ਹਨ, ਪਾਰਟੀਆਂ ਵੱਖ-ਵੱਖ ਨੌਜਵਾਨਾਂ ਦੀ ਜਨਸੰਖਿਆ ਨੂੰ ਅਪੀਲ ਕਰਨ ਲਈ ਮੀਮਜ਼, ਵੀਡੀਓ ਅਤੇ ਨਿਸ਼ਾਨੇ ਵਾਲੇ ਇਸ਼ਤਿਹਾਰਾਂ ਦਾ ਲਾਭ ਉਠਾਉਂਦੀਆਂ ਹਨ।ਇਸ ਤੋਂ ਇਲਾਵਾ, ਰਾਜਨੀਤਿਕ ਪਾਰਟੀਆਂ ਅਕਸਰ ਨੌਜਵਾਨ ਉਮੀਦਵਾਰ ਖੜ੍ਹੇ ਕਰਦੀਆਂ ਹਨ ਜਾਂ ਆਊਟਰੀਚ ਯਤਨਾਂ ਦੀ ਅਗਵਾਈ ਕਰਨ ਅਤੇ ਆਪਣੇ ਸਾਥੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੁੜਨ ਲਈ ਯੂਥ ਵਿੰਗਾਂ ਦੀ ਨਿਯੁਕਤੀ ਕਰਦੀਆਂ ਹਨ। ਨੌਜਵਾਨ ਆਗੂਆਂ ਨੂੰ ਆਪਣੇ ਜਥੇਬੰਦਕ ਢਾਂਚੇ ਵਿੱਚ ਸ਼ਾਮਲ ਕਰਕੇ, ਪਾਰਟੀਆਂ ਪੀੜ੍ਹੀਆਂ ਦੇ ਪਾੜੇ ਨੂੰ ਪੂਰਾ ਕਰਨ ਅਤੇ ਨੌਜਵਾਨ ਵੋਟਰਾਂ ਦੀਆਂ ਇੱਛਾਵਾਂ ਨੂੰ ਵਧੇਰੇ ਪ੍ਰਮਾਣਿਕਤਾ ਨਾਲ ਸੰਬੋਧਿਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਤੋਂ ਇਲਾਵਾ, ਨੌਜਵਾਨ-ਕੇਂਦ੍ਰਿਤ ਨੀਤੀਆਂ, ਜਿਵੇਂ ਕਿ ਰੁਜ਼ਗਾਰ ਸਕੀਮਾਂ, ਹੁਨਰ ਵਿਕਾਸ ਪ੍ਰੋਗਰਾਮ, ਅਤੇ ਵਿਦਿਅਕ ਸੁਧਾਰ, ਨੌਜਵਾਨਾਂ ਦੇ ਸਮਰਥਨ ਨੂੰ ਆਕਰਸ਼ਿਤ ਕਰਨ ਲਈ ਪਾਰਟੀ ਦੇ ਚੋਣ ਮਨੋਰਥ ਪੱਤਰਾਂ ਵਿੱਚ ਪ੍ਰਮੁੱਖਤਾ ਨਾਲ ਵਿਸ਼ੇਸ਼ਤਾ ਰੱਖਦੇ ਹਨ।

ਚੁਣੌਤੀਆਂ ਅਤੇ ਮੌਕੇ:
ਜਿੱਥੇ ਭਾਰਤੀ ਚੋਣਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਲੋਕਤੰਤਰੀ ਪ੍ਰਕਿਰਿਆ ਵਿੱਚ ਨਵੇਂ ਦ੍ਰਿਸ਼ਟੀਕੋਣ ਅਤੇ ਜੀਵਨਸ਼ਕਤੀ ਲਿਆਉਂਦੀ ਹੈ, ਉੱਥੇ ਇਹ ਕੁਝ ਚੁਣੌਤੀਆਂ ਅਤੇ ਮੌਕੇ ਵੀ ਪੇਸ਼ ਕਰਦੀ ਹੈ। ਇੱਕ ਚੁਣੌਤੀ ਇਹ ਯਕੀਨੀ ਬਣਾਉਣਾ ਹੈ ਕਿ ਨੌਜਵਾਨਾਂ ਦੀ ਭਾਗੀਦਾਰੀ ਸਿਰਫ਼ ਭਾਵਨਾਤਮਕ ਜਾਂ ਲੋਕਪ੍ਰਿਅ ਵੋਟਿੰਗ ਦੀ ਬਜਾਏ ਸੂਚਿਤ ਫੈਸਲੇ ਲੈਣ ਵਿੱਚ ਅਨੁਵਾਦ ਕਰਦੀ ਹੈ। ਨੌਜਵਾਨਾਂ ਵਿੱਚ ਨਾਗਰਿਕ ਸਿੱਖਿਆ, ਰਾਜਨੀਤਿਕ ਸਾਖਰਤਾ ਅਤੇ ਆਲੋਚਨਾਤਮਕ ਸੋਚ ਦੇ ਹੁਨਰ ਨੂੰ ਵਧਾਉਣ ਦੇ ਯਤਨ ਇੱਕ ਰੁਝੇਵੇਂ ਅਤੇ ਸਮਝਦਾਰ ਵੋਟਰਾਂ ਨੂੰ ਪੈਦਾ ਕਰਨ ਲਈ ਜ਼ਰੂਰੀ ਹਨ।

ਇਸ ਤੋਂ ਇਲਾਵਾ, ਅਜਿਹੇ ਢਾਂਚਾਗਤ ਰੁਕਾਵਟਾਂ ਨੂੰ ਦੂਰ ਕਰਨ ਦੀ ਜ਼ਰੂਰਤ ਹੈ ਜੋ ਨੌਜਵਾਨਾਂ ਦੀ ਭਾਗੀਦਾਰੀ ਵਿੱਚ ਰੁਕਾਵਟ ਪਾਉਂਦੇ ਹਨ, ਜਿਵੇਂ ਕਿ ਚੋਣ ਸੁਧਾਰ, ਰਜਿਸਟ੍ਰੇਸ਼ਨ ਪ੍ਰਕਿਰਿਆਵਾਂ, ਅਤੇ ਪੋਲਿੰਗ ਸਟੇਸ਼ਨਾਂ ਤੱਕ ਪਹੁੰਚ, ਖਾਸ ਕਰਕੇ ਪੇਂਡੂ ਅਤੇ ਹਾਸ਼ੀਏ ’ਤੇ ਰਹਿ ਰਹੇ ਭਾਈਚਾਰਿਆਂ ਵਿੱਚ। ਔਰਤਾਂ, ਘੱਟ ਗਿਣਤੀਆਂ, ਅਤੇ ਆਰਥਿਕ ਤੌਰ ’ਤੇ ਪਛੜੇ ਸਮੂਹਾਂ ਸਮੇਤ ਵਿਭਿੰਨ ਪਿਛੋਕੜ ਵਾਲੇ ਨੌਜਵਾਨਾਂ ਨੂੰ ਸਸ਼ਕਤ ਕਰਨਾ, ਵਧੇਰੇ ਸਮਾਵੇਸ਼ੀ ਅਤੇ ਪ੍ਰਤੀਨਿਧ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਹੈ।

**ਸਿੱਟਾ:**
ਸਿੱਟੇ ਵਜੋਂ, ਚੋਣਾਂ ਵਿੱਚ ਭਾਰਤ ਦੇ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਇਸ ਦੇ ਲੋਕਤੰਤਰ ਦੀ ਜੀਵੰਤਤਾ ਅਤੇ ਇਸਦੀ ਜਨਤਾ ਦੀਆਂ ਉੱਭਰਦੀਆਂ ਇੱਛਾਵਾਂ ਦੋਵਾਂ ਨੂੰ ਦਰਸਾਉਂਦੀ ਹੈ। ਨੌਜਵਾਨ ਵੋਟਰਾਂ ਦੀ ਊਰਜਾ, ਆਦਰਸ਼ਵਾਦ ਅਤੇ ਨਵੀਨਤਾ ਦੀ ਵਰਤੋਂ ਕਰਕੇ, ਭਾਰਤ ਸਮਾਵੇਸ਼ੀ ਸ਼ਾਸਨ, ਟਿਕਾਊ ਵਿਕਾਸ ਅਤੇ ਸਮਾਜਿਕ ਨਿਆਂ ਵੱਲ ਇੱਕ ਕੋਰਸ ਤਿਆਰ ਕਰ ਸਕਦਾ ਹੈ। ਹਾਲਾਂਕਿ, ਇਸ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਰਾਜਨੀਤਿਕ ਨੇਤਾਵਾਂ, ਸਿਵਲ ਸੁਸਾਇਟੀ, ਵਿਦਿਅਕ ਸੰਸਥਾਵਾਂ ਅਤੇ ਖੁਦ ਨੌਜਵਾਨਾਂ ਸਮੇਤ ਸਾਰੇ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ, ਤਾਂ ਜੋ ਭਾਗੀਦਾਰੀ ਜਮਹੂਰੀਅਤ ਅਤੇ ਸਮੂਹਿਕ ਕਾਰਵਾਈ ਦੇ ਸੱਭਿਆਚਾਰ ਨੂੰ ਪਾਲਣ ਕੀਤਾ ਜਾ ਸਕੇ। ਜਿਵੇਂ ਕਿ ਭਾਰਤ ਤਰੱਕੀ ਅਤੇ ਖੁਸ਼ਹਾਲੀ ਵੱਲ ਆਪਣੀ ਯਾਤਰਾ ਜਾਰੀ ਰੱਖਦਾ ਹੈ।

# ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ ਚ ਪੰਜਾਬ ਲਈ ਦਿੱਤੇ ਧੜਾਧੜ ਫੰਡ: ਜਾਖੜ

## ਸੂਬੇ ਦਾ ਵਿਕਾਸ ਕਰਨ ਚ ਫੇਲ੍ਹ ਆਮ ਆਦਮੀ ਪਾਰਟੀ ਲੋਕਾਂ ਨੂੰ ਗੁੰਮਰਾਹ ਕਰਨ ਉੱਤੇ ਤੁਲੀ

**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

‘ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ ਦੌਰਾਨ ?ਪੰਜਾਬ ਲਈ ਵੱਡੀ ਮਾਤਰਾ ਚ ਗ੍ਰਾਂਟਾਂ ਦੇ ਗੱਫੇ ਜਾਰੀ ਕੀਤੇ ਹਨ, ਜਿਸ ਦਾ ਸੂਬੇ ਦੇ ਹਰ ਵਰਗ ਦੇ ਲੋਕਾਂ ਨੂੰ ਭਰਪੂਰ ਫਾਇਦਾ ਹੋਇਆ ਹੈ।’ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪ੍ਰੈਸ ਕਾਨਫਰਸ ਦੌਰਾਨ ਗੱਲਬਾਤ ਕਰਦੇ ਹੋਏ ਕੀਤਾ।

ਪ੍ਰਧਾਨ ਜਾਖੜ ਨੇ ਕੇਂਦਰ ਦੀਆਂ ਲੋਕ ਪੱਖੀ ਸਕੀਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਬਿਨਾਂ ਕਿਸੇ ਭੇਦ-ਭਾਵ ਦੇ ਪੰਜਾਬ ਨੂੰ ਤਰੱਕੀ ਤੇ ਲਿਜਾਣ ਲਈ ਲਗਾਤਾਰ ਫੰਡ ਜਾਰੀ ਕਰ ਰਹੀ ਹੈ, ਜਦਕਿ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ, ਜੋ ਕਿ ਆਪਣੇ ਹੀ ਵਾਅਦੇ ਪੂਰੇ ਨਹੀਂ ਕਰ ਰਹੀ, ਸੂਬੇ ਦੇ ਲੋਕਾਂ ਨੂੰ ਝੂਠ ਬੋਲ ਕੇ ਕੇਂਦਰ ਖਿਲਾਫ ਗਲਤ ਪ੍ਰਭਾਵ ਸਿਰਜ ਰਹੀ ਹੈ। ਇਨ੍ਹਾਂ 10 ਸਾਲਾਂ ਦੌਰਾਨ ਕੇਂਦਰ ਵੱਲੋਂ ਆਏ ਫੰਡ ਹੀ ਇੱਕ ਤਰੀਕੇ ਨਾਲ ਪੰਜਾਬ ਦੇ ਵਿਕਾਸ ਦਾ ਸਾਹ ਬਣ ਕੇ ਚੱਲੇ ਹਨ। ਜਾਖੜ ਨੇ ਕਿਹਾ ਕਿ ਇਹ ਸਹੂਲਤਾਂ ਸੂਬੇ ਦੇ ਆਖਰੀ ਵਿਅਕਤੀ ਲਈ ਵੀ ਫਾਇਦੇਮੰਦ ਸਾਬਤ ਹੋਈਆਂ ਹਨ।

ਸੂਬਾ ਪ੍ਰਧਾਨ ਜਾਖੜ ਨੇ ਖੇਤੀਬਾੜੀ ਸੈਕਟਰ ਦਾ ਜ਼ਿਕਰ ਕੇਂਦਰ ਦੀ ਕਿਸਾਨ ਕ੍ਰੈਡਿਟ ਕਾਰਡ (ਕੇਸੀਸੀ) ਸਕੀਮ ਸਬੰਧੀ ਗੱਲਬਾਤ ਕਰਦਿਆਂ ਸ਼ੁਰੂ ਕੀਤਾ। ਉਨ੍ਹਾਂ ਦੱਸਿਆ ਕਿ ਕੇਸੀਸੀ ਤਹਿਤ ਪਿਛਲੇ 10 ਸਾਲਾਂ ਦੌਰਾਨ ਸੂਬੇ ਦੇ 22.05 ਲੱਖ ਕਿਸਾਨਾਂ ਲਈ 56754 ਕਰੋੜ ਰੁਪਏ ਦਾ ਭਾਰੀ ਭਰਕਮ ਫੰਡ ਜਾਰੀ ਕੀਤਾ ਗਿਆ। ਕੇਸੀਸੀ ਸਕੀਮ ਦਾ ਟੀਚਾ ਇਹ ਸੀ ਕਿ ਕਿਸਾਨਾਂ ਨੂੰ ਖੇਤੀ ਦੇ ਕੰਮਾਂ ਲਈ ਸਹੀ ਸਮੇਂ ਉੱਤੇ ਤੇ ਲੋੜੀਂਦੀ ਮਾਤਰਾ ਚ ?ਕਰਜ਼ਾ ਮੁਹੱਈਆ ਕਰਵਾਇਆ ਜਾਵੇ। ਇਸੇ ਤਰ੍ਹਾਂ ਕਿਸਾਨ ਸਨਮਾਨ ਨਿਧੀ ਸਕੀਮ ਤਹਿਤ ਕੇਂਦਰ ਸਰਕਾਰ ਨੇ ਕਿਸਾਨਾਂ ਲਈ 4758 ਕਰੋੜ ਰੁਪਏ ਜਾਰੀ ਕੀਤੇ। ਇਸੇ ਤਰ੍ਹਾਂ ਸੋਇਲ ਹੈਲਥ ਕਾਰਡ ਸਕੀਮ ਤਹਿਤ ਪੰਜਾਬ ਦੇ



ਕਿਸਾਨਾਂ ਦੇ 24.50 ਲੱਖ ਕਾਰਡ ਬਣਵਾਏ ਗਏ।

ਇਸ ਮੌਕੇ ਸੂਬਾ ਪ੍ਰਧਾਨ ਜਾਖੜ ਨੇ ਕੇਂਦਰ ਦੀਆਂ ਸਕੀਮਾਂ ਅਤੇ ਉਨਾਂ ਸਕੀਮਾਂ ਤਹਿਤ ਜਾਰੀ ਕੀਤੇ ਗਏ ਫੰਡਾਂ ਦੀ ਸੂਚੀ ਵੀ ਪੇਸ਼ ਕਰਦਿਆਂ ਕਿਹਾ ਕਿ ਪ੍ਰਾਈਮ ਮਨਿਸਟਰ ਇੰਪਲੋਇਮੈਂਟ ਜਨਰੇਸ਼ਨ ਪ੍ਰੋਗਰਾਮ (ਪੀਐਮਈਜੀਪੀ) ਤਹਿਤ ਕੇਂਦਰ ਸਰਕਾਰ ਵੱਲੋਂ ਆਪਣੇ ਹਿੱਸੇ ਦੀ 836 ਕਰੋੜ ਰੁਪਏ ਜਾਰੀ ਕੀਤੇ, ਜਿਸ ਨਾਲ ਸੂਬੇ ਦੀ 2.31 ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਤੇ ਇਸੇ ਤਰ੍ਹਾਂ 29000 ਸਵੈ-ਰੁਜ਼ਗਾਰ ਵੀ ਸ਼ੁਰੂ ਹੋਏ।

ਪ੍ਰਧਾਨ ਜਾਖੜ ਨੇ ਦੱਸਿਆ ਕਿ ਕੇਂਦਰ ਸਰਕਾਰ ਦੀ ਨੈਸ਼ਨਲ ਹੈਲਥ ਮਿਸ਼ਨ (ਐਨਐਚ ਐਮ) ਯੋਜਨਾ ਤਹਿਤ ਪਿਛਲੇ 10 ਸਾਲਾਂ ਦੌਰਾਨ ਪੰਜਾਬ ਨੂੰ 4173 ਕਰੋੜ ਰੁਪਏ ਜਾਰੀ ਹੋਏ। ਇਸੇ ਤਰ੍ਹਾਂ ਆਯੁਸ਼ਮਾਨ ਭਾਰਤ ਯੋਜਨਾ ਦਾ 86.94 ਲੱਖ ਤੋਂ ਵੱਧ ਪੰਜਾਬ ਵਾਸੀਆਂ ਨੇ ਫਾਇਦਾ ਲਿਆ। ਇਸ ਸਕੀਮ ਤਹਿਤ ਹਸਪਤਾਲ ਚ ਦਾਖਲ ਹੋਣ ਉੱਤੇ ਹਰ ਸਾਲ ਪ੍ਰਤੀ ਪਰਿਵਾਰ 5 ਲੱਖ ਰੁਪਏ ਤਕ ਦੀ ਸਹੂਲਤ ਵੀ ਮਿਲਦੀ ਹੈ।

ਜਾਖੜ ਨੇ ਮਨਰੇਗਾ ਸਕੀਮ ਉੱਤੇ ਚਾਨਣਾ ਪਾਉਂਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਇਸ ਸਕੀਮ ਤਹਿਤ ਪੰਜਾਬ ਲਈ 71.97 ਕਰੋੜ ਰੁਪਏ ਜਾਰੀ ਕੀਤੇ, ਜਿਸ ਜ਼ਰੀਏ ਸੂਬੇ ਦੇ 27.40 ਲੱਖ ਲੋਕਾਂ ਨੂੰ ਫਾਇਦਾ ਪੁੱਜਿਆ। ਇਸੇ ਤਰ੍ਹਾਂ ਜਨ ਧਨ ਯੋਜਨਾ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਇਸ ਗੱਲ ਦਾ ਗਵਾਹ ਹੈ ਕਿ ਸੂਬੇ ਦੇ 90.49 ਲੱਖ ਲੋਕਾਂ ਨੇ ਇਸ ਯੋਜਨਾ ਤਹਿਤ ਕੇਂਦਰ ਸਰਕਾਰ ਦੇ ਜਾਰੀ ਹੋਏ 4187 ਕਰੋੜ ਦੇ ਫੰਡਾਂ ਦਾ ਡਾਇਰੈਕਟ ਬੈਨੀਫਿਟ ਟਰਾਂਸਫਰ ਜ਼ਰੀਏ ਫਾਇਦਾ ਲਿਆ। ਪ੍ਰਧਾਨ ਜਾਖੜ ਨੇ ਕੇਂਦਰ ਦੀਆਂ ਯੋਜਨਾਵਾਂ ਦੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਮੁਦਰਾ ਸਕੀਮ ਤਹਿਤ 83.12 ਲੱਖ ਸੂਬਾ ਵਾਸੀਆਂ ਨੇ 59,391 ਕਰੋੜ ਦੇ ਫੰਡਾਂ ਦਾ ਲਾਹਾ ਲਿਆ।

ਜਾਖੜ ਨੇ ਕੇਂਦਰ ਤੇ ਪੰਜਾਬ ਸਰਕਾਰ ਦੀ ਤੁਲਨਾ ਕਰਦਿਆਂ ਕਿਹਾ ਕਿ ਇੱਕ ਪਾਸੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਸੂਬੇ ਦਾ ਵਿਕਾਸ ਕਰਨ ਚ ਫੇਲ੍ਹ ਸਾਬਤ ਹੋਈ, ਜਦਕਿ ਕੇਂਦਰ ਦੀ ਮੋਦੀ ਸਰਕਾਰ ਨੇ ਪੰਜਾਬ ਲਈ ਵੱਡੀ ਮਾਤਰਾ ਚ ਫੰਡਾਂ ਦੀ ਥੋੜ ਨਹੀਂ ਆਉਣ ਦਿੱਤੀ।

ਕੇਂਦਰ ਦੀ ਇੱਕ ਹੋਰ ਸਕੀਮ ਕੌਸ਼ਲ ਵਿਕਾਸ ਯੋਜਨਾ ਉੱਤੇ ਝਾਤ ਪਾਉਂਦਿਆਂ ਜਾਖੜ ਨੇ ਕਿਹਾ ਕਿ ਇਸ ਯੋਜਨਾ ਤਹਿਤ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਫੰਡਾਂ ਨਾਲ 4.19 ਲੱਖ ਉਮੀਦਵਾਰਾਂ ਨੂੰ ਸਕਿਲ ਟ੍ਰੇਨਿੰਗ ਦਿੱਤੀ ਗਈ, ਜਿਨ੍ਹਾਂ ਚੋਂ 3.39 ਲੱਖ ਨੌਜਵਾਨਾਂ ਦੀ ਰੁਜ਼ਗਾਰ ਲਈ ਪਲੇਸਮੈਂਟ ਵੀ ਹੋਈ।

ਸੂਬਾ ਪ੍ਰਧਾਨ ਨੇ ਦੱਸਿਆ ਕਿ ਇਸੇ ਤਰ੍ਹਾਂ ਸਵੱਛ ਭਾਰਤ ਮਿਸ਼ਨ ਤਹਿਤ ਮੋਦੀ ਸਰਕਾਰ ਵੱਲੋਂ ਪਿਛਲੇ 10 ਸਾਲਾਂ ਦੌਰਾਨ ਜਾਰੀ ਹੋਏ 787 ਕਰੋੜ ਰੁਪਏ ਦੇ ਫੰਡਾਂ ਨਾਲ ਸੂਬੇ ਸ਼ਹਿਰੀ ਤੇ ਦਿਹਾਤੀ ਇਲਾਕਿਆਂ ਚ 6.56 ਲੱਖ ਪਖਾਨੇ ਬਣ ਕੇ ਤਿਆਰ ਹੋਏ।

ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਰੇਲਵੇ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਚ ਰੇਲਵੇ 12 ਪ੍ਰੋਜੈਕਟਾਂ ਲਈ 13227 ਕਰੋੜ ਰੁਪਏ ਰਿਲੀਜ਼ ਕੀਤੇ ਗਏ, ਜਿਨ੍ਹਾਂ ਨਾਲ ਸੂਬੇ ਚ ?1570 ਕਿਲੋਮੀਟਰ ਰੇਲਵੇ ਲਾਈਨ ਦਾ ਕੰਮ ਆਰੰਭ ਹੋਇਆ। ਇਸ ਮੌਕੇ ਪੰਜਾਬ ਭਾਜਪਾ ਦੇ ਅਲੱਗ ਅਲੱਗ ਸੈਲਾਂ ਦੇ ਸੰਯੋਜਕ ਰੰਜਨ ਕਾਮਰਾ ਤੇ ਮੀਡੀਆ ਸੈੱਲ ਦੇ ਸੂਬਾ ਮੁਖੀ ਵਿਨਿਤ ਜੋਸ਼ੀ ਅਤੇ ਹੋਰ ਆਗੂ ਹਾਜ਼ਰ ਸਨ।

# ਆਮ ਆਦਮੀ ਪਾਰਟੀ ਵੱਲੋਂ ਪ੍ਰਧਾਨ ਜੀਤਾ ਦੀ ਅਗਵਾਈ ਵਿੱਚ ਵਾਰਡ ਨੰਬਰ 5 ਵਿੱਚ ਘਰੋਂ ਘਰੀ ਪ੍ਰਚਾਰ

**ਸ੍ਰੀ ਅਨੰਦਪੁਰ ਸਾਹਿਬ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੀ ਚੋਣ ਮੁਹਿਮ ਨੂੰ ਅੱਜ ਉਸ ਵੇਲੇ ਭਰਵਾ ਹੁੰਗਾਰਾ ਮਿਲਿਆ ਜਦੋਂ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ, ਅਹੁਦੇਦਾਰ ਅਤੇ ਸਮੂਹ ਕੌਂਸਲਰਾਂ ਨੇ ਰਲ ਕੇ ਵਾਰਡ ਨੰਬਰ 5 ਵਿਖੇ ਭਰਵੀ ਮੀਟਿੰਗ ਕੀਤੀ ਅਤੇ ਘਰੋਂ ਘਰੀ ਪ੍ਰਚਾਰ ਕਰਦਿਆਂ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।



ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਅਨੰਦਪੁਰ ਸਾਹਿਬ ਨੇ ਕਿਹਾ ਕਿ ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਦੇ ਦਾਖਲੇ ਮੋਕੇ ਬਣੇ ਪੰਜ ਪਿਆਰਾ ਪਾਰਕ ਨੇ ਬੀਤੇ ਸਮੇਂ ਦੌਰਾਨ ਖੰਡਰ ਦਾ ਰੂਪ ਧਾਰਨ ਕਰ ਲਿਆ ਸੀ ਪ੍ਰੰਤੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਨਿੱਜੀ ਰੁਚੀ ਕਾਰਨ ਅੱਜ ਪੰਜ ਪਿਆਰਾ ਪਾਰਕ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਿਹਾ ਹੈ ਤੇ ਉਕਤ ਪਾਰਕ ਦਾ 3 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਕੀਤਾ ਗਿਆ ਹੈ।ਉਨਾਂ ਕਿਹਾ ਕਿ ਯਾਤਰੀ ਸੂਚਨਾ ਕੇਂਦਰ,ਕੁਦਰਤੀ ਪਾਰਕ,ਭਾਈ ਜੈਤਾ ਜੀ ਯਾਦਗਾਰ ਵਰਗੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿਨ ਰਾਤ ਮਿਹਨਤ ਕਰਕੇ ਉਕਤ ਪ੍ਰੋਜੈਕਟ ਪੂਰੇ ਕਰਵਾਏ ਗਏ।

ਉਹਨਾਂ ਨੇ ਕਿਹਾ ਨੇ ਕਿਹਾ ਕ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ ਤੇ ਅੱਜ ਇਹ ਸਹੂਲਤ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਨੂੰ ਦਿੱਤੀ ਜਾ ਰਹੀ ਹੈ ਤੇ ਬਿਜਲੀ ਦਾ ਬਿੱਲ ਜੀਰੋ ਆ ਰਿਹਾ ਹੈ ਅਤੇ ਸ਼ਹਿਰ ਵਿੱਚ ਜੋ ਪਾਣੀ ਦੇ ਬਿੱਲਾਂ ਦਾ ਮਸਲਾ ਸੀ ਉਹ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਵਿਸ਼ਵਾਸ ਦਵਾਇਆ ਗਿਆ ਹੈ ਕਿ ਸ਼ਹਿਰ ਵਿੱਚ ਪਾਣੀ ਦੇ ਬਿੱਲ ਸਬੰਧੀ ਜੋ ਸਮੱਸਿਆ ਹੈ ਉਸਦਾ ਜਲਦੀ ਹੱਲ ਕਰ ਦਿੱਤਾ ਜਾਵੇਗਾ ਮੁਹੱਲਾ ਕਲੀਨਿਕ, ਸਰਕਾਰੀ ਹਸਪਤਾਲਾਂ ’ਚ ਮੁਫਤ ਮਿਲ ਰਹੀਆਂ ਦਵਾਈਆਂ, ਸਿੱਖਿਆ ਦੇ ਖੇਤਰ ਵਿੱਚ ਆਏ ਵੱਡੇ ਸੁਧਾਰਾਂ ਦੀ ਗੱਲ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਲੋਕ ਸਭਾ ਚੋਣਾਂ ਵਿੱਚ ਮਲਵਿੰਦਰ ਸਿੰਘ ਕੰਗ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਇਆ ਜਾਵੇ ਤਾਂ ਜੋ ਉਹ ਲੋਕ ਸਭਾ ਵਿੱਚ ਜਾ ਕੇ ਸਾਡੇ ਇਲਾਕੇ ਦੀ ਗੱਲ ਕਰ ਸਕਣ ਇਸ ਮੌਕੇ ਇੰਦਰਜੀਤ ਅਰੋੜਾ ਪ੍ਰਧਾਨ ਵਪਾਰ ਮੰਡਲ ਕੌਂਸਲਰ ਪ੍ਰਵੀਨ ਕੌਸ਼ਲ, ਕੌਂਸਲਰ ਗੁਰਪ੍ਰੀਤ ਕੌਰ ਕੌਂਸਲਰ ਬਿਕਰਮਜੀਤ ਸਿੰਘ ਸੰਧੂ, ਕੌਂਸਲਰ ਦਿਲਜੀਤ ਸਿੰਘ ਕੈਂਥ, ਕੌਂਸਲਰ ਜਸਬੀਰ ਕੌਰ ਗਰਚਾ , ਸੁਨੀਲ ਅਡਵਾਲ ਪ੍ਰਧਾਨ ਰੇੜੀ ਯੂਨੀਅਨ , ਦੀਪਕ ਆਂਗਰਾ ਪ੍ਰਧਾਨ ਵਪਾਰ ਵਿੰਗ ਆਪ ਇੰਦਰਜੀਤ ਸਿੰਘ ਰਾਜੂ, ਸ਼ਮੀ ਬਰਾਰੀ ਯੂਥ ਆਗੂ , ਬਲਾਕ ਪ੍ਰਧਾਨ ਠੇਕੇਦਾਰ ਜਗਜੀਤ ਸਿੰਘ ਜੱਗੀ ਅਤੇ ਦਵਿੰਦਰ ਸਿੰਘ ਛਿੰਦੂ, ਐਡਵੋਕੇਟ ਨਿਖਲ ਭਾਰਦਵਾਜ, ਵਾਲਮੀਕ ਸਭਾ ਪ੍ਰਧਾਨ ਰਵੀ ਹੰਸ, ਮਾਸਟਰ ਕੁਲਦੀਪ ਸਿੰਘ, ਇੰਦਰਜੀਤ ਕੌਸ਼ਲ, ਦਵਿੰਦਰ ਕੌਸ਼ਲ, ਕਿਸ਼ੋਰ ਕੁਮਾਰ ਮਿੰਟੂ ਪ੍ਰਧਾਨ ਕਬੀਰ ਪੰਥੀ, ਹਰਪਾਲ ਕੌਰ ਜ਼ਿਲਾ ਜੁਆਇੰਟ ਸਕੱਤਰ,ਹਰਮਿੰਦਰ ਕੌਰ, ਰਣਜੀਤ ਕੌਰ ਜਿਲਾ ਵਾਈਸ ਪ੍ਰਧਾਨ, ਹਰਜੀਤ ਕੌਰ ਵਿਧਾਨ ਸਭਾ ਕਮੇਟੀ ਮੈਂਬਰ, ਬਲਜੀਤ ਕੌਰ, ਸੀਨੀਅਰ ਲੀਡਰ ਕਸ਼ਮੀਰ ਕੌਰ, ਸਰਬਜੀਤ ਕੌਰ, ਹੈਪੀ ਜੱਸਲ, ਸੁਖਦੇਵ ਸਿੰਘ ਬੀਟੀ, ਲੱਕੀ ਅਨੰਦਪੁਰੀਆ, ਸੁਰਿੰਦਰ ਸਿੰਘ ਵਿੱਕੀ, ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਵਾਰਡ ਨੰਬਰ ਵਾਸੀ ਹਾਜ਼ਰ ਸਨ।

# ਕਿਸਾਨ ਮੋਰਚਿਆਂ ਵੱਲ ਮੂੰਹ ਨਹੀਂ ਕਰ ਰਹੇ ਉਮੀਦਵਾਰ



**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਦੀ ਚੋਣਾਂ ਦੌਰਾਨ ਕਿਸਾਨੀ ਮਸਲੇ ਮੁੱਖ ਮੁੱਦੇ ਵਜੋਂ ਉੱਭਰੇ ਹੋਏ ਹਨ। ਪੰਜਾਬ ਭਰ ਦੀਆਂ ਤਕਰੀਬਨ ਸਾਰੀਆਂ ਚੋਣ ਸਭਾਵਾਂ ’ਚ ਕਿਸਾਨਾਂ ਦੀ ਗੱਲ ਹੋ ਰਹੀ ਹੈ। ਇੱਥੋਂ ਤੱਕ ਕਿ ਕਿਸਾਨਾਂ ਦੇ ਭਾਰੀ ਰੋਹ ਦਾ ਸਾਹਮਣਾ ਕਰਨ ਵਾਲ਼ੇ ਬਹੁਤੇ ਭਾਜਪਾ ਉਮੀਦਵਾਰ ਕਿਸਾਨਾਂ ਦੀਆਂ ਮੁਸ਼ਕਲਾਂ ਤੇ ਮੰਗਾਂ ਦੀ ਬਾਤ ਪਾਉਂਦੇ ਨਜ਼ਰ ਆਉਂਦੇ ਹਨ। ਉਂਜ ਸ਼ੰਭੂ ਅਤੇ ਢਾਬੀ ਗੁੱਜਰਾਂ ਬਾਰਡਰ ’ਤੇ 97 ਦਿਨਾਂ ਤੋਂ ਜਾਰੀ ਪੱਕੇ ਕਿਸਾਨ ਮੋਰਚਿਆਂ ਕਾਰਨ ਪਟਿਆਲਾ ਜ਼ਿਲ੍ਹਾ ਕਿਸਾਨੀ ਮਸਲਿਆਂ ਦਾ ਮੁੱਖ ਕੇਂਦਰ ਬਿੰਦੂ ਬਣਿਆ ਹੋਣ ਕਰਕੇ ਕੋਈ ਵੀ ਉਮੀਦਵਾਰ ਇਨ੍ਹਾਂ ਮੋਰਚਿਆਂ ਵੱਲ ਮੂੰਹ ਨਹੀਂ ਕਰ ਰਿਹਾ। ਹਾਲਾਂ ਕਿ ਸਾਰੇ ਹੀ ਉਮੀਦਵਾਰ ਇਨ੍ਹਾਂ ਮੋਰਚਿਆਂ ਦੇ ਆਸੇ-ਪਾਸੇ ਦੇ ਪਿੰਡਾਂ ’ਚ ਚੋਣ ਮੀਟਿੰਗਾਂ ਵੀ ਕਰ ਚੁੱਕੇ ਹਨ।

ਸ਼ੰਭੂ ਮੋਰਚਾ ਘਨੌਰ ਹਲਕੇ ’ਚ ਲੱਗਾ ਹੋਇਆ ਹੈ ਤੇ ਘਨੌਰ ਦੇ ਸਾਬਕਾ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ, ਇਸੇ ਖੇਤਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਅਕਾਲੀ ਆਗੂ ਸੁਰਜੀਤ ਸਿੰਘ ਗੜ੍ਹੀ ਸਮੇਤ ਦੋ ਹੋਰ ਮੈਂਬਰ ਜਸਮੇਰ ਲਾਛੜੂ ਤੇ ਜਰਨੈਲ ਕਰਤਾਰਪੁਰ ਤਾਂ ਸ਼ੰਭੂ ਮੋਰਚੇ ’ਚ ਫੇਰੀਆਂ ਪਾ ਚੁੱਕੇ ਹਨ, ਪਰ ਉਨ੍ਹਾਂ ਨੂੰ ਕਿਸੇ ਵੀ ਕਿਸਾਨ ਨੇ ਕੁਝ ਨਹੀਂ ਕਿਹਾ। ਸ਼੍ਰੋਮਣੀ ਕਮੇਟੀ ਦਾ ਇੱਥੇ ਸ਼ੁਰੂ ਤੋਂ ਲੰਗਰ ਵੀ ਜਾਰੀ ਹੈ। ਮੰਨਿਆ ਕਿ ਭਾਜਪਾ ਦੇ ਉਮੀਦਵਾਰ ਪ੍ਰਨੀਤ ਕੌਰ ਦਾ ਤਾਂ ਕਿਸਾਨ ਰਾਹ ਵੀ ਰੋਕਣ ਤੱਕ ਜਾਂਦੇ ਹਨ ਪਰ ਕੋਈ ਹੋਰ ਉਮੀਦਵਾਰ ਵੀ ਹੁਣ ਤੱਕ ਇੱਥੇ ਨਹੀਂ ਬਹੁੜਿਆ।

ਇੱਥੋਂ ਤੱਕ ਕਿ ਸਮਾਜ ਸੇਵਾ ਤੋਂ ਰਾਜਨੀਤੀ ’ਚ ਆਏ ‘ਆਪ’ ਉਮੀਦਵਾਰ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਤਾਂ ਪਿਛਲੇ ਕਿਸਾਨ ਅੰਦੋਲਨ ਦੌਰਾਨ ਸਾਲ ਭਰ ਦਿੱਲੀ ਰਹਿ ਕੇ ਇੱਕ ਡਾਕਟਰ ਵਜੋਂ ਕੈਂਪਾਂ ਜ਼ਰੀਏ ਕਿਸਾਨਾਂ ਦੀ ਸੇਵਾ ਵੀ ਕਰਦੇ ਰਹੇ ਹਨ ਪਰ ਆਪਣੇ ਹਲਕੇ ਵਿਚਲੇ ਇਨ੍ਹਾਂ ਮੋਰਚਿਆਂ ’ਚ ਉਨ੍ਹਾਂ ਦਸਤਕ ਹੀ ਨਹੀਂ ਦਿੱਤੀ। ਕਾਂਗਰਸ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਤਾਂ ਸ਼ੰਭੂ ਪਿੰਡ ’ਚ ਚੋਣ ਮੀਟਿੰਗ ਵੀ ਕੀਤੀ ਪਰ ਸ਼ੰਭੂ ਮੋਰਚੇ ਤੱਕ ਅੱਪੜਨ ਦੀ ਹਿੰਮਤ ਉਨ੍ਹਾਂ ਦੀ ਵੀ ਨਹੀਂ ਪਈ। ਅਕਾਲੀ ਉਮੀਦਵਾਰ ਐੱਨਕੇ ਸ਼ਰਮਾ ਵੀ ਕਿਸਾਨਾਂ ਨਾਲ ਵਧੇਰੇ ਸਾਂਝ ਰੱਖਣ ਦੇ ਬਾਵਜੂਦ ਹੁਣ ਤੱਕ ਕਿਸਾਨ ਮੋਰਚੇ ਤੱਕ ਨਹੀਂ ਅੱਪੜੇ। ‘ਪੰਜਾਬ ਬਚਾਓ ਯਾਤਰਾ’ ਤਾਂ ਸ਼ੰਭੂ ਤੋਂ ਪਿਛਾਂਹ ਹੀ ਸਮੇਟ ਦਿੱਤੀ ਗਈ ਸੀ।

ਇਹ ਗੱਲ ਲੋਕਾਂ ’ਚ ਚਰਚਾ ਦਾ ਵਿਸ਼ਾ ਹੈ ਕਿ ਭਾਸ਼ਣਾਂ ’ਚ ਕਿਸਾਨਾਂ ਦੇ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੇ ਇਹ ਉਮੀਦਵਾਰ ਆਖਰ ਕਿਸਾਨਾਂ ਦਾ ਦੁੱਖ ਦਰਦ ਸੁਣਨ ਲਈ ਉਨ੍ਹਾਂ ਤੱਕ ਪਹੁੰਚ ਕਿਉਂ ਨਹੀਂ ਬਣਾ ਪਾ ਰਹੇ। ਸ਼ਾਇਦ ਉਨ੍ਹਾਂ ਨੂੰ ਉੱਥੇ ਜਾ ਕੇ ਘਿਰ ਜਾਣ ਦਾ ਖਦਸ਼ਾ ਹੋਵੇ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਵੱਲੋਂ ਸਰਵਣ ਪੰਧੇਰ, ਜਗਜੀਤ ਡੱਲੇਵਾਲ, ਸੁਰਜੀਤ ਫੂਲ ਤੇ ਹੋਰਾਂ ਦੀ ਅਗਵਾਈ ਹੇਠਾਂ ਇਹ ਮੋਰਚੇ 13 ਫਰਵਰੀ ਤੋਂ ਜਾਰੀ ਹਨ।

# ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰੋਜ਼ਾਨਾ 3500 ਸ਼ਰਧਾਲੂ ਭੇਜਣ ਦਾ ਫ਼ੈਸਲਾ

**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਵਰ੍ਹੇ 22 ਮਈ ਤੋਂ ਆਰੰਭ ਹੋ ਰਹੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਾਸਤੇ ਫਿਲਹਾਲ 3500 ਸ਼ਰਧਾਲੂ ਹੀ ਪ੍ਰਤੀ ਦਿਨ ਗੁਰਦੁਆਰਾ ਸਾਹਿਬ ਦੇ ਦਰਸ਼ਨ ਵਾਸਤੇ ਜਾ ਸਕਣਗੇ। ਸ਼ਰਧਾਲੂਆਂ ਦੀ ਗਿਣਤੀ ਉੱਤਰਾਖੰਡ ਸਰਕਾਰ ਵੱਲੋਂ ਤੈਅ ਕੀਤੀ ਗਈ ਹੈ। ਇਹ ਫੈਸਲਾ ਹਾਲ ਹੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਗੁਰਦੁਆਰਾ ਮੈਨੇਜਮੈਂਟ ਟਰੱਸਟ ਦੇ ਅਧਿਕਾਰੀਆਂ ਵੱਲੋਂ ਸਥਿਤੀ ਦਾ ਨਿਰੀਖਣ ਕਰਨ ਤੋਂ ਬਾਅਦ ਕੀਤਾ ਗਿਆ। ਇਸ ਬਾਰੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਜ਼ਿਲ੍ਹਾ ਅਧਿਕਾਰੀ ਹਿਮਾਂਸ਼ੂ ਖੁਰਾਣਾ ਦੀ ਅਗਵਾਈ ਹੇਠ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਗੁਰਦੁਆਰਾ ਟਰੱਸਟ ਦੇ ਪ੍ਰਬੰਧਕਾਂ ਨੇ ਗੁਰਦੁਆਰਾ ਗੋਬਿੰਦ ਘਾਟ ਤੋਂ ਗੁਰਦੁਆਰਾ ਹੇਮਕੁੰਟ ਸਾਹਿਬ ਤੱਕ ਦਾ ਲਗਪਗ 19 ਕਿਲੋਮੀਟਰ ਲੰਬੇ ਪੈਦਲ ਮਾਰਗ ਦਾ ਨਿਰੀਖਣ ਕੀਤਾ ਸੀ। ਉਨ੍ਹਾਂ ਦੱਸਿਆ ਕਿ ਮੌਜੂਦਾ ਜ਼ਮੀਨੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਉਤਰਾਖੰਡ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਬੰਧਕਾਂ ਵੱਲੋਂ ਪ੍ਰਤੀ ਦਿਨ 3500 ਸ਼ਰਧਾਲੂਆਂ ਦੀ ਗਿਣਤੀ ਨਿਰਧਾਰਿਤ ਕੀਤੀ ਗਈ ਹੈ ਜੋ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦਰਸ਼ਨ ਕਰਨ ਵਾਸਤੇ ਜਾ ਸਕਣਗੇ।



ਉਨ੍ਹਾਂ ਦੱਸਿਆ ਕਿ ਮੌਜੂਦਾ ਸਥਿਤੀ ਵਿੱਚ ਉੱਥੇ ਕਾਫੀ ਬਰਫ਼ ਹੈ ਅਤੇ ਬਰਫ਼ ਪਿਘਲਣ ਤੋਂ ਬਾਅਦ ਯਾਤਰੀਆਂ ਦੀ ਗਿਣਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ। ਇਸੇ ਦੇ ਮੱਦੇਨਜ਼ਰ ਬਜ਼ੁਰਗ ਅਤੇ ਬੱਚਿਆਂ ਨੂੰ ਵੀ ਫਿਲਹਾਲ 15 ਦਿਨ ਯਾਤਰਾ ਨਾ ਕਰਨ ਦਾ ਸੁਝਾਅ ਦਿੱਤਾ ਗਿਆ। ਸ੍ਰੀ ਬਿੰਦਰਾ ਨੇ ਦੱਸਿਆ ਕਿ ਸਾਲਾਨਾ ਯਾਤਰਾ ਦੀ ਸ਼ੁਰੂਆਤ 22 ਮਈ ਨੂੰ ਹੋਵੇਗੀ। ਇਸ ਸਬੰਧੀ ਸਿੱਖ ਸ਼ਰਧਾਲੂਆਂ ਦਾ ਪਹਿਲਾ ਜਥਾ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਨਾ ਹੋਵੇਗਾ, ਜਿਸ ਨੂੰ ਸੂਬੇ ਦੇ ਰਾਜਪਾਲ ਅਤੇ ਸੰਤ ਸਮਾਜ ਵੱਲੋਂ ਰਵਾਨਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਸੰਗਤ ਵਾਸਤੇ ਖੋਲ੍ਹ ਦਿੱਤੇ ਜਾਣਗੇ। 25 ਮਈ ਨੂੰ ਸਿੱਖ ਮਰਿਆਦਾ ਦੇ ਮੁਤਾਬਕ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ ਅਤੇ ਪਹਿਲੀ ਅਰਦਾਸ ਹੋਵੇਗੀ। ਸ੍ਰੀ ਬਿੰਦਰਾ ਨੇ ਦੱਸਿਆ ਕਿ ਇਸ ਯਾਤਰਾ ਵਾਸਤੇ ਆਉਣ ਵਾਲੇ ਹਰੇਕ ਯਾਤਰੀ ਨੂੰ ਸਰਕਾਰ ਦੇ ਕੋਲ ਆਨਲਾਈਨ ਰਜਿਸਟਰੇਸ਼ਨ ਕਰਵਾਉਣੀ ਜ਼ਰੂਰੀ ਹੋਵੇਗੀ। ਇਹ ਵਿਵਸਥਾ ਸ਼ਰਧਾਲੂਆਂ ਦੀ ਸੁਵਿਧਾ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ।

# ਧਰਤ ਸੁਹਾਵੀ ਤਾਲ ਸੁਹਾਵਾ

## ਰਵਾਇਤੀ ਢੰਗਾਂ ਨਾਲ ਕੀੜਿਆਂ ਦੀ ਰੋਕਥਾਮ

*ਫ਼ਸਲ ਉਤਪਾਦਨ ਦੇ ਤਰੀਕਿਆਂ, ਵਾਢੀ ਦੇ ਸਮੇਂ, ਫ਼ਸਲੀ ਰਹਿੰਦ-ਖੂੰਹਦ ਦੇ ਨਿਪਟਾਰੇ, ਨਦੀਨਾਂ ਦੇ ਖ਼ਾਤਮੇ ਅਤੇ ਅਜਿਹੇ ਹੋਰ ਰਵਾਇਤੀ ਤਰੀਕਿਆਂ ਨੂੰ ਅਪਣਾ ਕੇ ਫ਼ਸਲਾਂ ਦਾ ਨੁਕਸਾਨ ਕਰਨ ਵਾਲੇ ਕੀੜਿਆਂ ਉੱਪਰ ਬਿਨਾਂ ਜ਼ਹਿਰਾਂ ਦੇ ਕਾਬੂ ਪਾਇਆ ਜਾ ਸਕਦਾ ਹੈ...*

• ਗੁਰਮੀਤ ਸਿੰਘ, ਮਨੋਜ ਸ਼ਰਮਾ
98148-25584







ਕਲਚਰਲ ਰੋਕਥਾਮ ਜਾਂ ਫ਼ਸਲ ਉਤਪਾਦਨ ਦੇ ਤਰੀਕਿਆਂ ਦੁਆਰਾ ਕੀੜਿਆਂ ਦੀ ਰੋਕਥਾਮ ਤੋਂ ਮਤਲਬ ਹੈ ਕਿ ਉਨ੍ਹਾਂ ਫ਼ਸਲ ਉਤਪਾਦਨ ਦੇ ਤਰੀਕਿਆਂ ਤੋਂ ਹੈ ਜਿਸ ਨਾਲ ਕੀੜੇ ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਨੂੰ ਖ਼ਤਮ ਕੀਤਾ ਜਾ ਸਕੇ ਜਾਂ ਘਟਾਇਆ ਜਾ ਸਕੇ। ਇਨ੍ਹਾਂ ਤਰੀਕਿਆਂ ਵਿਚ ਫਸਲ ਦੇ ਬਿਜਾਈ ਸਮੇਂ ਵਿਚ ਤਬਦੀਲੀ (ਅਗੇਤੀ ਜਾਂ ਪਛੇਤੀ), ਵਾਢੀ ਦੇ ਸਮੇਂ ਵਿਚ ਤਬਦੀਲੀ, ਫ਼ਸਲੀ ਚੱਕਰ, ਨਦੀਨਾਂ ਦੀ ਰੋਕਥਾਮ ਜਾਂ ਫ਼ਸਲ ਕੱਟਣ ਉਪਰਾਂਤ ਰਹਿੰਦ-ਖੂੰਹਦ ਦਾ ਉਪਾਅ ਆਦਿ ਸ਼ਾਮਲ ਹਨ। ਵਧੀਆ ਬੀਜ ਅਤੇ ਬਿਮਾਰੀਆਂ/ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਬਿਜਾਈ ਕਰਨੀ ਬਹੁਤ ਮਹੱਤਵਪੂਰਨ ਹੈ।

### ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ

ਜਿੱਥੇ ਤਕ ਹੋ ਸਕੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਹੀ ਬਿਜਾਈ ਕਰਨੀ ਚਾਹੀਦੀ ਹੈ। ਕੁਝ ਕਿਸਮਾਂ ਕੁਦਰਤੀ ਤੌਰ 'ਤੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਦੇ ਸਮਰੱਥ ਹੁੰਦੀਆਂ ਹਨ ਜਾਂ ਉਨ੍ਹਾਂ ਵਿਚ ਦੂਸਰੀਆਂ ਕਿਸਮਾਂ ਦੇ ਮੁਕਾਬਲੇ ਕੀੜਿਆਂ ਜਾਂ ਬਿਮਾਰੀਆਂ ਦੁਆਰਾ ਨੁਕਸਾਨ ਘੱਟ ਹੁੰਦਾ ਹੈ। ਉਦਾਹਰਣ ਵਜੋਂ ਸੇਬ ਦੀਆਂ ਜੰਗਲੀ ਕਿਸਮਾਂ ਕਾਸ਼ਤਕਾਰੀ ਕਿਸਮਾਂ ਦੇ ਮੁਕਾਬਲੇ ਚੇਪੇ ਦੇ ਹਮਲੇ ਪ੍ਰਤੀ ਜ਼ਿਆਦਾ ਪ੍ਰਤੀਰੋਧਕ ਹਨ।ਇਸ ਲਈ ਜੰਗਲੀ ਤੇ ਕਾਸ਼ਤਕਾਰੀ ਕਿਸਮਾਂ ਦੇ ਸੁਮੇਲ ਨਾਲ ਅਜਿਹੀ ਕਿਸਮ ਵਿਕਸਿਤ ਕੀਤੀ ਜਾ ਸਕਦੀ ਹੈ ਜੋ ਚੰਗਾ ਝਾੜ ਦੇਣ ਦੇ ਨਾਲ-ਨਾਲ ਕੀੜਿਆਂ ਤੇ ਬਿਮਾਰੀਆਂ ਪ੍ਰਤੀ ਪ੍ਰਤੀਰੋਧਕ ਹੋਵੇ। ਇਸੇ ਤਰ੍ਹਾਂ ਦੇਸੀ ਨਰਮਾ, ਅਮਰੀਕਨ ਨਰਮੇਂ ਦੇ ਮੁਕਾਬਲੇ ਜੈਸਿਡ, ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਪ੍ਰਤੀ ਪ੍ਰਤੀਰੋਧਕ ਹੈ। ਭਾਰਤੀ ਤੇ ਅਮਰੀਕਨ ਕਿਸਮਾਂ ਦੇ ਸੁਮੇਲ ਨਾਲ ਅਜਿਹੀ ਕਿਸਮ ਪੈਦਾ ਕੀਤੀ ਜਾ ਸਕਦੀ ਹੈ ਜੋ ਇਨ੍ਹਾਂ ਕੀੜਿਆਂ ਪ੍ਰਤੀ ਸੰਵੇਦਨਸ਼ੀਲ ਨਾ ਹੋਵੇ। ਕੁਝ ਕਿਸਮਾਂ ਕੀੜਿਆਂ ਦੁਆਰਾ ਕੀਤੇ ਨੁਕਸਾਨ ਦੀ ਭਰਪਾਈ ਨੁਕਸਾਨੇ ਗਏ ਹਿੱਸੇ ਨੂੰ ਦੁਬਾਰਾ ਪੈਦਾ ਕਰ ਕੇ ਕਰ ਲੈਂਦੀਆਂ ਹਨ।

### ਖੇਤ ਨੂੰ ਵਾਹੁਣਾ

ਖੇਤ ਨੂੰ ਵਾਹੁਣ ਨਾਲ ਕੀੜਿਆਂ ਦੀਆਂ ਜ਼ਮੀਨ 'ਚ ਰਹਿਣ ਵਾਲੀਆਂ ਅਵਸਥਾਵਾਂ (ਆਂਡੇ, ਲਾਰਵਾ ਤੇ ਪਿਊਪਾ) ਮਰ ਜਾਂਦੀਆਂ ਹਨ। ਇਸ ਨਾਲ ਨਦੀਨ ਵੀ ਮਰ ਜਾਂਦੇ ਹਨ, ਜਿਨ੍ਹਾਂ ਉੱਪਰ ਕੀੜੇ ਪਲਦੇ ਹਨ। ਖੇਤ ਵਾਹੁਣ ਨਾਲ ਕੀੜਿਆਂ ਦੀਆਂ ਜ਼ਮੀਨ 'ਚ ਰਹਿਣ ਵਾਲੀਆਂ ਅਵਸਥਾਵਾਂ ਜਾਂ ਤਾਂ ਜ਼ਮੀਨ ਦੇ ਉੱਪਰ ਆ ਜਾਂਦੀਆਂ ਹਨ, ਜਿੱਥੇ ਮਿੱਤਰ ਕੀੜੇ ਜਾਂ ਪੰਛੀ ਉਨ੍ਹਾਂ ਨੂੰ ਆਪਣਾ ਭੋਜਨ ਬਣਾ ਲੈਂਦੇ ਹਨ (ਗਰਾਸ ਹੌਪਰ ਤੇ ਖੇਤ ਦੀ ਟਿੱਡੀ ਜ਼ਮੀਨ ਦੀ 7-10 ਸੈਂਟੀਮੀਟਰ ਉੱਪਰਲੀ ਤਹਿ 'ਚ ਆਂਡੇ ਦਿੰਦੇ ਹਨ) ਅਤੇ ਜਾਂ ਇਹ ਇੰਨਾ ਡੂੰਘਾ ਚਲੇ ਜਾਂਦੇ ਹਨ ਕਿ ਬਾਲਗ ਜ਼ਮੀਨ ਵਿੱਚੋਂ ਬਾਹਰ ਆਉਣ ਦੇ ਅਸਮਰੱਥ ਹੋ ਜਾਂਦਾ ਹੈ। ਖੇਤ ਵਾਹੁਣ ਨਾਲ ਜ਼ਮੀਨ ਦੇ ਉੱਪਰ ਆਈਆਂ ਅਵਸਥਾਵਾਂ ਜੂਨ-ਜੁਲਾਈ ਦੇ ਮਹੀਨੇ ਗਰਮੀ ਕਾਰਨ ਖ਼ਤਮ ਹੋ ਜਾਂਦੀਆਂ ਹਨ। ਖੇਤ ਨੂੰ ਵਾਹੁੰਦੇ ਸਮੇਂ ਹਲ ਦੇ ਪਿੱਛੇ ਕਾਂ, ਮੈਨਾ, ਕੋਇਆ ਆਦਿ ਪੰਛੀ ਕੀੜਿਆਂ ਨੂੰ ਖਾ ਕੇ ਕਾਫ਼ੀ ਹੱਦ ਤਕ ਖ਼ਤਮ ਕਰ ਦਿੰਦੇ ਹਨ।

### ਫ਼ਸਲੀ ਚੱਕਰ

ਫ਼ਸਲੀ ਚੱਕਰ ਉਨ੍ਹਾਂ ਕੀੜਿਆਂ ਦੇ ਕੀਟ-ਪ੍ਰਬੰਧ 'ਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ ਜਿਹੜੇ ਕੀੜੇ ਇਕ ਜਾਂ ਦੋ ਫ਼ਸਲਾਂ ਨੂੰ ਹੀ ਆਪਣੀ ਖ਼ੁਰਾਕ ਬਣਾਉਂਦੇ ਹਨ ਜਾਂ ਜਿਹੜੇ ਕੀੜੇ ਜ਼ਿਆਦਾ ਦੂਰੀ ਤੈਅ ਕਰਨ ਦੇ ਅਸਮਰੱਥ ਹੁੰਦੇ ਹਨ। ਜੇ ਇਕ ਹੀ ਫ਼ਸਲ ਸਾਲ ਵਿਚ 2 ਜਾਂ ਇਸ ਤੋਂ ਵੱਧ ਵਾਰ ਇਕ ਹੀ ਖੇਤ 'ਚ ਉਗਾਈ ਜਾਵੇ ਤਾਂ ਉਸ ਖੇਤ 'ਚ ਕੀੜਿਆਂ ਦੀ ਗਿਣਤੀ ਭੋਜਨ ਦੀ ਬਹੁਤਾਤ ਕਾਰਨ ਬਹੁਤ ਵੱਧ ਜਾਵੇਗੀ। ਇਸ ਦੇ ਉਲਟ ਜੇ ਫ਼ਸਲੀ ਚੱਕਰ ਅਪਣਾਇਆ ਜਾਵੇ ਤੇ ਫ਼ਸਲੀ ਚੱਕਰ ਦੌਰਾਨ ਸਾਲ 'ਚ 2-3 ਵੱਖੋ-ਵੱਖਰੀਆਂ ਫ਼ਸਲਾਂ ਲਈਆਂ ਜਾਣ ਤਾਂ ਕੀੜਿਆਂ ਦੀ ਗਿਣਤੀ ਜ਼ਿਆਦਾ ਨਹੀ ਵਧੇਗੀ।

#### ਸਾਫ਼-ਸੁਥਰਾ ਖੇਤ ਤੇ ਆਲਾ ਦੁਆਲਾ

*ਸਾਫ਼-ਸੁਥਰੇ ਖੇਤ ਤੇ ਆਲੇ ਦੁਆਲੇ ਤੋਂ ਭਾਵ ਹੈ ਕਿ ਖੇਤ ਦਾ ਨਦੀਨ ਰਹਿਤ ਅਤੇ ਫ਼ਸਲੀ ਰਹਿੰਦ-ਖੂੰਹਦ ਤੋਂ ਮੁਕਤ ਹੋਵੇ।।ਨਦੀਨ ਅਤੇ ਫ਼ਸਲੀ ਰਹਿੰਦ-ਖੂੰਹਦ ਕੀੜਿਆਂ ਲਈ ਭੋਜਨ ਦਾ ਸਰੋਤ ਹਨ ਤੇ ਨਾਲ ਹੀ ਉਨ੍ਹਾਂ ਨੂੰ ਸਖ਼ਤ ਵਾਤਾਵਰਨ ਤੇ ਦੁਸ਼ਮਣ ਕੀੜਿਆਂ ਤੋਂ ਵੀ ਬਚਾਅ ਕੇ ਰੱਖਦੇ ਹਨ। ਇਸ ਤਰ੍ਹਾਂ ਨਦੀਨਾਂ ਤੇ ਫ਼ਸਲੀ ਰਹਿੰਦ-ਖੂੰਹਦ ਤੋਂ ਖੇਤ ਤੋਂ ਮੁਕਤ ਕਰਨ ਨਾਲ ਕੀੜਿਆਂ ਦੇ ਭੋਜਨ ਦੀ ਸਪਲਾਈ ਟੁੱਟ ਜਾਂਦੀ ਹੈ ਤੇ ਵਧੀਆ ਕੀਟ-ਪ੍ਰਬੰਧ ਹੋ ਜਾਂਦਾ ਹੈ।ਜਿਵੇਂ ਕਿ ਲਾਲ ਭੱਬੂ ਕੁੱਤਾ ਬਹੁਫਸਲੀ ਕੀੜਾ ਹੈ, ਜੋ ਕਿ ਕਈ ਪ੍ਰਕਾਰ ਦੇ ਨਦੀਨਾਂ 'ਤੇ ਆਂਡੇ ਦਿੰਦਾ ਹੈ, ਜਿਨ੍ਹਾਂ ਵਿੱਚੋਂ ਸੁੰਡੀਆਂ ਨਿਕਲ ਕੇ ਮੁਢਲੀ ਅਵਸਥਾ 'ਚ ਇਨ੍ਹਾਂ ਨਦੀਨਾਂ ਉੱਪਰ ਹੀ ਪਲਦੀਆਂ ਹਨ ਤੇ ਬਾਅਦ ਵਿਚ ਮੁੱਖ ਫ਼ਸਲ 'ਤੇ ਚਲੀਆਂ ਜਾਂਦੀਆਂ ਹਨ।*

#### ਟਰੈਪ ਫ਼ਸਲਾਂ

ਟਰੈਪ ਫ਼ਸਲਾਂ ਉਹ ਫ਼ਸਲਾਂ ਹਨ, ਜੋ ਮੁੱਖ ਫ਼ਸਲ ਤੋਂ ਥੋੜ੍ਹਾ ਸਮਾਂ ਪਹਿਲਾਂ ਬੀਜੀਆਂ ਜਾਂਦੀਆਂ ਹਨ ਤਾਂ ਕਿ ਕੀੜਿਆਂ ਨੂੰ ਇਸ ਫ਼ਸਲ ਵੱਲ ਆਕਰਸ਼ਿਤ ਕਰ ਕੇ ਮੁੱਖ ਫ਼ਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਇਆ ਜਾ ਸਕੇ। ਟਰੈਪ ਫ਼ਸਲ ਮੁੱਖ ਫ਼ਸਲ ਦੇ ਬਾਰਡਰ 'ਤੇ ਬੀਜੀ ਜਾਂਦੀ ਹੈ ਅਤੇ ਕੀੜੇ ਦੇ ਜੀਵਨ ਚੱਕਰ ਦੇ ਪੂਰੇ ਹੋਣ ਤੋਂ ਪਹਿਲਾਂ ਇਸ ਨੂੰ ਵੱਢ ਲਿਆ ਜਾਂਦਾ ਹੈ ਤੇ ਆਮ ਤੌਰ 'ਤੇ ਚਾਰੇ ਦੇ ਤੌਰ 'ਤੇ ਵਰਤ ਲਈ ਜਾਂਦੀ ਹੈ। ਕੀੜੇ ਦਾ ਜੀਵਨ ਚੱਕਰ ਪੂਰਾ ਹੋਣ ਤੋਂ ਪਹਿਲਾਂ ਟਰੈਪ ਫ਼ਸਲ ਨੂੰ ਕੱਟਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਕੀੜੇ ਟਰੈਪ ਫ਼ਸਲ ਤੋਂ ਮੁੱਖ ਫ਼ਸਲ 'ਤੇ ਚਲੇ ਜਾਣ ਕਾਰਨ ਮੁੱਖ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਸਕਦੇ ਹਨ। ਟਰੈਪ ਫ਼ਸਲ ਉਹ ਹੋਣੀ ਚਾਹੀਦੀ ਹੈ, ਜੋ ਕਿਸੇ ਖ਼ਾਸ ਕੀੜੇ ਨੂੰ ਆਕਰਸ਼ਿਤ ਕਰਨ ਦੇ ਸਮਰੱਥ ਹੋਵੇ, ਜਿਵੇਂ ਕਿ ਭਿੰਡੀ ਨੂੰ ਨਰਮੇਂ ਦੇ ਨੇੜੇ ਬੀਜਿਆ ਜਾਂਦਾ ਹੈ ਤਾਂ ਕਿ ਚਿਤਕਬਰੀ ਸੁੰਡੀ (Spotted bollworm) ਦੇ ਹਮਲੇ ਤੋਂ ਨਰਮੇਂ ਨੂੰ ਬਚਾਇਆ ਜਾ ਸਕੇ। ਨਰਮੇਂ ਦੀ ਗਰੇਅ ਵੀਵਲ (ਸੁੰਡ ਵਾਲੀ ਸੁਸਰੀ) ਅਰਹਰ ਦੀ ਫ਼ਸਲ ਵੱਲ ਵਧੇਰੇ ਆਕਰਸ਼ਿਤ ਹੁੰਦੀ ਹੈ, ਜਿਸ ਨੂੰ ਕਿ ਟਰੈਪ ਫ਼ਸਲ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ।

#### ਬੂਟੇ ਤੋਂ ਬੂਟੇ ਦਾ ਫ਼ਾਸਲਾ

*ਵੇਖਣ 'ਚ ਆਇਆ ਹੈ ਕਿ ਝੋਨੇ ਵਿਚ ਪ੍ਰਤੀ ਵਰਗ ਮੀਟਰ ਸ਼ਿਫਾਰਸ਼ ਤੋਂ ਵੱਧ ਬੂਟੇ ਬੀਜਣ ਨਾਲ ਭੂਰੀ ਪਿੱਠ ਵਾਲੇ ਟਿੱਡੇ ਦਾ ਹਮਲਾ ਜ਼ਿਆਦਾ ਹੁੰਦਾ ਹੈ, ਇਸੇ ਤਰ੍ਹਾਂ ਛੋਲਿਆਂ ਵਿਚ ਅਮਰੀਕਨ ਸੁੰਡੀ ਅਤੇ ਨਰਮੇਂ ਵਿਚ ਜੈਸਿਡ ਸੰਘਣੀ ਬਿਜਾਈ ਵਾਲੇ ਖੇਤਾਂ 'ਚ ਜ਼ਿਆਦਾ ਨੁਕਸਾਨ ਕਰਦੇ ਹਨ।*

#### ਰਲਵੀਂ ਫ਼ਸਲ ਦੀ ਬਿਜਾਈ

*ਕਣਕ ਅਤੇ ਛੋਲਿਆਂ ਨੂੰ ਰਲਾ ਕੇ ਬੀਜਣ ਨਾਲ ਛੋਲਿਆਂ 'ਤੇ ਅਮਰੀਕਨ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ।*

ਜੇਕਰ ਫ਼ਸਲੀ ਚੱਕਰ ਵੀ ਬਦਲ-ਬਦਲ ਕੇ ਬੀਜਿਆ ਜਾਵੇ (ਇਕ ਸਾਲ ਇਕ ਫ਼ਸਲੀ ਚੱਕਰ ਤੇ ਦੂਸਰੇ ਸਾਲ ਦੂਸਰਾ ਫ਼ਸਲੀ ਚੱਕਰ) ਤਾਂ ਜਿਹੜੇ ਕੀੜੇ ਇਕ ਜਾਂ ਦੋ ਫ਼ਸਲਾਂ ਨੂੰ ਆਪਣੀ ਖ਼ੁਰਾਕ ਬਣਾਉਂਦੇ ਹਨ, ਉਹ ਖ਼ਤਮ ਹੋ ਜਾਣਗੇ। ਉਦਾਹਰਣ ਦੇ ਤੌਰ 'ਤੇ ਜੇ ਬਸੰਤ ਰੁੱਤੇ ਬਾਰਲੇ ਬੀਜਣ ਤੋਂ ਬਾਅਦ ਦਾਲਾਂ ਤੇ ਸਰਦੀ ਰੁੱਤੇ ਕਣਕ ਬੀਜੀ ਜਾਵੇ ਤਾਂ ਕੀੜਿਆਂ ਦੁਆਰਾ ਨੁਕਸਾਨ ਘੱਟ ਹੋਵੇਗਾ ਪਰ ਇਸ ਦੇ ਉਲਟ ਜੇ ਨਰਮੇਂ ਤੋਂ ਬਾਅਦ ਭਿੰਡੀ ਬੀਜੀ ਜਾਵੇ ਤਾਂ ਕੀੜੇ ਜ਼ਿਆਦਾ ਨੁਕਸਾਨ ਕਰਦੇ ਹਨ ਕਿਉਂਕਿ ਇਹ ਦੋਵੇਂ ਫ਼ਸਲਾਂ ਇਕ ਹੀ ਫੈਮਿਲੀ ਨਾਲ ਸਬੰਧਤ ਹੋਣ ਕਾਰਨ ਲਗਪਗ ਇੱਕੋ ਜਿਹੇ ਗੁਣਾਂ ਵਾਲੀਆਂ ਹਨ।

### ਖਾਦਾਂ ਦੀ ਵਰਤੋਂ

ਆਮ ਤੌਰ 'ਤੇ ਨਾਈਟਰੋਜਨ ਖਾਦ ਦੀ ਵਰਤੋਂ ਨਾਲ ਕੀੜਿਆਂ ਦੇ ਹਮਲੇ 'ਚ ਵਾਧਾ ਹੁੰਦਾ ਹੈ ਪਰ ਦੇਸੀ ਰੂੜੀ ਦੀ ਵਰਤੋਂ ਨਾਲ ਬੂਟਾ ਤੰਦਰੁਸਤ ਬਣਦਾ ਹੈ ਜਿਸ ਨਾਲ ਬੂਟਾ ਕੀੜਿਆਂ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

### ਭਰਵੀਂ ਸਿੰਚਾਈ

ਜਿਹੜੇ ਕੀੜੇ ਜ਼ਮੀਨ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਭਰਵਾਂ ਪਾਣੀ ਖੇਤ ਨੂੰ ਦੇ ਕੇ ਖ਼ਤਮ ਕੀਤਾ ਜਾ ਸਕਦਾ ਹੈ, ਜਿਵੇਂ ਕਿ ਸਿਉਂਕ, ਗਰਾਸ ਹੌਪਰ, ਟਿੱਡੀ ਆਦਿ।ਭਰਵਾਂ ਪਾਣੀ ਦੇਣ ਨਾਲ ਖ਼ਤਮ ਹੋ ਜਾਂਦੇ ਹਨ ਜਾਂ ਇਹ ਜ਼ਮੀਨ 'ਚੋਂ ਬਾਹਰ ਆਉਣ ਕਾਰਨ ਆਸਾਨੀ ਨਾਲ ਪੰਛੀਆਂ ਨੂੰ ਨਜ਼ਰ ਆ ਜਾਂਦੇ ਹਨ ਤੇ ਉਨ੍ਹਾਂ ਦੀ ਖ਼ੁਰਾਕ ਬਣ ਜਾਂਦੇ ਹਨ। ਲੁਸਣ ਦੀ ਵਾਢੀ ਤੋਂ ਬਾਅਦ ਬਹੁਤ ਸਾਰੀਆਂ ਲੁਸਣ ਦੀਆਂ ਸੁੰਡੀਆਂ (Lucerne caterpillar) ਖੇਤ ਵਿਚ ਰਹਿ ਜਾਂਦੀਆਂ ਹਨ। ਲੂਸਣ ਦੀ ਵਾਢੀ ਤੋਂ ਬਾਅਦ ਇਕ ਭਰਵਾਂ ਪਾਣੀ ਦੇਣ ਨਾਲ ਇਹ ਸੁੰਡੀਆਂ ਡੁੱਬ ਕੇ ਮਰ ਜਾਂਦੀਆਂ ਹਨ।

### ਬੂਟਿਆਂ ਦੀ ਕਾਂਟ-ਛਾਂਟ

ਕੁਝ ਕੀੜੇ ਰੋਗੀ ਬੂਟੇ ਤੋਂ ਨਿਰੋਏ ਬੂਟੇ ਤਕ ਆਸਾਨੀ ਨਾਲ ਚਲੇ ਜਾਂਦੇ ਹਨ। ਅਜਿਹੇ ਰੋਗੀ ਬੂਟਿਆਂ ਦਾ ਕੀੜੇ ਸਮੇਤ ਨੁਕਸਾਨਿਆ ਹੋਇਆ ਭਾਗ ਕੱਟਣ ਤੋਂ ਬਾਅਦ ਸਾੜ ਦੇਣ ਨਾਲ ਇਹ ਕੀੜੇ ਨਿਰੋਏ ਬੂਟੇ ਤਕ ਨਹੀ ਪਹੁੰਚ ਸਕਦੇ। ਇਸੇ ਤਰ੍ਹਾਂ ਫ਼ਸਲ ਦਾ ਮੁੱਢਾ ਨਾ ਰੱਖਣ ਨਾਲ ਵੀ ਕੀਟ ਪ੍ਰਬੰਧ ਹੋ ਜਾਂਦਾ ਹੈ, ਜਿਵੇਂ ਕਿ ਕਮਾਦ ਵਿਚ ਕਾਲੀ ਬੱਗ ਦਾ ਹਮਲਾ ਮੁੱਖ ਫ਼ਸਲ ਨਾਲੋਂ ਮੁੱਢੀ ਫ਼ਸਲ 'ਤੇ ਜ਼ਿਆਦਾ ਹੁੰਦਾ ਹੈ। ਇਕ ਫ਼ਸਲ ਦੀ ਕਟਾਈ ਤੋਂ ਬਾਅਦ ਦੂਸਰੀ ਫ਼ਸਲ ਦੀ ਬਿਜਾਈ ਤਕ ਜ਼ਿਆਦਾ ਸਮਾਂ ਹੋਣ ਨਾਲ ਵੀ ਕੀਟ ਪ੍ਰਬੰਧ ਹੋ ਜਾਂਦਾ ਹੈ ਕਿਉਂਕਿ ਖੇਤ ਖਾਲੀ ਹੋਣ ਕਾਰਨ ਕੀੜਿਆਂ ਨੂੰ ਖਾਣ ਲਈ ਕੁਝ ਨਹੀ ਮਿਲਦਾ। ਮੁੱਢਾ ਰੱਖਣ ਵੇਲੇ ਕਮਾਦ ਦੀ ਵਾਢੀ ਜ਼ਮੀਨ ਨੇੜਿਉਂ ਕਰਨੀ ਚਾਹੀਦੀ ਹੈ ਤਾਂ ਕਿ ਜੜ੍ਹਾਂ ਦਾ ਗੜੂੰਆਂ ਤੇ ਸਕੇਲ (scale) ਕੀੜੇ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਅਮਰੂਦ ਵਿਚ ਫਲ ਦੀ ਮੱਖੀ ਦੇ ਹਮਲੇ ਨੂੰ ਘਟਾਉਣ ਲਈ ਹਮਲੇ ਵਾਲੇ ਡਿੱਗੇ ਹੋਏ ਫਲ ਚੁੱਕ ਕੇ ਉਨ੍ਹਾਂ ਨੂੰ ਡੂੰਘਾ ਦਬਾ ਦੇਣਾ ਜਾਂ ਸਾੜ ਦੇਣਾ ਚਾਹੀਦਾ ਹੈ।

### ਬਿਜਾਈ ਤੇ ਵਾਢੀ ਦਾ ਸਮਾਂ

ਫ਼ਸਲ ਦੀ ਬਿਜਾਈ ਤੇ ਉਸ ਦੀ ਵਾਢੀ ਦਾ ਸਮਾਂ ਕੀੜਿਆਂ ਤੋਂ ਹੋਣ ਵਾਲੇ ਨੁਕਸਾਨ 'ਤੇ ਕਾਫ਼ੀ ਅਸਰ ਪਾਉਂਦਾ ਹੈ,। ਜਿਵੇਂ ਕਿ ਨਰਮੇਂ ਦੀਆਂ ਜ਼ਲਦੀ ਪੱਕਣ ਵਾਲੀਆਂ ਕਿਸਮਾਂ 'ਤੇ ਗੁਲਾਬੀ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ। ਇਸੇ ਤਰ੍ਹਾਂ ਝੋਨੇ ਦੀ ਪੀਆਰ-121 (ਘੱਟ ਸਮਾਂ ਲੈਣ ਵਾਲੀ) ਕਿਸਮ 'ਤੇ ਭੂਰੀ ਪਿੱਠ ਵਾਲੇ ਟਿੱਡੇ ਦਾ ਹਮਲਾ ਪੂਸਾ-44 (ਵੱਧ ਸਮਾਂ ਲੈਣ ਵਾਲੀ ਕਿਸਮ) ਦੇ ਮੁਕਾਬਲੇ ਘੱਟ ਪਾਇਆ ਗਿਆ। ਸਾਉਣੀ ਵਰ੍ਹੇ 2016 ਦੌਰਾਨ।ਪੀਆਰ 121 ਕਿਸਮ ਦੇ ਪੱਕਣ ਲਈ ਘੱਟ ਸਮਾਂ ਲੈਣ ਕਾਰਨ ਇਸ ਦੀ ਵਾਢੀ ਪਿੱਛੋਂ ਭੂਰੀ ਪਿੱਠ ਵਾਲਾ ਟਿੱਡਾ ਪੂਸਾ-44 'ਤੇ ਤਬਦੀਲ ਹੋ ਗਿਆ ਤੇ ਉਸ ਨੇ ਦੇਰੀ ਨਾਲ ਪੱਕਣ ਵਾਲੀ ਇਸ ਕਿਸਮ ਦਾ ਵਧੇਰੇ ਨੁਕਸਾਨ ਕੀਤਾ। ਛੋਲਿਆਂ ਦੀ ਅਗੇਤੀ ਬਿਜਾਈ ਇਸ ਫ਼ਸਲ ਨੂੰ ਅਮਰੀਕਨ ਸੁੰਡੀ ਦੇ ਹਮਲੇ ਤੋਂ ਬਚਾਉਂਦੀ ਹੈ। ਜੇ ਮੱਕੀ ਨੂੰ ਬੀਜ ਵਾਸਤੇ 15 ਅਗਸਤ ਤੋਂ ਬਾਅਦ ਬੀਜਿਆ ਜਾਂਦਾ ਹੈ ਤਾਂ ਇਸ 'ਤੇ ਮੱਕੀ ਦੇ ਗੜੂੰਏਂ ਦਾ ਹਮਲਾ ਨਹੀ ਹੁੰਦਾ। ਅਗੇਤੇ ਬੀਜੇ ਨਰਮੇਂ 'ਤੇ ਚਿੱਟੀ ਮੱਖੀ ਦਾ ਹਮਲਾ ਪਿਛੇਤੇ ਬੀਜੇ ਨਰਮੇਂ ਦੇ ਮੁਕਾਬਲੇ ਵੱਧ ਹੁੰਦਾ ਹੈ। ਸਰ੍ਹੋਂ ਦੇ ਚੇਪੇ ਦਾ ਹਮਲਾ ਫ਼ਸਲ 'ਤੇ ਫਰਵਰੀ- ਮਾਰਚ ਦੇ ਮਹੀਨੇ ਬਹੁਤ ਜ਼ਿਆਦਾ ਹੁੰਦਾ ਹੈ।।ਸਰ੍ਹੋਂ ਦੀ ਅਗੇਤੀ ਬਿਜਾਈ ਨਾਲ ਇਸ ਕੀੜੇ ਦੇ ਹਮਲੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

### ਵਲੰਟੀਅਰ ਬੂਟੇ

ਵਲੰਟੀਅਰ ਬੂਟੇ ਉਹ ਹੁੰਦੇ ਹਨ, ਜੋ ਖੇਤ ਵਿਚ ਆਪਣੇ ਆਪ ਉੱਗ ਪੈਂਦੇ ਹਨ ਜਾਂ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਤੋਂ ਨਿਕਲੇ ਬੂਟੇ ਕੀੜਿਆਂ ਦੇ ਵਾਧੇ 'ਚ ਸਹਾਈ ਹੁੰਦੇ ਹਨ। ਇਸ ਲਈ ਇਨ੍ਹਾਂ ਵਲੰਟੀਅਰ ਬੂਟਿਆਂ ਨੂੰ ਖੇਤ 'ਚੋਂ ਖ਼ਤਮ ਕਰ ਦੇਣਾ ਚਾਹੀਦਾ ਹੈ। •

---

## ਬਾਗ਼ਾਂ 'ਚ ਸਿਉਂਕ ਦੀ ਰੋਕਥਾਮ

*ਸਿਉਂਕ ਦੇ ਕੀੜੇ ਬੂਟਿਆਂ ਦੀਆਂ ਜੜ੍ਹਾਂ ਤੇ ਜ਼ਮੀਨ ਤੋਂ ਉੱਪਰਲੇ ਹਿੱਸਿਆਂ ਨੂੰ ਖਾ ਕੇ ਨੁਕਸਾਨ ਪਹੁੰਚਾਉਂਦੇ ਹਨ। ਗੰਭੀਰ ਹਮਲੇ ਨਾਲ ਬੂਟਾ ਸੁੱਕ ਜਾਂਦਾ ਹੈ। ਇਸ ਕੀੜੇ ਦਾ ਵਾਧਾ ਤੇਜ਼ੀ ਨਾਲ ਹੋਣ ਕਾਰਨ ਬਾਗ਼ਾਂ ਦਾ ਕਾਫ਼ੀ ਨੁਕਸਾਨ ਹੁੰਦਾ ਹੈ...*



• ਸੰਦੀਪ ਸਿੰਘ
98154-13046

ਪੰਜਾਬ ਵਿਚ ਸਿਉਂਕ ਜਾਂ ਟਰਮਾਈਟ ਨਵੇਂ ਲਗਾਏ ਬਾਗ਼ਾਂ ਤੇ ਵੱਡੇ ਬੂਟਿਆਂ ਨੂੰ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਾਉਣ ਵਾਲੇ ਕੀੜੇ ਹਨ। ਸਿਉਂਕ ਸਮਾਜਿਕ, ਬਹੁ-ਆਹਾਰੀ ਤੇ ਬਹੁਰੂਪੀ (ਰਾਣੀ, ਰਾਜਾ, ਸਿਪਾਹੀ ਤੇ ਕਾਮਾ) ਕੀੜਿਆਂ ਦੇ ਰੂਪ ਵਿਚ ਮਿੱਟੀ 'ਚ ਵੱਡੇ ਸਮੂਹਾਂ 'ਚ ਰਹਿੰਦੇ ਹਨ। ਸਿਉਂਕ ਦੇ ਇਸ ਘਰ ਨੂੰ ਵਰਮੀ, ਸਿਉਂਕ-ਘਰ ਤੇ ਅੰਗਰੇਜ਼ੀ ਵਿਚ ਟਰਮੀਟੇਰੀਆ ਆਖਦੇ ਹਨ। ਇਹ ਵਰਮੀਆਂ ਜ਼ਮੀਨ ਦੇ ਉਪਰ 'ਤੇ ਥੱਲੇ ਦੋਵਾਂ ਥਾਵਾਂ 'ਤੇ ਬਣਦੀਆਂ ਹਨ। ਸਿਉਂਕ ਦੇ ਕਾਮਾ ਕੀੜੇ ਬੂਟਿਆਂ ਦੀਆਂ ਜੜ੍ਹਾਂ ਤੇ ਜ਼ਮੀਨ ਤੋਂ ਉੱਪਰਲੇ ਹਿੱਸਿਆਂ ਨੂੰ ਖਾ ਕੇ ਨੁਕਸਾਨ ਪਹੁੰਚਾਉਂਦੇ ਹਨ। ਗੰਭੀਰ ਹਮਲੇ ਨਾਲ ਬੂਟਾ ਸੁੱਕ ਜਾਂਦਾ ਹੈ। ਮਾਨਸੂਨ ਦੀ ਪਹਿਲੀ ਬਰਸਾਤ ਦੇ ਨਾਲ ਇਨ੍ਹਾਂ ਦੇ ਖੰਭ ਨਿਕਲ ਆਉਂਦੇ ਹਨ। ਰਾਣੀ ਮੱਖੀ ਹਰ ਸੈਕਿੰਡ 'ਚ 2 ਤੋਂ 3 ਆਂਡੇ ਦਿੰਦੀ ਹੈ ਤੇ ਉਸ ਦੀ ਔਸਤ ਉਮਰ 7 ਤੋਂ 9 ਸਾਲ ਹੁੰਦੀ ਹੈ।

### ਹਮਲੇ ਦਾ ਸਮਾਂ

ਸਿਉਂਕ ਧੁੱਪ ਤੋਂ ਦੂਰ ਰਹਿਣਾ ਪਸੰਦ ਕਰਦੀ ਹੈ ਤੇ ਜ਼ਿਆਦਾਤਰ ਜ਼ਮੀਨ 'ਚ ਲੁਕ ਕੇ ਰਹਿੰਦੀ ਹੈ। ਇਹ ਸੈਲੂਲੋਜ਼ ਨੂੰ ਖ਼ੁਰਾਕ ਬਣਾਉਂਦੀ ਹੈ, ਜੋ ਲੱਕੜ 'ਚ ਹੁੰਦਾ ਹੈ। ਪੰਜਾਬ 'ਚ ਓਡੋਂਟੋਟਰਮਸ ਓਬੀਸਸ ਤੇ ਮਾਈਕ੍ਰੋਟਰਮਸ ਕਿਸਮ ਦੀ ਸਿਉਂਕ ਪਾਈ ਜਾਂਦੀ ਹੈ। ਸਿਉਂਕ ਸਾਰਾ ਸਾਲ ਚੁਸਤ ਰਹਿੰਦੀ ਹੈ ਪਰ ਮਾਨਸੂਨ ਵੇਲੇ ਇਸ ਦਾ ਹਮਲਾ ਘੱਟ ਜਾਂਦਾ ਹੈ। ਸਿਉਂਕ ਦੇ ਹਮਲੇ ਦਾ ਮੁੱਖ ਸਮਾਂ ਅਪ੍ਰੈਲ ਤੋਂ ਜੂਨ ਤੇ ਸਤੰਬਰ-ਅਕਤੂਬਰ ਹੈ।

#### ਟਰੈਪ 'ਚ ਇਕੱਠੀ ਹੋਈ ਸਿਉਂਕ ਨੂੰ ਮਾਰਨਾ

*ਸਿਉਂਕ ਟਰੈਪਾਂ ਨੂੰ ਬਾਗ਼ਾਂ ਵਿਚ ਮਿੱਟੀ ਹੇਠ ਦੱਬਣ ਤੋਂ 20 ਦਿਨ ਬਾਅਦ ਸਿਉਂਕ ਦੇ ਬੱਚੇ ਮੱਕੀ ਦੇ ਗੁੱਲਿਆਂ ਨੂੰ ਨਸ਼ਟ ਕਰ ਕੇ ਮਿੱਟੀ ਵਰਗਾ ਬਣਾ ਦਿੰਦੇ ਹਨ। ਘੜਿਆਂ ਨੂੰ ਖੋਲ੍ਹ ਕੇ ਵੇਖੀਏ ਤਾਂ ਹਜ਼ਾਰਾਂ ਤੇ ਲੱਖਾਂ ਦੀ ਗਿਣਤੀ 'ਚ ਸਿਉਂਕ ਦੇ ਬੱਚੇ ਹਰ ਘੜੇ 'ਚ ਨਜ਼ਰ ਆਉਣਗੇ। ਇਹ ਗਿਣਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਬਾਗ਼ ਵਿਚ ਸਿਉਂਕ ਦਾ ਹਮਲਾ ਕਿੰਨਾ ਕੁ ਹੈ ਤੇ ਬਾਗ਼ ਦੀ ਮਿੱਟੀ ਕਿਸ ਤਰ੍ਹਾਂ ਦੀ ਹੈ? ਇਕੱਠੀ ਹੋਈ ਸਿਉਂਕ ਨੂੰ ਮਾਰਨ ਲਈ ਸਾਰੇ ਘੜੇ ਮਿੱਟੀ ਹੇਠਾਂ ਦੱਬਣ ਤੋਂ 20 ਦਿਨਾ ਬਾਅਦ ਬਾਹਰ ਕੱਢੋ ਤੇ ਘੜੇ ਅੰਦਰ ਬਚੇ-ਖੁਚੇ ਗੁੱਲਿਆਂ ਸਮੇਤ ਇਕੱਠੀ ਹੋਈ ਸਿਉਂਕ ਨੂੰ ਕੁਝ ਤੁਪਕੇ ਡੀਜ਼ਲ ਮਿਲੇ ਪਾਣੀ ਵਿਚ ਡੁਬੋ ਕੇ ਖ਼ਤਮ ਕਰ ਦਿਉ।*

### ਘੜਿਆਂ ਤੋਂ ਬਣੇ ਸਿਉਂਕ ਟਰੈਪ

ਜਦੋਂ ਕਿਸਾਨ ਨਰਸਰੀ ਤੇ ਬਾਗ਼ਾਂ 'ਚ ਸਿਉਂਕ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਹਨ ਤਾਂ ਕੀਟਨਾਸ਼ਕਾਂ ਦਾ ਅਸਰ ਕੁਝ ਦਿਨਾਂ ਬਾਅਦ ਖ਼ਤਮ ਹੋ ਜਾਂਦਾ ਹੈ ਤੇ ਸਿਉਂਕ ਦਾ ਹਮਲਾ ਮੁੜ ਸ਼ੁਰੂ ਹੋ ਜਾਂਦਾ ਹੈ ਜਿਸ ਬਾਗ਼ਾਂ ਦਾ ਵੱਡਾ ਆਰਥਿਕ ਨੁਕਸਾਨ ਹੁੰਦਾ ਹੈ। ਵਾਰ-ਵਾਰ ਹਮਲਾ ਹੋਣ ਦੀ ਸਮੱਸਿਆ ਦਾ ਮੁੱਖ ਕਾਰਨ ਸਿਉਂਕ ਕਬੀਲੇ ਦੀ ਰਾਣੀ ਹੈ, ਜੋ ਰੋਜ਼ਾਨਾ ਹਜ਼ਾਰਾਂ ਆਂਡੇ ਦਿੰਦੀ ਹੈ। ਪੰਜਾਬ ਦੇ ਬਾਗ਼ਾਂ ਵਿਚ ਸਿਉਂਕ ਦੀ ਵੱਧ ਰਹੀ ਸਮੱਸਿਆ ਦੇ ਮੱਦੇਨਜ਼ਰ ਪੀਏਯੂ ਲੁਧਿਆਣਾ ਦੇ ਫਲ ਵਿਗਿਆਨ ਵਿਭਾਗ ਦੇ ਵਿਗਿਆਨੀਆਂ ਨੇ ਨਾਸ਼ਪਾਤੀ, ਬੇਰ, ਆੜੂ, ਅੰਗੂਰ ਤੇ ਆਂਵਲੇ ਦੇ ਬਾਗ਼ਾਂ 'ਚ ਮਿੱਟੀ ਦੇ ਘੜਿਆਂ ਤੋਂ ਬਣਾਏ ਟਰੈਪਾਂ ਵਿਚ ਮੱਕੀ ਦੇ ਗੁੱਲੇ ਪਾ ਕੇ ਸਿਉਂਕ ਦੀ ਵਾਤਾਵਰਨ-ਸਹਾਈ ਤਕਨਾਲੋਜੀ ਦੀ ਖੋਜ ਕੀਤੀ ਹੈ।

### ਟਰੈਪ ਤਿਆਰ ਕਰਨ ਦੀ ਵਿਧੀ

ਸਿਉਂਕ ਦੇ ਹਮਲੇ ਵਾਲੇ ਬਾਗ਼ਾਂ 'ਚ 13 ਇੰਚ ਆਕਾਰ ਵਾਲੇ 14 ਘੜੇ ਪ੍ਰਤੀ ਏਕੜ, ਜਿਨ੍ਹਾਂ 'ਚ ਸਿਉਂਕ ਦੇ ਅੰਦਰ ਜਾਣ ਲਈ 24 ਮੋਰੀਆਂ ਕੀਤੀਆਂ ਹੋਣ, ਨੂੰ ਮੱਕੀ ਦੇ ਗੁੱਲਿਆਂ (3-4 ਟੋਟੇ ਕੀਤੇ ਹੋਏ), ਨਾਲ ਭਰ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਤੇ ਦੁਬਾਰਾ ਸਤੰਬਰ ਦੇ ਪਹਿਲੇ ਹਫ਼ਤੇ ਮਿੱਟੀ 'ਚ 2 ਫੁੱਟ ਡੂੰਘਾ ਦਬਾਉ। ਘੜੇ ਇਕ-ਦੂਜੇ ਤੋਂ ਬਰਾਬਰ ਵਿੱਥ 'ਤੇ ਦੱਬੋ। 16 ਮੋਰੀਆਂ ਘੜੇ ਦੀ ਗਰਦਨ ਦੇ ਨੇੜੇ ਤੇ 8 ਮੋਰੀਆਂ ਘੜੇ ਦੇ ਬਾਕੀ ਹਿੱਸਿਆਂ 'ਤੇ ਹੋਣ। ਇਨ੍ਹਾਂ ਘੜਿਆਂ ਦੇ ਮੂੰਹ ਜ਼ਮੀਨ ਦੀ ਸਤਹਿ ਤੋਂ ਥੋੜ੍ਹੇ ਉੱਪਰ ਰੱਖ ਕੇ ਢਕ ਦਿਉ। ਮਿੱਟੀ 'ਚ ਦਬਾਉਣ ਤੋਂ 3 ਦਿਨ ਬਾਅਦ ਘੜਾ ਖੋਲ੍ਹ ਕੇ ਦੇਖੋ ਕਿ ਸਿਉਂਕ ਦੇ ਬੱਚੇ ਘੜੇ 'ਚ ਆਉਣੇ ਸ਼ੁਰੂ ਹੋਏ ਹਨ ਜਾਂ ਨਹੀਂ।

### ਟਰੈਪ ਦੀ ਕੀਮਤ

ਕਿਸਾਨ ਇਹ ਟਰੈਪ ਆਪਣੇ ਨੇੜਲੇ ਬਜ਼ਾਰ 'ਚ ਘੁਮਿਆਰ ਦੀ ਦੁਕਾਨ ਤੋਂ ਬਣਵਾ ਸਕਦੇ ਹਨ। ਬਜ਼ਾਰ 'ਚ ਅਜਿਹੇ ਟਰੈਪ ਦੀ ਕੀਮਤ 70 ਤੋਂ 90 ਰੁਪਏ ਹੈ। ਇਕ ਏਕੜ ਲਈ 14 ਘੜਿਆਂ ਦਾ ਖ਼ਰਚਾ 980 ਤੋਂ 1260 ਰੁਪਏ ਹੈ। ਇਹ ਖ਼ਰਚਾ ਸਿਉਂਕ ਦੀ ਰੋਕਥਾਮ ਲਈ ਹਰ ਸਾਲ ਵਰਤੇ ਜਾਂਦੇ ਕੀਟਨਾਸ਼ਕਾਂ (320 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਕਰੀਬ 7 ਵਾਰ ਛਿੜਕਾਅ ਕਰਨ ਦੇ 2240 ਰੁਪਏ ਪ੍ਰਤੀ ਏਕੜ) ਦੇ ਮੁਕਾਬਲੇ ਕਾਫ਼ੀ ਸਸਤਾ ਹੈ। ਕੀਟਨਾਸ਼ਕ ਮਹਿੰਗੇ ਹੋਣ ਦੇ ਨਾਲ-ਨਾਲ ਵਾਤਾਵਰਨ ਨੂੰ ਵੀ ਪਲੀਤ ਕਰਦੇ ਹਨ।

### ਟਰੈਪ ਲਗਾਉਣ ਦੇ ਫ਼ਾਇਦੇ

ਬਾਗ਼ਾਂ 'ਚ ਸਿਉਂਕ ਦੀ ਰੋਕਥਾਮ ਲਈ ਕੀਟਨਾਸ਼ਕ ਰਹਿਤ ਇਹ ਤਕਨਾਲੋਜੀ ਵਾਤਾਵਰਨ ਦੀ ਸੰਭਾਲ 'ਚ ਸਹਾਈ ਹੈ। ਇਸ ਦੀ ਵਰਤੋਂ ਨਾਲ ਫਲਾਂ, ਮਿੱਟੀ, ਬੂਟਿਆਂ ਤੇ ਵਾਤਾਵਰਨ 'ਚ ਕੀਟਨਾਸ਼ਕਾਂ ਦੇ ਅੰਸ਼ ਨਹੀਂ ਹੋਣਗੇ। ਇਹ ਕੀਟਨਾਸ਼ਕਾਂ ਦੇ ਮੁਕਾਬਲੇ ਕਾਫ਼ੀ ਸਸਤੀ ਹੈ। ਸਿਉਂਕ ਟਰੈਪ ਆਸਾਨੀ ਨਾਲ ਸੰਯੁਕਤ ਕੀਟ ਪ੍ਰਬੰਧ ਪ੍ਰੋਗਰਾਮ 'ਚ ਅਪਣਾਏ ਜਾ ਸਕਦੇ ਹਨ। ਇਕ ਘੜੇ ਵਿਚ ਸਿਉਂਕ ਦੇ ਲੱਖਾਂ ਬੱਚਿਆਂ ਨੂੰ ਖਿੱਚਣ ਦੀ ਸਮਰਥਾ ਹੈ। ਇਸ ਤਕਨੀਕ ਕੀਟਨਾਸ਼ਕਾਂ ਦੇ ਛਿੜਕਾਅ ਲਈ ਵਰਤੇ ਜਾਣ ਵਾਲੇ ਪਾਣੀ ਦੀ ਵੀ ਕਾਫ਼ੀ ਬੱਚਤ ਹੁੰਦੀ ਹੈ। ਇਹ ਟਰੈਪ ਵਾਰ-ਵਾਰ ਵਰਤੇ ਜਾ ਸਕਦੇ ਹਨ।

ਨਾਸ਼ਪਾਤੀ, ਬੇਰ, ਆੜੂ, ਅੰਗੂਰ ਤੇ ਆਂਵਲੇ ਦੇ ਬਾਗ਼ਾਂ ਵਿਚ ਸਿਉਂਕ ਦੀ ਰੋਕਥਾਮ ਲਈ 13 ਇੰਚ ਆਕਾਰ ਵਾਲੇ ਘੜੇ, ਜਿਨ੍ਹਾਂ ਵਿਚ 24 ਮੋਰੀਆਂ ਕੀਤੀਆਂ ਹੋਣ, ਨੂੰ ਮੱਕੀ ਦੇ ਗੁੱਲਿਆਂ ਨਾਲ ਭਰ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਤੇ ਦੁਬਾਰਾ ਸਤੰਬਰ ਦੇ ਪਹਿਲੇ ਹਫ਼ਤੇ ਮਿੱਟੀ ਵਿਚ ਦਬਾਉ। •

---



## ਫ਼ਸਲਾਂ 'ਚ ਮਲਚ ਦੀ ਅਹਿਮੀਅਤ

• ਜਗਰੂਪ ਕੌਰ, ਹਰਸਿਮਰਤ ਕੌਰ

ਜ਼ਮੀਨ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਵਰਤੇ ਜਾਣ ਵਾਲੇ ਪਦਾਰਥ- ਫ਼ਸਲੀ ਰਹਿੰਦ-ਖੂੰਹਦ, ਸੁੱਕਾ ਘਾਹ, ਸੁੱਕੇ ਪੱਤੇ, ਪਰਾਲੀ, ਨਾੜ, ਖੋਰੀ, ਆਦਿ ਨੂੰ ਮਲਚ ਆਖਦੇ ਹਨ।

### ਮਲਚ ਦੇ ਫ਼ਾਇਦੇ

ਮਲਚ ਵਾਸ਼ਪੀਕਰਣ ਨੂੰ ਕੰਟਰੋਲ ਕਰ ਕੇ ਮਿੱਟੀ ਦੀ ਨਮੀ ਨੂੰ ਬਰਕਰਾਰ ਰੱਖਦੀ ਹੈ। ਇਹ ਜ਼ਮੀਨ ਦੇ ਤਾਪਮਾਨ ਨੂੰ ਨਿਯਮਿਤ ਕਰਦੀ ਹੈ। ਮਲਚ ਦੀ ਵਰਤੋਂ ਨਾਲ ਸਰਦੀਆਂ 'ਚ ਜ਼ਮੀਨ ਦਾ ਤਾਪਮਾਨ ਆਮ ਨਾਲੋਂ ਵੱਧ ਜਾਂਦਾ ਹੈ ਤੇ ਗਰਮੀਆਂ 'ਚ ਘਟਦਾ ਹੈ, ਜਿਸ ਨਾਲ ਫ਼ਸਲਾਂ ਦੇ ਪੁੰਗਾਰੇ 'ਚ ਵਾਧਾ ਹੁੰਦਾ ਹੈ। ਮਲਚ ਨਾਲ ਨਦੀਨਾਂ ਦੀ ਘਣਤਾ ਨੂੰ ਵੀ ਬਹੁਤ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਜੈਵਿਕ ਮਲਚ, ਜਿਵੇਂ ਕਿ ਫ਼ਸਲੀ ਰਹਿੰਦ-ਖੂੰਹਦ ਗਲਣ ਤੋਂ ਬਾਅਦ ਜ਼ਮੀਨ 'ਚ ਫ਼ਸਲਾਂ ਲਈ ਜ਼ਰੂਰੀ ਤੱਤ ਛੱਡ ਦਿੰਦੀ ਹੈ ਜਿਸ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ 'ਚ ਵਾਧਾ ਹੁੰਦਾ ਹੈ। ਇਕ ਟਨ ਪਰਾਲੀ ਵਿਚ 6.2 ਕਿੱਲੋ ਨਾਈਟ੍ਰੋਜਨ, 2.3 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼ੀਅਮ ਅਤੇ 1.2 ਕਿੱਲੋ ਸਲਫਰ ਮੌਜੂਦ ਹੁੰਦੇ ਹਨ, ਜੋ ਗਲਣ ਤੋਂ ਬਾਅਦ ਜ਼ਮੀਨ ਦੀ ਉਪਜਾਊ ਸ਼ਕਤੀ 'ਚ ਵਾਧਾ ਕਰਦੇ ਹਨ। ਖੇਤ 'ਚ ਮਲਚ ਵਿਛਾਉਣ ਨਾਲ ਜ਼ਮੀਨ ਦੀ ਪਾਣੀ ਨੂੰ ਸੰਭਾਲਣ ਦੀ ਸਮਰਥਾ 'ਚ ਵਾਧਾ ਹੁੰਦਾ ਹੈ। ਮਲਚ ਪਾਉਣ ਨਾਲ ਮਿਟੀ ਦੇ ਖੁਰਨ ਦੀ ਸਮੱਸਿਆ ਘਟਦੀ ਹੈ। ਜੇ ਅਸੀ ਵਾਧੂ ਪਰਾਲੀ ਨੂੰ ਖੇਤ ਵਿਚ ਸਾੜਨ ਦੀ ਥਾਂ ਮਲਚ ਦੇ ਰੂਪ ਵਿਚ ਵਰਤੀਏ ਤਾਂ ਇਸ ਨਾਲ ਹਵਾ ਪ੍ਰਦੂਸ਼ਣ ਵੀ ਘਟੇਗਾ, ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬਿਮਾਰੀਆਂ 'ਚ ਵੀ ਗਿਰਾਵਟ ਆਏਗੀ ਅਤੇ ਜ਼ਮੀਨ ਨੂੰ ਲੋੜੀਂਦੇ ਤੱਤ ਮਿਲਣ ਕਾਰਨ ਖਾਦਾਂ ਉੱਪਰ ਹੋਣ ਵਾਲੇ ਖ਼ਰਚ 'ਤੇ ਵੀ ਕਮੀ ਆਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪਰਾਲੀ, ਖੋਰੀ, ਰੁੱਖਾਂ ਦੇ ਪੱਤਿਆਂ ਆਦਿ ਦੀ ਮਲਚ ਦੇ ਤੌਰ 'ਤੇ ਵਰਤੋਂ ਕਰਨ ਦੀ ਸਿਫ਼ਾਰਸ਼ ਕਈ ਫ਼ਸਲਾਂ ਵਿਚ ਕੀਤੀ ਗਈ ਹੈ। ਇਨ੍ਹਾਂ ਵਿਚ ਹਲਦੀ, ਗੰਨਾ, ਮੈਂਥਾ, ਕਣਕ, ਆਲੂ, ਲਸਣ, ਮਿਰਚਾਂ, ਅਮਰੂਦ ਆਦਿ ਫ਼ਸਲਾਂ ਸ਼ਾਮਲ ਹਨ, ਜਿਨ੍ਹਾਂ ਲਈ ਮਲਚਿੰਗ ਬੇਹੱਦ ਲਾਭਦਾਇਕ ਹੈ।

***ਹਲਦੀ :*** *ਬਿਜਾਈ ਤੋਂ ਬਾਅਦ 36 ਕੁਇੰਟਲ ਪਰਾਲੀ ਪ੍ਰਤੀ ਏਕੜ ਖੇਤ 'ਚ ਖਿਲਾਰਨ ਨਾਲ ਹਲਦੀ ਦਾ ਪੁੰਗਾਰਾ ਵਧੀਆ ਹੁੰਦਾ ਹੈ ਤੇ ਨਦੀਨਾਂ ਦੀ ਰੋਕਥਾਮ ਹੁੰਦੀ ਹੈ।*

***ਮੈਂਥਾ :*** *ਬਿਜਾਈ ਤੋਂ ਬਾਅਦ ਪਰਾਲੀ ਨੂੰ 2.4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ 'ਚ ਖਿਲਾਰੋ।*

***ਗੰਨਾ :*** *ਕਮਾਦ ਦੇ ਜੰਮ ਤੋਂ ਬਾਅਦ ਕਤਾਰਾਂ 'ਚ ਸੁੱਕਾ ਘਾਹ ਜਾਂ ਪਰਾਲੀ ਜਾਂ ਝੋਨੇ ਦਾ ਛਿਲਕਾ ਜਾਂ ਖੋਰੀ ਜਾਂ ਸੁੱਕੇ ਪੱਤੇ 20-25 ਕੁਇੰਟਲ ਪ੍ਰਤੀ ਏਕੜ ਵਿਛਾਉਣ ਨਾਲ ਜ਼ਮੀਨ ਦਾ ਤਾਪਮਾਨ ਘਟੇਗਾ ਤੇ ਜ਼ਮੀਨ ਵਿਚਲੀ ਸਿੱਲ੍ਹ ਨੂੰ ਸੰਭਾਲਿਆ ਜਾ ਸਕਦਾ ਹੈ। ਨਦੀਨਾਂ ਤੇ ਆਗ ਦੇ ਗੜੂੰਏਂ ਦੀ ਸਮੱਸਿਆ ਘਟਦੀ ਹੈ।*

***ਕਣਕ :*** *ਪੀਏਯੂ ਵੱਲੋਂ ਹੈਪੀ ਸੀਡਰ ਮਸ਼ੀਨ 'ਚ ਦਬਾਅ ਵਾਲੇ ਪਹੀਆਂ ਵਾਲੀ ਅਟੈਚਮੈਂਟ ਲਗਾਈ ਗਈ ਹੈ, ਜਿਹੜੀ ਕੰਬਾਈਨ ਨਾਲ ਕੱਟੇ ਝੋਨੇ ਦੇ ਵੱਢ 'ਚ ਬਿਜਾਈ ਦੌਰਾਨ ਪਰਾਲੀ ਨੂੰ ਕਣਕ ਦੇ ਸਿਆੜਾਂ 'ਚ ਮਲਚ ਦੇ ਰੂਪ 'ਚ ਦਬਾਅ ਦਿੰਦੀ ਹੈ। ਇਸ ਨਾਲ ਕਣਕ ਦਾ ਪੁੰਗਾਰਾ ਤੇ ਮੁਢਲਾ ਵਾਧਾ ਵਧੀਆ ਹੁੰਦਾ ਹੈ ਤੇ ਨਦੀਨਾਂ ਦੀ ਘਣਤਾ ਘਟਦੀ ਹੈ।*

***ਆਲੂ :*** *25 ਕੁਇੰਟਲ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ 'ਚ ਵਿਛਾਉਣ ਨਾਲ ਦੋ ਸਿੰਚਾਈਆਂ ਬਚਾਈਆਂ ਜਾ ਸਕਦੀਆਂ ਹਨ।*

***ਲਸਣ :*** *ਨਦੀਨ ਉੱਗਣ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਨਨਾਸ਼ਕ ਤੋਂ ਬਾਅਦ 25 ਕੁਇੰਟਲ ਪਰਾਲੀ ਪ੍ਰਤੀ ਏਕੜ ਵਿਛਾਉਣ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।*

***ਮਿਰਚਾਂ :*** *ਮਿਰਚਾਂ ਦੀ ਫ਼ਸਲ ਵਿਚ 25 ਕੁਇੰਟਲ ਪਰਾਲੀ ਪ੍ਰਤੀ ਏਕੜ ਵਿਛਾ ਕੇ ਪਾਣੀ ਨੂੰ 15-16 ਸਿੰਚਾਈਆਂ ਤੋਂ ਘਟਾ ਕੇ 9 'ਤੇ ਲਿਆਂਦਾ ਜਾ ਸਕਦਾ ਹੈ।*

***ਅਮਰੂਦ :*** *ਅਮਰੂਦਾਂ ਦੇ ਬੂਟਿਆਂ ਵਿਚ ਮਈ ਮਹੀਨੇ ਦੌਰਾਨ ਖਾਦਾਂ ਪਾਉਣ ਤੋਂ ਬਾਅਦ ਨਦੀਨਾਂ ਦੀ ਰੋਕਥਾਮ ਲਈ 4 ਟਨ ਪਰਾਲੀ ਪ੍ਰਤੀ ਏਕੜ ਮਲਚ ਦੇ ਤੌਰ 'ਤੇ ਵਰਤਣੀ ਚਾਹੀਦੀ ਹੈ।* •

---

## ਖੇਤੀ ਵਿਭਿੰਨਤਾ 'ਚ ਮੱਕੀ ਦੀ ਅਹਿਮੀਅਤ

• ਜਸਵੀਰ ਸਿੰਘ ਚਾਵਲਾ, ਮਹੇਸ਼ ਕੁਮਾਰ, 98726-60990

*ਪੰਜਾਬ ਵਿਚ 116 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਹ ਕਣਕ-ਝੋਨੇ ਤੋਂ ਬਾਅਦ ਭਾਰਤ ਦੀ ਤੀਜੀ ਮੁੱਖ ਫ਼ਸਲ ਹੈ। ਇਸ ਦੀ ਕਾਸ਼ਤ ਬਰਾਨੀ ਹਾਲਤਾਂ 'ਚ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਦਾ ਮੰਡੀਕਰਨ ਕਣਕ-ਝੋਨੇ ਦੀ ਤਰਜ 'ਤੇ ਹੋ ਸਕੇ ਤਾਂ ਇਹ ਖੇਤੀ ਵਿਭਿੰਨਤਾ 'ਚ ਅਹਿਮ ਯੋਗਦਾਨ ਪਾ ਸਕਦੀ ਹੈ...*



ਝੋਨੇ ਤੇ ਕਣਕ ਤੋਂ ਬਾਅਦ ਮੱਕੀ ਭਾਰਤ ਦੀ ਤੀਜੀ ਮੁੱਖ ਫ਼ਸਲ ਹੈ। 2016-17 ਦੌਰਾਨ, ਪੰਜਾਬ ਵਿਚ 116 ਹਜ਼ਾਰ ਹੈਕਟੇਅਰ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਗਈ ਤੇ ਇਸ ਦੀ ਕੁੱਲ ਉਪਜ 445 ਹਜ਼ਾਰ ਟਨ ਹੋਈ। ਮੱਕੀ ਦਾ ਪ੍ਰਤੀ ਹੈਕਟਰ ਔਸਤ ਝਾੜ 38.35 ਕੁਇੰਟਲ ਰਿਹਾ। ਮੱਕੀ ਨੂੰ ਫੀਡ, ਭੋਜਨ ਤੇ ਚਾਰੇ ਲਈ ਵਰਤਿਆ ਜਾਂਦਾ ਹੈ। ਇਸ ਤੋਂ ਸਨਅਤੀ ਵਸਤਾਂ ਸਟਾਰਚ, ਤੇਲ, ਪ੍ਰੋਟੀਨ, ਦਵਾਈਆਂ, ਫਿਲਮ, ਕੱਪੜਾ ਤੇ ਕਾਗਜ਼ ਤਿਆਰ ਕੀਤਾ ਜਾਂਦਾ ਹੈ। ਜੇ ਮੱਕੀ ਦਾ ਮੰਡੀਕਰਨ ਵੀ ਝੋਨੇ ਦੀ ਤਰਜ 'ਤੇ ਹੋਵੇ ਤਾਂ ਪੰਜਾਬ ਵਿਚ ਖੇਤੀ ਵਿਭਿੰਨਤਾ ਲਿਆਉਣ 'ਚ ਮੱਕੀ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ। ਮੱਕੀ ਦੀ ਫ਼ਸਲ ਲਗਪਗ 100 ਦਿਨ੍ਹਾਂ 'ਚ ਪੱਕ ਜਾਂਦੀ ਹੈ, ਜਿਸ ਕਾਰਨ ਪਾਣੀ ਦੀ ਖਪਤ ਘਟ ਹੁੰਦੀ ਹੈ। ਇਸ ਦੀ ਕਾਸ਼ਤ ਬਰਾਨੀ ਇਲਾਕਿਆਂ 'ਚ ਵੀ ਸਫਲਤਾਪੂਰਵਕ ਕੀਤੀ ਜਾ ਸਕਦੀ ਹੈ। ਮੱਕੀ ਦੀ ਕਾਸ਼ਤ ਨੂੰ ਲਾਹੇਵੰਦ ਬਣਾਉਣ ਲਈ ਇਸ ਦੀਆਂ ਖ਼ਾਸ ਵਰਤੋਂ ਵਾਲੀਆਂ ਕਿਸਮਾਂ, ਜਿਵੇਂ ਸਵੀਟ ਕੌਰਨ (ਮਿੱਠੀ ਮੱਕੀ), ਪੌਪ ਕੌਰਨ (ਫੁੱਲਿਆਂ ਵਾਲੀ ਮੱਕੀ) ਤੇ ਬੇਬੀ ਕੌਰਨ (ਕੱਚੀ ਮੱਕੀ) ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਮੱਕੀ ਦੀ ਕਾਸ਼ਤ ਲਈ ਕੁਝ ਅਹਿਮ ਗੱਲਾਂ ਨੂੰ ਧਿਆਨ 'ਚ ਰੱਖਣਾ ਜ਼ਰੂਰੀ ਹੈ :

ਮੱਕੀ ਦੀਆਂ ਦੋਗਲੀਆਂ ਤੇ ਕੰਪੋਜ਼ਿਟ ਕਿਸਮਾਂ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀ ਗਈ ਹੈ।

### ਬੀਜ ਦੀ ਮਾਤਰਾ ਤੇ ਸੋਧ

ਬਿਜਾਈ ਲਈ 8 ਕਿੱਲੋ ਬੀਜ ਪ੍ਰਤੀ ਏਕੜ ਵਰਤੋਂ। ਪਰਲ ਪੌਪ ਕੌਰਨ ਦੇ ਦਾਣਿਆਂ ਦਾ ਆਕਾਰ ਛੋਟਾ ਹੋਣ ਕਰਕੇ 7 ਕਿੱਲੋ ਬੀਜ ਪ੍ਰਤੀ ਏਕੜ ਕਾਫ਼ੀ ਹੈ। ਸੰਘਣੀ ਫ਼ਸਲ 'ਤੇ ਛੱਲੀਆਂ ਘੱਟ ਲਗਦੀਆਂ ਹਨ ਤੇ ਝਾੜ ਘਟਦਾ ਹੈ। ਖੇਤ ਵਿਚ ਬੂਟਿਆਂ ਦੀ ਘੱਟ ਗਿਣਤੀ ਹੋਣਾ ਝਾੜ ਦੇ ਘਟਣ ਦਾ ਵੱਡਾ ਕਾਰਨ ਬਣਦਾ ਹੈ। ਉੱਲੀ ਨਾਸ਼ਕ ਜ਼ਹਿਰਾਂ, ਜਿਵੇਂ ਬਾਵਿਸਟਨ ਜਾਂ ਡੈਰੋਸਲ ਜਾਂ ਐਗਰੋਜ਼ਿਮ 50 ਡਬਲਿਊਪੀ ਆਦਿ ਨਾਲ 3 ਗ੍ਰਾਮ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਬੀਜ ਨੂੰ ਬਿਜਾਈ ਤੋਂ ਪਹਿਲਾਂ ਸੋਧ ਲਵੋ।

### ਬਿਜਾਈ ਦਾ ਸਮਾਂ ਤੇ ਢੰਗ

ਸੇਂਜੂ ਹਾਲਤ ਵਿਚ ਮੱਕੀ ਦੀ ਬਿਜਾਈ ਮਈ ਦੇ ਅਖ਼ੀਰਲੇ ਹਫ਼ਤੇ ਤੋਂ ਜੂਨ ਦੇ ਅਖ਼ੀਰ ਤਕ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਅਗਲੀ ਫ਼ਸਲ ਆਲੂ, ਤੋਰੀਆ, ਕਣਕ ਆਦਿ ਦੀ ਬਿਜਾਈ ਲਈ ਖੇਤ ਸਮੇਂ ਸਿਰ ਖ਼ਾਲੀ ਹੋ ਜਾਂਦਾ ਹੈ। ਸਮੇਂ ਸਿਰ ਬੀਜੀ ਫ਼ਸਲ ਤੋਂ ਝਾੜ ਵੀ ਚੰਗਾ ਮਿਲਦਾ ਹੈ ਤੇ ਬਾਰਿਸ਼ਾਂ 'ਚ ਜ਼ਿਆਦਾ ਪਾਣੀ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਕਤਾਰ ਤੋਂ ਕਤਾਰ ਦਾ ਫ਼ਾਸਲਾ 60 ਸੈਂਟੀਮੀਟਰ ਰੱਖੋ ਤੇ ਬੂਟਿਆਂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਹੋਣਾ ਚਾਹੀਦਾ ਹੈ।

### ਬਿਨਾਂ ਵਾਹੀ ਬਿਜਾਈ

ਕਣਕ ਤੋਂ ਬਾਅਦ ਮੱਕੀ ਨੂੰ ਬਿਨਾਂ ਜ਼ਮੀਨ ਵਾਹੇ ਜ਼ੀਰੋ ਟਿਲ ਡਰਿੱਲ ਨਾਲ ਬੀਜਿਆ ਜਾ ਸਕਦਾ ਹੈ। ਜਿਨ੍ਹਾਂ ਖੇਤਾਂ 'ਚ ਨਦੀਨ ਜ਼ਿਆਦਾ ਹੋਣ, ਉੱਥੇ ਅੱਧਾ ਲਿਟਰ ਗ੍ਰਾਮੈਕਸੋਨ 24 ਐੱਸਐੱਲ 200 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ ਪਹਿਲਾਂ ਛਿੜਕੋ। ਮੱਕੀ ਨੂੰ ਬਿਨਾਂ ਵਾਹੇ ਬੀਜਣ ਨਾਲ ਡੀਜ਼ਲ ਤੇ ਸਮੇਂ ਦੀ ਬੱਚਤ, ਪ੍ਰਦੂਸ਼ਣ ਘੱਟ ਹੁੰਦਾ ਹੈ, ਪਾਣੀ ਦੀ ਬੱਚਤ, ਨਦੀਨਾਂ ਦੀ ਸਮੱਸਿਆ ਘੱਟ ਹੋਣ ਕਾਰਨ ਝਾੜ ਵਧਦਾ ਹੈ।

#### ਖਾਲ਼ੀਆਂ 'ਚ ਬਿਜਾਈ

*ਮਈ ਦੇ ਅਖ਼ੀਰਲੇ ਹਫ਼ਤੇ ਤੋਂ ਅੱਧ ਜੂਨ ਤਕ ਮੱਕੀ ਦੀ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲ਼ੀਆਂ 'ਚ ਕੀਤੀ ਜਾ ਸਕਦੀ ਹੈ। ਇਸ ਨਾਲ ਖ਼ੁਸ਼ਕ ਤੇ ਗਰਮ ਮੌਸਮ 'ਚ ਪਾਣੀ ਘੱਟ ਅਤੇ ਸੌਖਾ ਲਗਦਾ ਹੈ। ਖਾਲ਼ੀਆਂ 'ਚ ਬੀਜੀ ਮੱਕੀ ਦੀ ਫ਼ਸਲ ਘੱਟ ਡਿੱਗਦੀ ਹੈ ਤੇ ਪੱਧਰੀ ਬਿਜਾਈ ਨਾਲੋਂ ਝਾੜ ਵੀ ਜ਼ਿਆਦਾ ਦਿੰਦੀ ਹੈ।*

#### ਜਲਵਾਯੂ ਤੇ ਜ਼ਮੀਨ

*ਮੱਕੀ ਦੀ ਕਾਸ਼ਤ ਲਈ ਚੰਗੇ ਜਲ ਨਿਕਾਸ, ਮੈਰਾ ਤੋਂ ਭੱਲ ਵਾਲੀ ਜ਼ਮੀਨ ਸਭ ਤੋਂ ਚੰਗੀ ਹੈ। ਮੱਕੀ ਨੂੰ ਉੱਗਣ ਤੋਂ ਲੈ ਕੇ ਨਿਸਰਨ ਤਕ ਸਿੱਲ੍ਹੇ ਤੇ ਗਰਮ ਜਲਵਾਯੂ ਦੀ ਲੋੜ ਹੈ। ਫ਼ਸਲ ਨਿਸਰਣ ਸਮੇਂ ਘੱਟ ਸਿੱਲ੍ਹ ਤੇ ਜ਼ਿਆਦਾ ਤਾਪਮਾਨ ਪੱਤਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਪਰਾਗ ਕਣ ਸੁੱਕ ਜਾਂਦੇ ਹਨ, ਪਰਾਗਣ ਕਿਰਿਆ ਠੀਕ ਨਹੀ ਹੁੰਦੀ ਤੇ ਦਾਣੇ ਘੱਟ ਪੈਂਦੇ ਹਨ। ਚੰਗਾ ਝਾੜ ਲੈਣ ਲਈ ਖੇਤਾਂ ਦੇ ਜਲ ਨਿਕਾਸ ਦਾ ਠੀਕ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ।*

#### ਗੋਡੀ ਕਰਨਾ ਤੇ ਬੂਟੇ ਵਿਰਲੇ ਕਰਨਾ

*ਬਿਜਾਈ ਤੋਂ 15 ਤੇ 30 ਦਿਨਾਂ ਬਾਅਦ ਦੋ ਗੋਡੀਆਂ ਕਰ ਕੇ ਫ਼ਸਲ 'ਚੋਂ ਘਾਹ-ਫੂਸ ਖ਼ਤਮ ਕਰ ਦੇਣਾ ਚਾਹੀਦਾ ਹੈ। ਪਹਿਲੀ ਗੋਡੀ ਰੰਬੇ ਜਾਂ ਕਸੌਲੇ ਨਾਲ ਕਰੋ। ਦੂਜੀ ਗੋਡੀ ਲਈ ਇਕ ਪਹੀਏ ਵਾਲੀ ਤ੍ਰਿਫਾਲੀ ਵਰਤੋ। ਪਹਿਲੀ ਗੋਡੀ ਸਮੇਂ ਬੂਟੇ ਵਿਰਲੇ ਕਰ ਦਿਉ ਤੇ ਬੂਟਿਆਂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਰੱਖੋ।*



### ਨਦੀਨਾਂ ਦੀ ਰੋਕਥਾਮ

ਚੌੜੇ ਪੱਤਿਆਂ ਵਾਲੇ ਨਦੀਨਾਂ ਲਈ ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ 'ਚ ਐਟਰਾਟਾਫ 50 ਡਬਲਿਊਪੀ 800 ਗ੍ਰਾਮ ਪ੍ਰਤੀ ਏਕੜ ਤੇ ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਪ੍ਰਤੀ ਏਕੜ ਬਿਜਾਈ ਤੋਂ ਦਸ ਦਿਨ ਦੇ ਅੰਦਰ 200 ਲਿਟਰ ਪਾਣੀ 'ਚ ਘੋਲ ਕੇ ਵਰਤੋ ਜਾਂ 250 ਗ੍ਰਾਮ ਫ਼ਸਲ ਦੀਆਂ ਕਤਾਰਾਂ ਚੌੜੀ ਪੱਟੀ 'ਚ ਛਿੜਕਾਅ ਕਰੋ ਤੇ ਕਤਾਰਾਂ 'ਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨ੍ਹਾਂ ਬਾਅਦ ਗੋਡੀ ਕਰੋ। ਸਖ਼ਤ ਜਾਨ ਨਦੀਨ, ਬਾਂਸ ਪੱਤਾ, ਘਾਹ, ਕਾਂ ਮੱਕੀ ਆਦਿ ਦੀ ਲਈ 600 ਗ੍ਰਾਮ ਐਟਰਾਜੀਨ ਨੂੰ ਇਕ ਲਿਟਰ ਲਾਸੋ 50 ਈਸੀ ਜਾਂ ਇਕ ਲਿਟਰ ਸਟੋਂਪ 30 ਈਸੀ ਦਾ ਪ੍ਰਤੀ ਏਕੜ 200 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ 2 ਦਿਨ ਅੰਦਰ ਛਿੜਕਾਅ ਕਰੋ। ਖੜ੍ਹੀ ਫ਼ਸਲ 'ਚ ਨਦੀਨਾਂ ਦੀ ਰੋਕਥਾਮ ਲਈ 105 ਮਿਲੀਲਿਟਰ ਪ੍ਰਤੀ ਏਕੜ ਲੌਡਿਸ 420 ਐੱਸਸੀ ਦਾ ਛਿੜਕਾਅ 150 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ 20 ਦਿਨ ਬਾਅਦ ਕਰੋ। ਡੀਲੇ-ਮੋਥੇ ਲਈ 2,4-ਡੀ ਅਮਾਈਨ ਸਾਲਟ 58 ਫ਼ੀਸਦੀ 400 ਐੱਮਐੱਲ ਪ੍ਰਤੀ ਏਕੜ 150 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ।

### ਸਿੰਚਾਈ

ਮੱਕੀ ਨੂੰ 4 ਤੋਂ 6 ਪਾਣੀਆਂ ਦੀ ਲੋੜ ਹੁੰਦੀ ਹੈ। ਫ਼ਸਲ ਨੂੰ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ, ਖ਼ਾਸ ਕਰ ਕੇ ਨਿਸਰਣ ਤੇ ਸੂਤ ਕੱਤਣ ਸਮੇਂ। ਛੋਟੀ ਉਮਰ ਦੀ ਮੱਕੀ 'ਚ ਪਾਣੀ ਖੜ੍ਹਾ ਹੋਣ ਨਾਲ ਫ਼ਸਲ ਦਾ ਨੁਕਸਾਨ ਹੁੰਦਾ ਹੈ। ਜੇ ਜ਼ਿਆਦਾ ਪਾਣੀ ਖੜ੍ਹਨ ਨਾਲ ਨੁਕਸਾਨ ਹੋ ਜਾਵੇ ਤਾਂ 6 ਕਿੱਲੋ ਯੂਰੀਆ ਨੂੰ 200 ਲਿਟਰ ਪਾਣੀ 'ਚ ਘੋਲ ਬਣਾ ਕੇ (3 ਫ਼ੀਸਦੀ) ਦੋ ਵਾਰੀ ਹਫ਼ਤੇ ਦੇ ਫ਼ਰਕ 'ਤੇ ਛਿੜਕੋ। ਜੇ ਨੁਕਸਾਨ ਦਰਮਿਆਨੇ ਤੋਂ ਭਾਰੀ ਹੋਵੇ ਤਾਂ ਫ਼ਸਲ ਵਿੱਚੋਂ ਪਾਣੀ ਕੱਢਣ ਮਗਰੋਂ 12-24 ਕਿੱਲੋ ਨਾਈਟ੍ਰੋਜਨ (25-50 ਕਿੱਲੋ ਯੂਰੀਆ) ਪ੍ਰਤੀ ਏਕੜ ਹੋਰ ਪਾਉ।

### ਖਾਦਾਂ

ਮੱਕੀ ਦੀ ਫ਼ਸਲ ਖ਼ੁਰਾਕੀ ਤੱਤਾਂ ਨੂੰ ਬਹੁਤ ਮੰਨਦੀ ਹੈ ਪਰ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ ਤੇ ਫ਼ਸਲੀ ਚੱਕਰ ਅਨੁਸਾਰ ਹੀ ਕਰੋ। ਮੱਕੀ ਦੀ ਫ਼ਸਲ 'ਚ ਰੂੜੀ ਤੇ ਹਰੀ ਖਾਦ ਪਾਉ। ਹਰੀ ਖਾਦ ਲਈ ਰਵਾਂਹ ਜਾਂ ਸਣ ਜਾਂ ਜੰਤਰ ਦੀ ਬਿਜਾਈ ਕਰੋ। ਜੇ ਗਰਮ ਰੁੱਤ ਦੀ ਮੂੰਗੀ ਬੀਜੀ ਗਈ ਹੋਵੇ ਤਾਂ ਫਲੀਆਂ ਤੋੜਨ ਪਿੱਛੋਂ ਇਸ ਨੂੰ ਮੱਕੀ ਬੀਜਣ ਤੋਂ ਪਹਿਲਾਂ ਵਾਹ ਕੇ ਖੇਤ 'ਚ ਦੱਬ ਦਿਉ। ਰੂੜੀ ਦੀ ਵਰਤੋਂ ਨਾਲ ਜ਼ਮੀਨ ਦੀ ਹਾਲਤ ਸੁਧਰਦੀ ਹੈ ਤੇ ਜ਼ਮੀਨ ਦੀ ਪਾਣੀ ਸੰਭਾਲਣ ਦੀ ਸ਼ਕਤੀ ਵੀ ਵੱਧਦੀ ਹੈ।

ਚੰਗਾ ਝਾੜ ਲੈਣ ਲਈ ਲੰਬੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਪੀਐੱਮਐੱਚ-1, ਪ੍ਰਭਾਤ ਤੇ ਪੰਜਾਬ ਸਵੀਟ ਕੌਰਨ-1 ਨੂੰ 90 ਕਿੱਲੋ ਯੂਰੀਆ, 55 ਕਿੱਲੋ ਡੀਏਪੀ ਤੇ 20 ਕਿੱਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ, ਜਿਵੇਂ ਪੀਐੱਮਐੱਚ-2, ਕੇਸਰੀ ਤੇ ਪਰਲ ਪੌਪ ਕੌਰਨ ਨੂੰ 65 ਕਿੱਲੋ ਯੂਰੀਆ, 27 ਕਿੱਲੋ ਡੀਏਪੀ ਤੇ 15 ਕਿੱਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਜੇ ਖੇਤ 'ਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿੱਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਸਾਰੀ ਫਾਸਫੋਰਸ, ਪੋਟਾਸ਼ ਤੇ ਤੀਜਾ ਹਿੱਸਾ ਨਾਈਟ੍ਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਉ। ਬਾਕੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਉ-ਇੱਕ ਹਿੱਸਾ ਉਸ ਵੇਲੇ ਪਾਉ, ਜਦ ਫ਼ਸਲ ਗੋਡੇ-ਗੋਡੇ ਹੋਵੇ ਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਉ। ਜੇ ਮੱਕੀ ਨੂੰ 6 ਟਨ ਪ੍ਰਤੀ ਏਕੜ ਤੋਂ ਵੱਧ ਰੂੜੀ ਹਰ ਸਾਲ ਪਾਈ ਜਾਵੇ ਤਾਂ ਬਿਜਾਈ ਸਮੇਂ ਖਾਦ ਦੀ ਲੋੜ ਨਹੀਂ।

### ਕੀੜੇ ਮਕੌੜੇ ਤੇ ਬਿਮਾਰੀਆਂ

ਮੱਕੀ ਦਾ ਗੜੂੰਆਂ ਸਾਉਣੀ ਰੁੱਤ ਦਾ ਮੁੱਖ ਕੀੜਾ ਹੈ। ਇਹ ਫ਼ਸਲ ਦਾ 15 ਫ਼ੀਸਦੀ ਤਕ ਨੁਕਸਾਨ ਕਰ ਸਕਦਾ ਹੈ। ਇਸ ਦੀ ਰੋਕਥਾਮ ਲਈ ਕੋਰਾਜਨ 18.5 ਐੱਸਸੀ 30 ਮਿਲੀਲੀਟਰ ਜਾਂ ਫ਼ੇਮਿਸ 2.8 ਈਸੀ 60 ਮਿਲੀਲੀਟਰ ਨੂੰ 60 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ 10-15 ਦਿਨ ਦੀ ਫ਼ਸਲ 'ਤੇ ਛਿੜਕੋ। ਮਿੱਤਰ ਕੀੜੇ ਟ੍ਰਾਈਕੋਗ੍ਰਾਮਾ ਨੂੰ ਵੀ 10 ਅਤੇ ਫਿਰ 17 ਦਿਨ ਦੀ ਫ਼ਸਲ 'ਤੇ ਛੱਡ ਕੇ ਗੜੂੰਏਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਕ ਏਕੜ ਲਈ 40 ਹਜ਼ਾਰ ਪਰਜੀਵੀ ਕਿਰਿਆ ਕੀਤੇ ਆਂਡਿਆਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਬੀਜ ਤੇ ਪੁੰਗਾਰ ਦੇ ਗਲਣ ਰੋਗ ਦੀ ਰੋਕਥਾਮ ਲਈ ਬੀਜ ਦੀ ਸੋਧ ਸਿਫ਼ਾਰਸ਼ ਕੀਤੇ ਉੱਲੀ ਨਾਸ਼ਕਾਂ ਨਾਲ ਕਰੋ। ਤਣਾ ਗਲਣ ਦੀ ਰੋਕਥਾਮ ਲਈ ਖੇਤ 'ਚ ਪਾਣੀ ਦੀ ਨਿਕਾਸੀ ਦੇ ਪੁਖ਼ਤਾ ਇੰਤਜ਼ਾਮ ਕਰੋ। •

# ਸਿੱਖਿਆ ਵਿਭਾਗ ਵਲੋਂ ਏਡਿਡ ਸਕੂਲਾਂ ਨੂੰ ਬੰਦ ਕਰਨ ਦੀ ਸ਼ਾਜਿਸ ਦੇ ਰੋਸ ਵਲੋਂ ਯੂਨੀਅਨ ਵਲੋਂ ਸਿੱਖਿਆ ਮੰਤਰੀ ਦੇ ਹਲਕੇ ਰੋਸ ਮਾਰਚ ਦਾ ਐਲਾਨ

**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਪੰਜਾਬ ਵਲੋਂ ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਨੂੰ ਬੰਦ ਕਰਨ ਦੀ ਸ਼ਾਜਿਸ ਨੂੰ ਰੋਕਣ ਲਈ ਅੱਜ ਏਡਿਡ ਸਕੂਲਾਂ ਦੀ ਮੈਨੇਜਮੈਂਟ ਐਸੋਸੀਏਸ਼ਨ , ਪੈਨਸ਼ਨਰ ਐਸ਼ੋਸੀਏਸ਼ਨ ਅਤੇ ਅਧਿਆਪਕ ਯੂਨੀਅਨ ਦੀ ਮੀਟਿੰਗ ਰਾਮਗੜ੍ਹੀਆਂ ਸਕੂਲ ਵਿਖੇ ਸੂਬਾ ਪ੍ਰਧਾਨ ਐਨ.ਐਨ.ਸੈਣੀ , ਪੈਨਸ਼ਨਰ ਐਸੋਸ਼ੀਏਸ਼ਨ ਦੇ ਸੂਬਾ ਪ੍ਰਧਾਨ ਗੁਰਚਰਨ ਸਿੰਘ ਚਾਹਲ ਅਤੇ ਮੈਨੇਜਮੈਂਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੇਵਾ ਸਿੰਘ ਚਾਵਲਾ ਦੀ ਅਗਵਾਈ ਵਿਚ ਕੀਤੀ ਗਈ।ਇਸ ਮੌਕੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਪੁੱਜੇ ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਵਲੋਂ 16 ਮਈ ਨੂੰ ਇਕ ਪੱਤਰ ਜਾਰੀ ਕਰਕੇ ਏਡਿਡ ਸਕੂਲਾਂ ਦੀਆਂ ਗ੍ਰਾਂਟਾ ਬੰਦ ਕਰਨ ਦੀ ਸ਼ਾਜਿਸ਼ ਰਚੀ ਹੈ , ਜਿਸ ਨੂੰ ਕਿਸੀ ਵੀ ਕੀਮਤ ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।ਸੂਬਾ ਪ੍ਰਧਾਨ ਐਨ.ਐਨ.ਸੈਣੀ ਅਤੇ ਪੈਨਸ਼ਨਰ ਐਸੋਸ਼ੀਏਸ਼ਨ ਦੇ ਸੂਬਾ ਪ੍ਰਧਾਨ ਗੁਰਚਰਨ ਸਿੰਘ ਚਾਹਲ ਨੇ ਕਿਹਾ ਕਿ ਅਗਰ ਸਿੱਖਿਆ ਵਿਭਾਗ ਨੇ ਇਹ ਏਡਿਡ ਸਕੂਲਾਂ ਵਿਰੋਧੀ ਪੱਤਰ ਜਲਦ ਵਾਪਸ ਨਾ ਲਿਆ ਤਾਂ ਸਿੱਖਿਆ ਵਿਭਾਗ ਦੇ ਇਸ ਮਾਰੂ ਫੈਸਲੇ ਦੇ ਖਿਲਾਫ ਪੰਜਾਬ ਦੇ ਸਮੁੱਚੇ ਏਡਿਡ ਸਕੂਲਾਂ ਦੇ ਅਧਿਆਪਕ ਸਮੂਹਿਕ ਛੁੱਟੀ ਲੈ ਕੇ ਅਤੇ ਏਡਿਡ ਸਕੂਲਾਂ ਦੇ ਪੈਨਸ਼ਨਰ ਤੇ ਮੈਨੇਜਮੈਂਟ ਐਸੋਸ਼ੀਏਸ਼ਨ ਦੇ ਪ੍ਰਤੀਨਿਧੀ ਨੂੰ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਵਿਸ਼ਾਲ ਰੋਸ ਮਾਰਚ ਕਰਨਗੇ।ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਸੋਚੀ ਸਮਝੀ ਸਾਜਿਸ਼ ਤਹਿਤ ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀ ਗ੍ਰਾਂਟ ਬੰਦ ਕਰਨਾ ਚਾਹੁੰਦਾ ਹੈ।ਜਿਸ ਕਰਕੇ ਵਿਭਾਗ ਵਲੋਂ ਏਡਿਡ ਸਕੂਲਾਂ ਤੋਂ ਬੇਲੋੜੀ ਸੂਚਨਾ ਮੰਗ ਰਿਹਾ ਹੈ।ਜਿਸ ਨੂੰ ਕਿਸੀ ਵੀ ਕੀਮਤ ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਖਿਲਾਫ ਇਹ ਰੋਸ ਮਾਰਚ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਕਰਕੇ ਉਹਨਾਂ ਦੇ ਪਿੰਡ ਤੋਂ ਹੁੰਦਾ ਹੋਇਆ ਨੰਗਲ ਤੱਕ ਜਾਵੇਗਾ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਏਡਿਡ ਸਕੂਲਾਂ ਨਾਲ ਧੱਕਾ ਕਰ ਰਹੀ ਹੈ।ਪਿਛਲੇ ਤਿੰਨ ਸਾਲਾਂ ਤੋਂ ਏਡਿਡ ਸਕੂਲਾਂ ਦੇ ਪੈਨਸ਼ਨਰ ਤੇ ਕਰਮਚਾਰੀ ਛੇਵਾਂ ਤਨਖਾਹ ਕਮਿਸ਼ਨ ਨੂੰ ਤਰਸ ਰਹੇ ਹਨ।ਯੂਨੀਅਨ ਆਗੂਆਂ ਨੇ ਕਿਹਾ ਕਿ ਅਗਰ ਇਸ ਰੋਸ ਧਰਨੇ ਤੋਂ ਬਾਅਦ ਵੀ ਸਰਕਾਰ ਦੇ ਕੰਨ ਤੇ ਜੂੰ ਨਾ ਸਰਕੀ ਤਾਂ ਇਸ ਤੋਂ ਵੀ ਵੱਡਾ ਐਕਸ਼ਨ ਕੀਤਾ ਜਾਵੇਗਾ।ਇਸ ਮੀਟਿੰਗ ਵਿਚ ਸਾਰੇ ਜ਼ਿਲ੍ਹੇ ਦੇ ਆਗੂਆਂ ਦੀਆਂ ਰੋਸ ਰੈਲੀ ਲਈ ਡਿਊਟੀਆਂ ਵੀ ਲਗਾਈਆਂ ਗਈਆਂ।ਮੀਟਿੰਗ ਵਿਚ ਸ਼ਰਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਮੋਹਾਲੀ, ਅਮਰਜੀਤ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਰੋਪੜ,ਪ੍ਰਵੀਨ ਕੁਮਾਰ ਪ੍ਰਧਾਨ ਮੋਗਾ, ਦਲਜੀਤ ਸਿੰਘ ਬੋਲਾ ਪ੍ਰਧਾਨ ਨਵਾਂਸ਼ਹਿਰ, ਸਰਬਜੀਤ ਸਿੰਘ ਢਿੱਲੋਂ ਤਰਤਤਾਰਨ,ਰਣਜੀਤ ਸਿੰਘ ਅਨੰਦਪੁਰ ਸਾਹਿਬ, ਸਤਵਿੰਦਰ ਕੁਮਾਰ ਹੁਸ਼ਿਆਰਪੁਰ,ਹਰਦੀਪ ਸਿੰਘ ਰੋਪੜ, ਰਾਜਿੰਦਰ ਕੁਮਾਰ ਫਗਵਾੜਾ ਜਨਰਲ ਸਕੱਤਰ, ਪ੍ਰਿੰ.ਹਰਦੀਪ ਕੌਰ ਫਗਵਾੜਾ, ਯਾਦਵਿੰਦਰ ਕੁਮਾਰ ਕੁਰਾਲੀ,ਦਲਜੀਤ ਸਿੰਘ, ਪ੍ਰਿੰ.ਨਵਦੀਪ ਕੁਮਾਰ, ਸੁਰਿੰਦਰ ਕੁਮਾਰ ,ਰਣਬੀਰ ਸਿੰਘ ਨੰਗਲ, ਪਰਮਿੰਦਰ ਸਿੰਘ ਰਾਣਾ, ਸੰਦੀਪ ਕੁਮਾਰ, ਨਰਿੰਦਰ ਸਿੰਘ ਢਿੱਲੋਂ ਤਰਨਤਾਰਨ, ਲਾਲੀਸਨ ਮੋਗਾ, ਧਰਮਿੰਦਰ ਜੋਸ਼ੀ,ਮੁਨੀਸ਼ ਕੁਮਾਰ ਮੁਹਾਲੀ ਪਟਿਆਲਾ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਮਦਾਨ, ਜਨਰਲ ਸਕੱਤਰ ਹਰਵਿੰਦਰ ਪਾਲ ਅਤੇ ਹੋਰ ਆਗੂ ਵੀ ਹਾਜ਼ਰ ਸਨ।



ਸੂਬਾ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦੇ ਸੂਬਾ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਤੇ ਹਾਜ਼ਰ ਯੂਨੀਅਨ ਆਗੂ।

# ਚੋਣ ਅਮਲਾ ਪੂਰੀ ਜ਼ਿੰਮੇਵਾਰੀ ਨਾਲ ਨਿਰਪੱਖ ਰਹਿ ਕੇ ਪੁਆਏ ਵੋਟਾਂ: ਸ਼ੌਕਤ ਅਹਿਮਦ ਪਰੇ

**➢ ਚੋਣ ਡਿਊਟੀ 'ਚ ਅਣਗਹਿਲੀ ਤੇ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ**
**➢ ਜਨਰਲ ਆਬਜ਼ਰਵਰ ਨੇ ਚੋਣ ਅਮਲੇ ਦੀ ਦੂਜੀ ਰਿਹਰਸਲ ਦਾ ਲਿਆ ਜਾਇਜ਼ਾ**

**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਸਮੁੱਚੇ ਚੋਣ ਅਮਲੇ ਨੂੰ ਲੋਕ ਸਭਾ ਚੋਣਾਂ ਲਈ 1 ਜੂਨ ਨੂੰ ਵੋਟਾਂ ਪੁਆਉਣ ਦਾ ਕਾਰਜ ਪੂਰੀ ਜ਼ਿੰਮੇਵਾਰੀ ਅਤੇ ਨਿਰਪੱਖ ਰਹਿ ਕੇ ਨਿਭਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਚੋਣ ਅਮਲਾ ਆਪਣੀ ਡਿਊਟੀ ਪੂਰੀ ਤਰ੍ਹਾਂ ਤਿਆਰੀ ਕਰਕੇ ਤੇ ਪੂਰਨ ਆਤਮ ਵਿਸ਼ਵਾਸ਼ ਨਾਲ ਕਰੇ ਤਾਂ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਵੋਟਾਂ ਪੁਆਉਣ ਮੌਕੇ ਚੋਣ ਜਾਬਤੇ ਦੀ ਵੀ ਸਖ਼ਤੀ ਨਾਲ ਯਕੀਨੀ ਬਣਾਈ ਜਾਵੇ ਅਤੇ ਕਿਸੇ ਕਿਸਮ ਦੀ ਅਣਗਹਿਲੀ, ਅਨੁਸ਼ਾਸਨਹੀਣਤਾ ਤੇ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜ਼ਿਲ੍ਹੇ ਦੇ 8 ਵਿਧਾਨ ਸਭਾ ਹਲਕਿਆਂ, ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਰਾਜਪੁਰਾ, ਘਨੌਰ, ਸਨੌਰ, ਨਾਭਾ, ਸਮਾਣਾ ਅਤੇ ਸ਼ੁਤਰਾਣਾ ਹਲਕਿਆਂ 'ਚ 1742 ਪੋਲਿੰਗ ਬੂਥਾਂ 'ਤੇ ਵੋਟਾਂ ਪੁਆਉਣ ਲਈ ਤਾਇਨਾਤ ਕੀਤੇ 8468 ਅਧਿਕਾਰੀਆਂ ਤੇ ਕਰਮਚਾਰੀਆਂ ਦੇ ਚੋਣ ਅਮਲੇ ਦੀ ਅੱਜ ਦੂਜੀ ਰਿਹਰਸਲ ਦੌਰਾਨ ਚੋਣ ਅਮਲੇ ਨੂੰ ਸਮੁੱਚੀ ਚੋਣ ਪ੍ਰਕ੍ਰਿਆ ਤੋਂ ਬਾਰੀਕੀ ਨਾਲ ਜਾਣੂ ਕਰਵਾਇਆ ਗਿਆ।


ਜਨਰਲ ਆਬਜ਼ਰਵਰ ਓਮ ਪ੍ਰਕਾਸ਼ ਬਕੋੜੀਆ ਥਾਪਰ ਯੂਨੀਵਰਸਿਟੀ ਵਿਖੇ ਚੋਣ ਅਮਲੇ ਦੀ ਰਿਹਰਸਲ ਮੌਕੇ ਸ਼ਿਰਕਤ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਡੀ.ਸੀ. ਨਵਰੀਤ ਕੌਰ ਸੇਖੋਂ ਵੀ ਨਜ਼ਰ ਆ ਰਹੇ ਹਨ।

ਇਸ ਦੌਰਾਨ ਜਨਰਲ ਆਬਜ਼ਰਵਰ ਓਮ ਪ੍ਰਕਾਸ਼ ਬਕੋੜੀਆ ਨੇ ਥਾਪਰ ਯੂਨੀਵਰਸਿਟੀ ਵਿਖੇ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ ਦੀ ਅਗਵਾਈ ਹੇਠ ਚੱਲ ਰਹੀ ਰਿਹਰਸਲ ਦਾ ਜਾਇਜ਼ਾ ਲਿਆ। ਜਨਰਲ ਆਬਜ਼ਰਵਰ ਨੇ ਕਿਹਾ ਕਿ ਚੋਣ ਪ੍ਰਕ੍ਰਿਆ ਵਿੱਚ ਇਕ ਮਾਮੂਲੀ ਗ਼ਲਤੀ ਵੀ ਭਾਰੀ ਪੈ ਸਕਦੀ ਹੈ, ਇਸ ਲਈ ਸਮੁੱਚਾ ਚੋਣ ਅਮਲਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਸਿਖਲਾਈ ਲੈ ਲਵੇ ਅਤੇ ਵਾਰ-ਵਾਰ ਇਨ੍ਹਾਂ ਨੂੰ ਪੜ੍ਹ ਲਵੇ ਤਾਂ ਕਿ ਕਿਸੇ ਗ਼ਲਤੀ ਦੀ ਕੋਈ ਗੁੰਜਾਇਸ਼ ਨਾ ਰਹੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਖਰੀ ਰਿਹਰਸਲ 26 ਮਈ ਨੂੰ ਹੋਵੇਗੀ ਅਤੇ ਸਾਰੀਆਂ ਪੋਲਿੰਗ ਪਾਰਟੀਆਂ 31 ਮਈ ਨੂੰ ਨਿਰਧਾਰਤ ਕੀਤੇ ਜਾਣ ਵਾਲੇ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਕੀਤੀ ਜਾਣਗੀਆਂ ਅਤੇ ਇਸੇ ਦਿਨ ਇਨ੍ਹਾਂ ਦੇ ਪੋਲਿੰਗ ਬੂਥ ਅਲਾਟ ਕੀਤੇ ਜਾਣਗੇ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੀ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸੁਤੰਤਰ, ਨਿਰਪੱਖ, ਸੁਚਾਰੂ, ਨਿਰਵਿਘਨ ਅਤੇ ਆਜ਼ਾਦਾਨਾ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਚੋਣ ਅਮਲੇ ਨੂੰ ਪ੍ਰੀਜਾਈਡਿੰਗ ਅਫ਼ਸਰ, ਸਹਾਇਕ ਪ੍ਰੀਜਾਈਡਿੰਗ ਅਫ਼ਸਰ ਤੇ ਪੋਲ ਅਫ਼ਸਰ ਵਜੋਂ ਪਾਰਟੀਆਂ ਬਣਾ ਕੇ ਤਾਇਨਾਤ ਕੀਤਾ ਗਿਆ ਹੈ। ਇਸ ਦੌਰਾਨ ਏ.ਡੀ.ਸੀ. (ਜ) ਕੰਚਨ ਅਤੇ ਏ.ਡੀ.ਸੀ. ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਨੇ ਵੱਖ-ਵੱਖ ਥਾਵਾਂ 'ਤੇ ਚੋਣ ਅਮਲੇ ਦੀ ਚੱਲ ਰਹੀ ਰਿਹਰਸਲ ਦਾ ਜਾਇਜ਼ਾ ਲਿਆ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ।

ਇਸ ਦੌਰਾਨ ਪਟਿਆਲਾ ਸ਼ਹਿਰੀ ਹਲਕੇ ਦੇ ਰਿਟਰਨਿੰਗ ਅਫ਼ਸਰ, ਐਸ.ਡੀ.ਐਮ ਅਰਵਿੰਦ ਕੁਮਾਰ ਨੇ ਸਰਕਾਰੀ ਬਿਕਰਮ ਕਾਲਜ ਵਿਖੇ ਰਿਹਰਸਲ ਕਰਵਾਈ। ਸਨੌਰ ਹਲਕੇ ਦੇ ਚੋਣ ਅਮਲੇ ਦੀ ਰਿਹਰਸਲ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਦੀ ਅਗਵਾਈ ਹੇਠ ਸਰਕਾਰੀ ਪੌਲੀਟੈਕਨਿਕ ਕਾਲਜ ਵਿਖੇ ਕਰਵਾਈ ਗਈ। ਘਨੌਰ ਹਲਕੇ ਦੇ ਚੋਣ ਅਮਲੇ ਦੀ ਰਿਹਰਸਲ ਏ.ਆਰ.ਓ. ਤੇ ਏ.ਈ.ਟੀ.ਸੀ. ਕੰਨੂ ਗਰਗ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ ਵਿਖੇ ਅਤੇ ਰਾਜਪੁਰਾ ਹਲਕੇ 'ਚ ਏ.ਆਰ.ਓ. ਜਸਲੀਨ ਕੌਰ ਭੁੱਲਰ ਦੀ ਅਗਵਾਈ ਹੇਠ ਪਟੇਲ ਕਾਲਜ ਵਿਖੇ ਜਦੋਂਕਿ ਸ਼ੁਤਰਾਣਾ ਹਲਕੇ ਦੇ ਚੋਣ ਅਮਲੇ ਦੀ ਰਿਹਰਸਲ ਨਿਆਲ ਕਿਰਤੀ ਕਾਲਜ ਵਿਖੇ ਐਸ.ਡੀ.ਐਮ ਰਵਿੰਦਰ ਸਿੰਘ, ਸਮਾਣਾ ਹਲਕੇ 'ਚ ਐਸ.ਡੀ.ਐਮ. ਰਿਚਾ ਗੋਇਲ ਵੱਲੋਂ ਪਬਲਿਕ ਕਾਲਜ ਵਿਖੇ ਅਤੇ ਨਾਭਾ ਹਲਕੇ ਦੇ ਚੋਣ ਅਮਲੇ ਦੀ ਰਿਹਰਸਲ ਐਸ.ਡੀ.ਐਮ. ਤਰਸੇਮ ਚੰਦ ਦੀ ਅਗਵਾਈ ਹੇਠ, ਰਿਪੁਦਮਨ ਕਾਲਜ ਵਿਖੇ ਅਗਵਾਈ ਹੇਠ ਸੰਪੰਨ ਹੋਈ।

ਇਸ ਰਿਹਰਸਲ ਦੌਰਾਨ ਚੋਣ ਅਮਲੇ 'ਚ ਲੱਗੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਵਿਸਥਾਰ 'ਚ ਜਾਣੂ ਕਰਵਾਉਣ ਸਮੇਤ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਤੇ ਵੀਵੀਪੈਟ ਦੀ ਪੂਰਨ ਸਿਖਲਾਈ, ਮਤਦਾਨ ਲਈ ਜ਼ਰੂਰੀ ਹਦਾਇਤਾਂ, ਵੋਟਾਂ ਲਈ ਜ਼ਰੂਰੀ ਸਮਾਨ ਸਮੇਤ ਪ੍ਰੀਜਾਈਡਿੰਗ ਅਧਿਕਾਰੀ, ਸਹਾਇਕ ਪ੍ਰੀਜਾਈਡਿੰਗ ਅਧਿਕਾਰੀ, ਪੋਲਿੰਗ ਅਧਿਕਾਰੀ ਦੀਆਂ ਜ਼ਿੰਮੇਵਾਰੀਆਂ, ਪ੍ਰੀਜਾਈਡਿੰਗ ਅਫ਼ਸਰ ਦੀ ਡਾਇਰੀ, 17-ਏ, 17-ਬੀ ਤੇ 17-ਸੀ ਫਾਰਮ, ਸੀਲਾਂ, ਟੈਗ, ਪੋਲਿੰਗ ਏਜੰਟਾਂ ਦੇ ਦਸਤਖ਼ਤ ਤੇ ਹੋਰ ਦਸਤਾਵੇਜਾਂ ਸਬੰਧੀ ਮੁਕੰਮਲ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕੀਤੀ ਗਈ। ਇਸ ਮੌਕੇ ਪ੍ਰੀਜਾਈਡਿੰਗ ਅਧਿਕਾਰੀਆਂ ਨੂੰ ਵੋਟਾਂ ਵਾਲੇ ਦਿਨ ਹਰ ਦੋ-ਦੋ ਘੰਟੇ ਬਾਅਦ ਰਿਪੋਰਟ ਦੇਣ ਸਮੇਤ ਸੈਕਟਰ ਅਫ਼ਸਰਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਤੋਂ ਜਾਣੂ ਕਰਵਾਇਆ ਗਿਆ। ਰਿਹਰਸਲ ਦੌਰਾਨ ਸੁਪਰਵਾਈਜ, ਮਾਸਟਰ ਟ੍ਰੇਨਰ ਸਮੇਤ ਵੱਡੀ ਗਿਣਤੀ ਚੋਣ ਅਮਲਾ ਮੌਜੂਦ ਰਿਹਾ।

# ਪੰਜਾਬ ਦੇ ਸਾਰੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ : ਸਿਬਿਨ ਸੀ

**328 ਉਮੀਦਵਾਰਾਂ ਵਿੱਚੋਂ 169 ਆਜ਼ਾਦ ਉਮੀਦਵਾਰ ਚੋਣ ਮੈਦਾਨ 'ਚ**

**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਉੱਤੇ ਚੋਣ ਲੜ ਰਹੇ 328 ਉਮੀਦਵਾਰਾਂ ਨੂੰ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਕੁੱਲ 328 ਉਮੀਦਵਾਰਾਂ ਵਿੱਚੋਂ 169 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ।

ਉਨ੍ਹਾਂ ਦੱਸਿਆ ਕਿ ਵੋਟਰ ਇਨ੍ਹਾਂ ਸਾਰੇ ਉਮੀਦਵਾਰਾਂ ਦੇ ਵੇਰਵੇ ਅਤੇ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਐਫੀਡੈਬਿਟ ਮੋਬਾਈਲ ਦੇ ਕੇਵਾਈਸੀ ਐਪ (KYC App) ਉੱਤੇ ਦੇਖ ਸਕਦੇ ਹਨ।

ਜਾਣਕਾਰੀ ਦਿੰਦਿਆ ਸਿਬਿਨ ਸੀ ਨੇ ਦੱਸਿਆ ਕਿ ਗੁਰਦਾਸਪੁਰ ਤੋਂ 26 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿੱਚ 14 ਆਜ਼ਾਦ ਉਮੀਦਵਾਰ ਸ਼ਾਮਲ ਹਨ, ਜਦਕਿ ਅੰਮ੍ਰਿਤਸਰ ਤੋਂ 30 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿੱਚ ਆਜ਼ਾਦ ਉਮੀਦਵਾਰਾਂ ਦੀ ਗਿਣਤੀ 18 ਹੈ।



ਉੱਥੇ ਹੀ ਖਡੂਰ ਸਾਹਿਬ ਤੋਂ 27 ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਵਿੱਚ 18 ਆਜ਼ਾਦ ਉਮੀਦਵਾਰ ਹਨ।

ਜਲੰਧਰ ਤੋਂ 20 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿੱਚ 8 ਆਜ਼ਾਦ ਉਮੀਦਵਾਰ ਸ਼ਾਮਲ ਹਨ। ਹੁਸ਼ਿਆਰਪੁਰ ਤੋਂ ਕੁੱਲ 16 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿੱਚੋਂ ਆਜ਼ਾਦ ਉਮੀਦਵਾਰਾਂ ਦੀ ਗਿਣਤੀ 4 ਹੈ। ਆਨੰਦਪੁਰ ਸਾਹਿਬ ਤੋਂ ਕੁੱਲ 28 ਉਮੀਦਵਾਰਾਂ ਵਿੱਚੋਂ 13 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿੱਚ ਹਨ।

ਲੁਧਿਆਣਾ ਤੋਂ 43 ਉਮੀਦਵਾਰਾਂ ਵਿੱਚੋਂ 26 ਆਜ਼ਾਦ ਉਮੀਦਵਾਰ ਚੋਣਾਂ ਲੜ ਰਹੇ ਹਨ। ਫਤਿਹਗੜ੍ਹ ਸਾਹਿਬ ਤੋਂ ਕੁੱਲ 14 ਉਮੀਦਵਾਰਾਂ ਵਿੱਚੋਂ 7 ਆਜ਼ਾਦ ਉਮੀਦਵਾਰ ਚੋਣਾਂ ਲੜ ਰਹੇ ਹਨ। ਫਰੀਦਕੋਟ ਤੋਂ ਕੁੱਲ 28 ਉਮੀਦਵਾਰਾਂ ਵਿੱਚੋਂ 12 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿੱਚ ਹਨ।

ਫਿਰੋਜ਼ਪੁਰ ਤੋਂ ਕੁੱਲ 29 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿੱਚ 17 ਆਜ਼ਾਦ ਉਮੀਦਵਾਰ ਸ਼ਾਮਲ ਹਨ। ਬਠਿੰਡਾ ਤੋਂ ਕੁੱਲ 18 ਉਮੀਦਵਾਰਾਂ ਵਿੱਚ 8 ਆਜ਼ਾਦ ਉਮੀਦਵਾਰ ਸ਼ਾਮਲ ਹਨ। ਸੰਗਰੂਰ ਤੋਂ 23 ਉਮੀਦਵਾਰਾਂ ਵਿੱਚੋਂ 9 ਆਜ਼ਾਦ ਉਮੀਦਵਾਰ ਚੋਣਾਂ ਲੜ ਰਹੇ ਹਨ ਜਦਕਿ ਪਟਿਆਲਾ ਤੋਂ 26 ਉਮੀਦਵਾਰਾਂ ਵਿੱਚੋਂ 15 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿੱਚ ਉੱਤਰੇ ਹਨ।

ਸਿਬਿਨ ਸੀ ਨੇ ਦੱਸਿਆ ਕਿ ਚੋਣ ਤਿਆਰੀਆਂ ਅੰਤਿਮ ਪੜਾਅ ਉੱਤੇ ਹਨ ਅਤੇ 1 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ।

# ਤੇਜਿੰਦਰ ਸਿੰਘ ਨੇ ਟੈਕਨੀਕਲ ਸਾਈਬਰ ਕ੍ਰਾਈਮ ਦ ਹਾਸਲ ਕੀਤਾਂ ਪੰਜਵਾਂ ਸਥਾਨ



**ਬਠਿੰਡਾ 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਗੋਨਿਆਣਾ ਮੰਡੀ ਵਿੱਖੇ ਤੇਜਿੰਦਰ ਸਿੰਘ ਸਪੁੱਤਰ ਸਰਦਾਰ ਜਸਪਾਲ ਸਿੰਘ ਜਿੰਨਾ ਨੇ ਟੈਕਨੀਕਲ ਸਾਈਬਰ ਕ੍ਰਾਈਮ ਦਾ ਟੈਸਟ ਪਾਸ ਕਰਕੇ ਪੰਜਾਬ ਵਿੱਚੋਂ ਪੰਜਵਾਂ ਸਥਾਨ ਹਾਸਿਲ ਕੀਤਾ ਅੱਜ ਓਹਨਾਂ ਨੂੰ ਓਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਵੱਲੋਂ ਸਨਮਾਨਿਤ ਕੀਤਾ ਗਿਆ ਇੱਥੇ ਇਹ ਜਿਕਰਯੋਗ ਹੈ ਕਿ ਇਸਤੋਂ ਪਹਿਲਾਂ ਓਹਨਾਂ ਦੀ ਇਸ ਪ੍ਰਾਪਤੀ ਵਾਸਤੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਹੈ ਅੱਜ ਇਸ ਸਨਮਾਨ ਸਮਾਰੋਹ ਵਿੱਚ ਹਰਦੀਪ ਮਾਹਲ ਯੂਥ ਪ੍ਰਧਾਨ ਹਲਕਾ ਭੁੱਚੋ, ਅਮਰਦੀਪ ਸਿੰਘ ਰਾਜਨ ਯੂਥ ਵਾਇਸ ਪ੍ਰਧਾਨ ਪੰਜਾਬ, ਸਰਬਜੀਤ ਮਾਹਲ ਸੀਨੀਅਰ ਆਪ ਅਗੂ, ਰਾਜਵਿੰਦਰ ਸਿੰਘ ਰਾਜੂ ਬਲਾਕ ਪ੍ਰਧਾਨ ਭੁੱਚੋ, ਤਰਸੇਮ ਸਿੰਘ ਯੂਥ ਆਗੂ, ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨਿਆਣਾ , ਰਜਨੀਸ਼ ਰਾਜੂ ਬਲਾਕ ਪ੍ਰਧਾਨ ਗੋਨਿਆਣਾ, ਕੁਸ਼ਲ ਗਰਗ ਯੂਥ ਆਗੂ, ਪੁੰਨੂੰ ਰੋਮਾਣਾ, ਆਦਿ ਹਾਜ਼ਰ ਸਨ।

# ਮੁਰੰਮਤ ਦੇ ਨਾਂ ਤੇ ਲਾਏ ਜਾ ਰਹੇ ਹਨ ਬਿਜਲੀ ਕੱਟ

**ਜ਼ੀਰਕਪੁਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦੀਆਂ 'ਚ ਪਾਵਰਕਾਮ ਵਿਭਾਗ ਵੱਲੋਂ ਇਹ ਕਹਿ ਕੇ ਲੰਮੇ ਬਿਜਲੀ ਕੱਟ ਲਾਏ ਜਾਂਦੇ ਰਹੇ ਸਨ ਕਿ ਇਸ ਨਾਲ ਗਰਮੀਆਂ ਦੇ ਸੀਜ਼ਨ 'ਚ ਲੋਕਾਂ ਨੂੰ ਬਿਜਲੀ ਸਬੰਧੀ ਕੋਈ ਪੇ ਸ਼ਾਨੀ ਨਹੀਂ ਆਵੇਗੀ। ਪਰ ਹੁਣ ਅੱਤ ਦੀ ਪੈ ਰਹੀ ਗਰਮੀ 'ਚ ਬਿਜਲੀ ਸੰਕਟ ਕਾਰਨ ਰੋਜ਼ਾਨਾ ਬਿਜਲੀ ਦੇ ਕੱਟ ਲੱਗ ਰਹੇ ਹਨ। ਲੋਕ ਵੀ ਸਰਕਾਰ ਅਤੇ ਪਾਵਰਕਾਮ ਨੂੰ ਕੋਸ ਰਹੇ ਹਨ, ਸਰਕਾਰ ਵਲੋਂ ਜਿੱਥੇ 600 ਯੂਨਿਟ ਬਿਜਲੀ ਮੁਫ਼ਤ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ, ਉਥੇ ਹੀ ਬਿਜਲੀ ਦੇ ਲੱਗ ਰਹੇ ਕੱਟਾਂ ਕਾਰਨ ਲੋਕ ਵੀ ਜੰਮ ਕੇ ਭੜਾਸ ਕੱਢ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਲੋਕ ਸਰਕਾਰ ਖ਼ਿਲਾਫ਼ ਪੋਸਟਾਂ ਪਾ ਕੇ ਮਜ਼ਾਕ ਉੱਡਾ ਰਹੇ ਹਨ। ਪਾਵਰਕਾਮ ਵਲੋਂ ਬਿਜਲੀ ਮੁਰੰਮਤ ਦੇ ਨਾਂ 'ਤੇ ਬਿਜਲੀ ਕੱਟ ਲਾਏ ਜਾ ਰਹੇ ਹਨ, ਉਥੇ ਜਿਸ ਤਰ੍ਹਾਂ ਗਰਮੀ ਨੇ ਮਈ ਮਹੀਨੇ ਵਿਚ ਆਪਣੇ ਤੇਵਰ ਦਿਖਾਏ ਹਨ ਅਤੇ ਬਿਜਲੀ ਕੱਟ ਲੱਗੇ ਹਨ ਲੋਕ ਸਹਿਮ ਦੇ ਮਾਹੌਲ ਵਿੱਚ ਹਨ ਅਤੇ ਕਹਿ ਰਹੇ ਹਨ ਕਿ ਜੇਕਰ ਇਹੀ ਹਾਲ ਰਿਹਾ ਤਾਂ ਕਈ-ਕਈ ਘੰਟੇ ਬਿਜਲੀ ਸਪਲਾਈ ਬੰਦ ਰਹੇਗੀ। ਜਿਨ੍ਹਾਂ ਇਲਾਕਿਆਂ ਵਿਚ ਬਿਜਲੀ ਸਬੰਧੀ ਮੁਸ਼ਕਲਾਂ ਆਉਂਦੀਆਂ ਹਨ ਤਾਂ ਲੋਕ ਪਾਵਰਕਾਮ ਦੇ ਨੋਡਲ ਸ਼ਿਕਾਇਤ ਕੇਂਦਰ 'ਤੇ ਸ਼ਿਕਾਇਤ ਦਰਜ ਕਰਵਾਉਣ ਲਈ 1912 'ਤੇ ਫੋਨ ਕਰਦੇ ਹਨ, ਜਿਸ 'ਤੇ ਫੋਨ ਹਮੇਸ਼ਾ ਵਿਅਸਤ ਆਉਂਦਾ ਹੈ। ਦਰਜਨਾਂ ਵਾਰ ਫੋਨ ਕਰਨ ਤੋਂ ਬਾਅਦ ਬਿਜਲੀ ਸਮੱਸਿਆ ਦੀ ਸ਼ਿਕਾਇਤ ਦਰਜ ਹੁੰਦੀ ਹੈ। ਉੱਥੇ ਹੀ ਸ਼ਹਿਰ ਵਿਚ ਜਿਸ ਤਰ੍ਹਾਂ ਬਿਜਲੀ ਸਮੱਸਿਆ ਚੱਲ ਰਹੀ ਹੈ ਅਤੇ ਹਰ ਇਲਾਕੇ ਵਿਚ ਬਿਜਲੀ ਸਬੰਧੀ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਪੂਰਾ ਸਟਾਫ ਵੀ ਨਹੀਂ ਹੈ। ਮਹਿਕਮਾ ਇਸ ਸਮੇਂ ਲਗਾਤਾਰ ਆ ਰਹੀਆਂ ਸ਼ਿਕਾਇਤਾਂ ਕਾਰਨ ਬਿਜਲੀ ਕਰਮਚਾਰੀਆਂ ਦੀ ਘਾਟ ਨਾਲ ਜੂਝ ਰਿਹਾ ਹੈ। ਬਿਜਲੀ ਟਰਾਂਸਫਾਰਮਰ ਵੱਧ ਰਹੇ ਹਨ। ਸ਼ਹਿਰ ਵਿੱਚ ਜਨਸੰਖਿਆ ਵੱਧ ਰਹੀ ਹੈ ਪਰ ਹਰ ਰੋਜ਼ ਕਰਮਚਾਰੀ ਸੇਵਾਮੁਕਤ ਹੁੰਦੇ ਜਾ ਰਹੇ ਹਨ। ਸ਼ਹਿਰ ਦੇ 3 ਸਬ ਸਟੇਸ਼ਨਾਂ ਢਕੋਲੀ, ਰਾਮਗੜ੍ਹ ਭੁੱਡਾ ਅਤੇ ਭਬਾਤ 'ਤੇ ਕਰਮਚਾਰੀਆਂ ਨੂੰ ਲੈ ਕੇ ਬੁਰਾ ਹਾਲ ਹੈ। ਉੱਥੇ ਹੀ ਸ਼ਹਿਰ ਸ਼ਹਿਰ ਦੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਬਿਜਲੀ ਦੇ ਹਾਲ ਹਨ ਉਸ ਨਾਲ ਲੋਕਾਂ ਦੇ ਕੰਮ-ਧੰਦੇ ਠੱਪ ਹੋ ਜਾਣਗੇ। ਭਾਵੇ ਉਹ ਫੈਕਟਰੀ ਹੋਵੇ ਜਾਂ ਕੋਈ ਦੁਕਾਨ ਜੇਕਰ ਬਿਜਲੀ ਨਹੀਂ ਹੋਵੇਗੀ ਤਾਂ ਕੰਮ ਕਿਵੇਂ ਚੱਲੇਗਾ, ਉਥੇ ਹੀ ਡੀਜ਼ਲ ਤੇਲ ਦੇ ਮੁੱਲ ਆਏ ਦਿਨ ਵੱਧਦੇ ਜਾ ਰਹੇ ਹਨ। ਲੋਕਾਂ ਨੇ ਕਿਹਾ ਕਿ ਲੋਕ ਹੁਣ ਜਨਰੇਟਰ ਅਤੇ ਇਨਵਰਟਰਾਂ ਦੇ ਸਹਾਰੇ ਰਹਿ ਗਏ ਹਨ। ਸ਼ਹਿਰ ਵਿਚ ਬਿਜਲੀ ਨੂੰ ਲੈ ਕੇ ਹਾਹਾਕਾਰ ਮਚੀ ਹੋਈ ਹੈ। ਲੋਕਾਂ ਦਾ ਕਹਿਣਾ ਹੈ ਕਿ ਹੁਣ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਕੁਝ ਨਹੀਂ ਬੋਲ ਰਹੇ। ਵਿਧਾਨ ਸਭਾ ਚੋਣਾਂ ਵਿੱਚ ਜਿੱਥੇ ਮੁਫ਼ਤ ਬਿਜਲੀ ਅਤੇ 24 ਘੰਟੇ ਬਿਜਲੀ ਦੇ ਨਾਮ 'ਤੇ ਸਿਆਸਤ ਹੋਈ ਹੈ। ਉਹ ਆਗੂ ਇੱਕ ਵਾਰ ਹੁਣ ਬਿਜਲੀ ਸਮੱਸਿਆ ਨੂੰ ਲੈ ਕੇ ਵੀ ਆਪਣਾ ਬਿਆਨ ਦੇਣ ਕਿ ਕਿੱਥੇ ਗਏ ਉਨ੍ਹਾਂ ਦੇ ਵਾਅਦੇ।

# ਆਪ ਉਮੀਦਵਾਰ ਡਾ. ਬਲਵੀਰ ਸਿੰਘ ਭਾਰੀ ਵੋਟਾਂ ਨਾਲ ਜਿੱਤਣਗੇ: ਜੱਸੀ ਸੋਹੀਆਂ ਵਾਲੇ



**ਭਾਦਸੋਂ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਬਲਵੀਰ ਸਿੰਘ ਦੇ ਹੱਕ ਵਿੱਚ ਅੱਜ ਪਿੰਡ ਧੰਗੇੜਾ, ਖੁਰਦ ਵਿਖੇ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜੱਸੀ ਸੋਹੀਆ ਵਾਲਾ ਤੇ ਡਾ. ਬਲਵੀਰ ਸਿੰਘ ਦੇ ਸਪੁੱਤਰ ਐਡਵੋਕੇਟ ਰਾਹੁਲ ਸੈਣੀ ਨੇ ਕਿਹਾ ਕਿ ਇਨਾਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਵੀਰ ਸਿੰਘ ਭਾਰੀ ਵੋਟਾਂ ਦੇ ਨਾਲ ਹੂੰਝਾਫੇਰ ਜਿੱਤ ਪ੍ਰਾਪਤ ਕਰਨਗੇ ਕਿਉਕਿ ਡਾਕਟਰ ਬਲਵੀਰ ਸਿੰਘ ਇੱਕ ਇਮਾਨਦਾਰ ਅਤੇ ਹਰ ਇੱਕ ਵਿਅਕਤੀ ਨੂੰ ਮਿਲਣ ਵਾਲੇ ਚੰਗੇ ਇਨਸਾਨ ਹਨ ਜਿਨਾਂ ਦਾ ਪਟਿਆਲਾ ਲੋਕ ਸਭਾ ਹਲਕੇ ਵਿੱਚ ਵੱਡਾ ਆਧਾਰ ਹੈ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕਰਵਾਏ ਗਏ ਰਿਕਾਰਡ ਤੋੜ ਵਿਕਾਸ ਕਾਰਜਾਂ, 600 ਯੂਨਿਟ ਮੁਫ਼ਤ ਬਿਜਲੀ, ਚੰਗੀਆ ਸਿਹਤ ਤੇ ਸਿੱਖਿਆ ਸੇਵਾਵਾਂ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਵਰਗ ਨੂੰ ਦਿੱਤੀਆਂ ਗਈਆਂ ਸਰਕਾਰੀ ਨੌਕਰੀਆਂ ਤੋਂ ਸੂਬੇ ਦੇ ਲੋਕ ਬੇਹੱਦ ਖੁਸ਼ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਲਖਵਿੰਦਰ ਸਿੰਘ, ਜਸਵਿੰਦਰ ਸਿੰਘ ਡੀ.ਸੀ ਖਰੌੜ, ਬਲਾਕ ਪ੍ਰਧਾਨ ਅੱਛਰਾ ਰਾਮ, ਮਨਦੀਪ ਸਿੰਘ ਨੰਬਰਦਾਰ ਸਮੇਤ ਵੱਡੀ ਗਿਣਤੀ ਵਿੱਚ ਆਪ ਵਲੰਟੀਅਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਦੇਵ ਮਾਨ ਨੇ ਡੇਰਾ ਬਿਆਸ ਮੁਖੀ ਨਾਲ ਕੀਤੀ ਮੁਲਾਕਾਤ, ਲਿਆ ਆਸ਼ੀਰਵਾਦ

**ਨਾਭਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਡੇਰਾ ਬਿਆਸ ਦੇ ਮੁੱਖੀ ਬਾਬਾ ਗੁਰਵਿੰਦਰ ਸਿੰਘ ਢਿੱਲੋ ਜੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਬਾਬਾ ਜੀ ਤੋਂ ਆਸ਼ੀਰਵਾਦ ਲਿਆ। ਇਸ ਦੌਰਾਨ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਵੱਲੋ ਜਿਥੇ ਡੇਰਾ ਬਿਆਸ ਮੁੱਖੀ ਬਾਬਾ ਗੁਰਵਿੰਦਰ ਸਿੰਘ ਢਿਲੋਂ ਨਾਲ ਅਧਿਆਤਮਕ ਸਬੰਧੀ ਅਤੇ ਜੀਵਨ ਸ਼ੈਲੀ ਵਧੀਆ ਢੰਗ ਨਾਲ ਜਿਉਣ ਬਾਰੇ ਬਾਰੀਕੀ ਨਾਲ ਗੱਲਬਾਤ ਹੋਈ, ਉਥੇ ਹੀ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਨੂੰ ਲੈ ਕੇ ਵੀ ਵਿਚਾਰਾਂ ਹੋਈਆਂ। ਨਾਭਾ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਬਾਬਾ ਗੁਰਵਿੰਦਰ ਸਿੰਘ ਢਿਲੋਂ ਜੀ ਵੱਲੋ ਪੂਰੇ ਡੇਰੇ ਦੀ ਵਿਜ਼ਿਟ ਵੀ ਕਰਵਾਈ ਗਈ। ਇਸ ਦੌਰਾਨ ਡੇਰੇ ਵਿੱਚ ਲੰਗਰ ਹਾਲ, ਸਾਫ ਸਫਾਈ ਅਤੇ ਇੰਟਰਨੈਸ਼ਨਲ ਪੱਧਰ ਤੇ ਬਣੇ ਸਕੂਲ ਵੀ ਦਿਖਾਏ।



# ਤਿੱਖੀ ਧੁੱਪ ਤੋਂ ਬਚਣ ਲਈ ਦੁਪਹਿਰ ਵੇਲੇ ਘਰ ਤੋਂ ਬਾਹਰ ਘੱਟ ਤੋ ਘੱਟ ਨਿਕਲਿਆ ਜਾਵੇ




**ਸ੍ਰੀ ਅਨੰਦਪੁਰ ਸਾਹਿਬ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਾਤਾਰ ਵੱਧ ਰਹੇ ਤਾਪਮਾਨ ਅਤੇ ਗਰਮ ਖ਼ੁਸ਼ਕ ਹਵਾਵਾਂ ਕਾਰਨ ਪੂਰੇ ਉਤਰੀ ਭਾਰਤ ਵਿੱਚ ਲੂ ਚੱਲ ਰਹੀ ਹੈ ਜੋ ਕਿ ਅਗਲੇ ਕੁੱਝ ਦਿਨਾਂ ਤੱਕ ਬਣੀ ਰਹਿ ਸਕਦੀ ਹੈ। ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਦੱਸਿਆ ਕਿ ਸਿਵਲ ਸਰਜਨ ਰੂਪਨਗਰ ਡਾ. ਮਨੂੰ ਵਿਜ਼ ਅਤੇ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ, ਡਾ. ਦਲਜੀਤ ਕੌਰ ਦੀ ਅਗਵਾਈ ਹੇਠ ਕੀਰਤਪੁਰ ਸਾਹਿਬ ਦੇ ਪਿੰਡਾਂ ਅਤੇ ਅਰਬਨ ਏਰੀਏ ਵਿੱਚ ਸਿਹਤ ਵਰਕਰਾਂ ਵਲੋਂ ਲੂ ਤੋਂ ਬਚਾਓ ਸਬੰਧੀ ਜਾਣਕਾਰੀ ਦੇਣ ਲਈ ਵਿਸ਼ੇਸ਼ ਜਾਗਰੂਕਤਾ ਅਭਿਆਨ ਕੀਤਾ ਜਾ ਰਿਹਾ ਹੈ ਜਿਸ ਲੜੀ ਤਹਿਤ ਅੱਜ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਮਜਾਰਾ ਅਤੇ ਵਾਰਡ ਨੰਬਰ-1 ਮਜਾਰਾ ਦੇ ਸਨਾਤਨ ਧਰਮ ਹਾਈ ਸਕੂਲ ਵਿੱਚ ਇੱਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ।

ਉਹਨਾਂ ਨੇ ਦੱਸਿਆ ਕਿ ਗਰਮ ਲੂ ਤੋ ਆਪਣੇ ਆਪ ਨੂੰ ਬਚਾਉਣ ਲਈ ਤਰਲ ਪਦਾਰਥਾਂ ਜਿਵੇਂ ਲੱਸੀ, ਪਾਣੀ, ਨਿੰਬੂ ਆਦਿ ਦਾ ਵੱਧ ਤੋ ਵੱਧ ਸੇਵਨ ਕਰਨਾ ਚਾਹੀਦਾ ਹੈ। ਲੋਕਾਂ ਨੂੰ ਗਰਮੀ ਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਦੱਸਿਆ ਕਿ ਤਿੱਖੀ ਧੁੱਪ ਤੋ ਬਚਣ ਲਈ ਦੁਪਹਿਰ ਵੇਲੇ ਘਰ ਤੋ ਬਾਹਰ ਘੱਟ ਤੋ ਘੱਟ ਨਿਕਲਿਆ ਜਾਵੇ। ਜੇਕਰ ਦੁਪਹਿਰ ਵੇਲੇ ਕਿਸੇ ਕੰਮ ਕਰਕੇ ਬਾਹਰ ਜਾਣਾ ਪੈ ਜਾਂਦਾ ਹੈ ਤਾਂ ਕੋਸ਼ਿਸ਼ ਕਰੋ ਕਿ ਕੁੱਝ ਸਮਾਂ ਠੰਡੀ ਥਾਂ ਜਿਵੇਂ ਕਿ ਰੁੱਖ ਹੇਠਾਂ ਬੈਠਿਆਂ ਜਾਵੇ। ਗਰਮੀ ਦੇ ਦਿਨਾਂ ਦੌਰਾਨ ਹਮੇਸ਼ਾ ਹਲਕੇ ਰੰਗ ਦੇ ਕੱਪੜੇ ਪਾਏ ਜਾਣ। ਉਹਨਾਂ ਦੱਸਿਆ ਕਿ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਗਰਮੀ ਲੱਗਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ ਇਸ ਲਈ ਗਰਮੀ ਦੇ ਦਿਨਾਂ ਵਿਚ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਦਾ ਖ਼ਾਸ ਧਿਆਨ ਰੱਖਿਆ ਜਾਵੇ। ਉਹਨਾਂ ਜਾਣਕਾਰੀ ਦਿੱਤੀ ਕਿ ਗਰਮੀਆਂ ਦੌਰਾਨ ਲੂ ਲੱਗਣ ਨਾਲ ਸਰੀਰ ਤੇ ਪਿੱਤ, ਚੱਕਰ ਆਉਣੇ, ਬਹੁਤ ਪਸੀਨਾ ਆਉਣਾ ਤੇ ਥਕਾਨ ਹੋਣਾ, ਸਿਰ ਦਰਦ ਤੇ ਉਲਟੀਆਂ ਲੱਗਣੀਆਂ, ਚਮੜੀ ਦਾ ਲਾਲ ਹੋਣਾ ਤੇ ਖ਼ੁਸ਼ਕ ਹੋਣਾ ਆਦਿ ਵਰਗੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ ਅਤੇ ਕਈ ਵਾਰੀ ਗਰਮੀ ਲੱਗਣ ਨਾਲ ਮਾਸਪੇਸ਼ੀਆਂ ਵਿਚ ਵੀ ਕਮਜ਼ੋਰੀ ਆ ਜਾਂਦੀ ਹੈ। ਜਿਸ ਨਾਲ ਵਿਅਕਤੀ ਥੋੜ੍ਹਾ ਜਿਹਾ ਕੰਮ ਕਰਨ ਤੇ ਵੀ ਬਹੁਤ ਜ਼ਿਆਦਾ ਥਕਾਨ ਮਹਿਸੂਸ ਕਰਦਾ ਹੈ। ਗਰਮੀ ਦੇ ਮੌਸਮ ਵਿੱਚ ਕੜਕਦੀ ਧੁੱਪ ਵਿੱਚ ਲੇਬਰ ਕਰ ਰਹੇ ਵਿਅਕਤੀਆਂ ਵਿੱਚ ਕਈ ਵਾਰੀ ਹੀਟ ਸਟਰੋਕ ਦੀ ਪ੍ਰੇਸ਼ਾਨੀ ਆਉਂਦੀ ਹੈ ਜੋ ਕਿ ਜਾਨ ਲੇਵਾ ਵੀ ਹੋ ਸਕਦੀ ਹੈ। ਇਸ ਲਈ ਕੜਕਦੀ ਧੁੱਪ ਚ ਫਿਰਨ ਤੋ ਗੁਰੇਜ਼ ਕੀਤਾ ਜਾਵੇ।

ਵਿਦਿਆਰਥੀਆਂ ਨੂੰ ਨਸ਼ਿਆਂ ਦੇ ਕੁ-ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਨਰੇਸ਼ ਕੁਮਾਰ, ਸੁੱਚਾ ਸਿੰਘ, ਅਸ਼ੋਕ ਕੁਮਾਰ, ਮੁੱਖ ਅਧਿਆਪਕ ਸਤੀਸ਼ ਕੁਮਾਰ, ਹਰਪ੍ਰੀਤ ਕੌਰ, ਪ੍ਰੀਆ, ਕਿਰਨ ਹਾਜ਼ਰ ਸਨ।

# ਪ੍ਰਸ਼ਾਂਤ ਭੂਸ਼ਣ ਨੇ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾ: ਧਰਮਵੀਰ ਗਾਂਧੀ ਲਈ ਪ੍ਰਚਾਰ ਕੀਤਾ

**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੀ ਬਾਰ ਐਸੋਸੀਏਸ਼ਨ ਵਿਖੇ ਹੋਏ ਇੱਕ ਅਹਿਮ ਸਮਾਗਮ ਵਿੱਚ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾ: ਧਰਮਵੀਰ ਗਾਂਧੀ ਨੂੰ ਆਪਣਾ ਸਮਰਥਨ ਦਿੱਤਾ। ਇਸ ਇਕੱਠ ਨੂੰ ਮੌਜੂਦਾ ਸਿਆਸੀ ਮਾਹੌਲ ਅਤੇ ਭਾਰਤੀ ਲੋਕਤੰਤਰ ਨੂੰ ਦਰਪੇਸ਼ ਚੁਣੌਤੀਆਂ 'ਤੇ ਜ਼ੋਰਦਾਰ ਵਿਚਾਰ ਵਟਾਂਦਰੇ ਦੁਆਰਾ ਚਿੰਨ੍ਹਿਤ ਕੀਤਾ ਗਿਆ ਸੀ। ਬਾਰ ਐਸੋਸੀਏਸ਼ਨ ਦੇ ਮਾਣਯੋਗ ਮੈਂਬਰਾਂ ਨੂੰ ਸੰਬੋਧਿਤ ਕਰਦੇ ਹੋਏ, ਪ੍ਰਸ਼ਾਂਤ ਭੂਸ਼ਣ ਨੇ ਇਲੈਕਟੋਰਲ ਬਾਂਡ ਸਕੀਮ ਦੇ ਪ੍ਰਮੁੱਖ ਮੁੱਦੇ ਨੂੰ ਉਜਾਗਰ ਕੀਤਾ, ਜਿਸਦਾ ਉਨ੍ਹਾਂ ਨੇ ਦਲੀਲ ਦਿੱਤੀ ਕਿ ਭਾਰਤ ਵਿੱਚ ਲੋਕਤੰਤਰੀ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਅਤੇ ਭ੍ਰਿਸ਼ਟ ਕਰਨ ਲਈ ਭਾਜਪਾ ਦੁਆਰਾ ਹੇਰਾਫੇਰੀ ਕੀਤੀ ਜਾ ਰਹੀ ਹੈ। ਭੂਸ਼ਣ ਨੇ ਸਕੀਮ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਘਾਟ ਬਾਰੇ ਆਪਣੀਆਂ ਚਿੰਤਾਵਾਂ ਨੂੰ ਸਪੱਸ਼ਟ ਕੀਤਾ, ਜਿਸਦਾ ਉਸਨੇ ਦਾਅਵਾ ਕੀਤਾ ਕਿ ਚੋਣ ਪ੍ਰਣਾਲੀ ਦੀ ਅਖੰਡਤਾ ਨਾਲ ਸਮਝੌਤਾ ਕਰਨ ਵਾਲੇ ਫੰਡਾਂ ਦੀ ਬੇਰੋਕ ਆਮਦ ਦੀ ਆਗਿਆ ਦਿੰਦੀ ਹੈ।

# ਨੌਜਵਾਨ ਭਾਜਪਾ ਆਗੂ ਲੋਮਸ਼ ਸ਼ਰਮਾ ਦੇ ਘਰ ਪੁੱਜੇ ਅਰਵਿੰਦ ਖੰਨਾ

## ਨੌਜਵਾਨ ਪੀੜ੍ਹੀ ਮੌਜੂਦਾ ਸਰਕਾਰ ਤੋਂ ਪੂਰੀ ਤਰ੍ਹਾਂ ਤੰਗ ਹੈ : ਅਰਵਿੰਦ ਖੰਨਾ



**ਮਲੇਰਕੋਟਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਲੋਕ ਸਭਾ ਸੰਗਰੂਰ ਤੋਂ ਭਾਜਪਾ ਦੇ ਉਮੀਦਵਾਰ ਅਰਵਿੰਦ ਖੰਨਾ ਮਾਲੇਰਕੋਟਲਾ ਤੋਂ ਨੌਜਵਾਨ ਭਾਜਪਾ ਆਗੂ ਅਤੇ ਜ਼ਿਲ੍ਹਾ ਯੂਥ ਜਨਰਲ ਸਕੱਤਰ ਲੋਮਸ਼ ਸ਼ਰਮਾ ਦੇ ਘਰ ਪੁੱਜੇ ਜਿੱਥੇ ਵੱਡੀ ਗਿਣਤੀ 'ਚ ਇਕੱਤਰ ਹੋਏ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਅਰਵਿੰਦ ਖੰਨਾ ਨੇ ਕਿਹਾ ਕਿ ਇਕੱਤਰ ਹੋਏ ਨੌਜਵਾਨ ਦੇਸ਼ ਦਾ ਭਵਿੱਖ ਹਨ ਅਤੇ ਇਨ੍ਹੀ ਵੱਡੀ ਗਿਣਤੀ 'ਚ ਆਏ ਨੌਜਵਾਨਾਂ ਨੂੰ ਦੇਖ ਖੰਨਾ ਨੇ ਲੋਮਸ਼ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਅੱਜ ਦੇ ਨੌਜਵਾਨਾਂ ਦਾ ਇਕੱਠ ਦੱਸ ਰਿਹਾ ਹੈ ਕਿ ਨੌਜਵਾਨ ਪੀੜ੍ਹੀ ਮੌਜੂਦਾ ਸਰਕਾਰ ਤੋਂ ਪੂਰੀ ਤਰ੍ਹਾਂ ਤੰਗ ਹੈ ਅਤੇ ਉਹ ਆਮ ਆਦਮੀ ਪਾਰਟੀ ਨੂੰ ਨਾਕਾਰ ਭਾਜਪਾ ਨਾਲ ਜੁੜ ਰਹੇ ਹਨ ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਰਕਾਰ ਦਾ ਗ੍ਰਾਫ ਦਿਨੋਂ ਦਿਨ ਘੱਟ ਰਿਹਾ ਹੈ। ਅੰਤ ਲੋਮਸ਼ ਸ਼ਰਮਾ ਨੇ ਅਰਵਿੰਦ ਖੰਨਾ ਵੱਲੋਂ ਸਮਾਜ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਅਰਵਿੰਦ ਖੰਨਾ ਸਿਆਸਤ 'ਚ ਆਉਣ ਤੋਂ ਪਹਿਲਾਂ ਹੀ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜੇ ਹੋਏ ਇਨਸਾਨ ਹਨ ਜੋ ਗ਼ਰੀਬਾਂ ਦੀ ਮਦਦ ਲਈ ਹਮੇਸ਼ਾਂ ਤੱਤਪਰ ਰਹਿੰਦੇ ਹਨ, ਉਨ੍ਹਾਂ ਆਉਣ ਵਾਲੀ 1 ਤਰੀਕ ਨੂੰ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ।

ਇਸ ਮੌਕੇ ਇਸ ਮੌਕੇ 'ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਮਨ ਥਾਪਰ, ਜ਼ਿਲ੍ਹਾ ਪ੍ਰਧਾਨ ਰਕਸ਼ਾ ਜੈਨ, ਐਡਵੋਕੋਟ ਗੀਨਾ ਗੋਇਲ, ਅਨੀਤਾ ਜੈਨ, ਊਸ਼ਾ ਜੈਨ, ਸੁਰੇਸ਼ ਜੈਨ, ਓ.ਬੀ.ਸੀ. ਮੋਰਚਾ ਦੇ ਜਿਲ੍ਹਾ ਪ੍ਰਧਾਨ ਵੈਦ ਮੋਹਨ ਲਾਲ, ਸੁਖਵਿੰਦਰ ਸਿੰਘ (ਸੰਨੀ), ਹਰਸ਼ਿਤ ਚਾਨਾ, ਕਾਰਤਿਕ ਸ਼ਰਮਾ, ਦਿਵਾਸ਼ੂ ਜਿੰਦਲ, ਸਿਧਾਰਥ ਸ਼ਰਮਾ, ਸੰਦੀਪ ਗਿੱਲ, ਰਿਧਮ ਭੰਵਰਾ, ਗੌਰਵ ਕਥੂਰੀਆ, ਸੌਰਵ ਕਥੂਰੀਆ, ਸਾਵਨ ਜੋਸ਼ੀ, ਜਸਕਰਨ ਸਿੰਘ ਖੰਗੂੜਾ, ਰਣਧੀਰ ਸਿੰਘ, ਪਾਰਥ ਸ਼ਰਮਾ, ਇਰਫਾਨ ਖਾਨ, ਹਰਸ਼ ਸ਼ਰਮਾ, ਮੁਜੱਮਿਲ, ਵੰਸ਼ ਸ਼ਰਮਾ ਆਦਿ ਹਾਜ਼ਰ ਸਨ।

# ਪੰਜਾਬੀ ਸਾਵਧਾਨ ਰਹਿਣ,'ਆਪ' ਤੇ ਕਾਂਗਰਸ ਇੱਕੋ ਥਾਲੀ 'ਦੇ ਚੱਟੇ-ਬੱਟੇ : ਡਾ: ਸੁਭਾਸ਼ ਸ਼ਰਮਾ

**ਨਵਾਂ ਸ਼ਹਿਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਆਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਪੰਜਾਬੀਆਂ ਨੂੰ ਆਮ ਆਦਮੀ ਪਾਰਟੀ ਅਤੇ ਕਾਂਗਰਸ ਤੋਂ ਸੁਚੇਤ ਕਰਦਿਆਂ ਕਿਹਾ ਹੈ ਕਿ ਇਹ ਦੋਵੇਂ ਪਾਰਟੀਆਂ ਇੱਕੋ ਥਾਲੀ 'ਦੇ ਚੱਟੇ-ਬੱਟੇ ਹਨ, ਜੋ ਪੰਜਾਬ ਦੀ ਭਲਾਈ ਲਈ ਨਹੀਂ ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੋਦੀ ਨੂੰ ਰੋਕਣ ਅਤੇ ਆਪਣੇ ਭ੍ਰਿਸ਼ਟਾਚਾਰ ਨੂੰ ਛੁਪਾਉਣ ਦੇ ਮਕਸਦ ਨਾਲ ਇਕੱਠੇ ਹੋਏ ਹਨ। ਅੱਜ ਇੱਥੇ ਕਰਵਾਏ ਗਏ ਬੁੱਧੀਜੀਵੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਪੰਜਾਬ 'ਚ 'ਆਪ' ਅਤੇ ਕਾਂਗਰਸ ਦੋਸਤਾਨਾ ਮੈਚ ਖੇਡ ਰਹੀਆਂ ਹਨ ਜਦਕਿ ਦਿੱਲੀ, ਹਰਿਆਣਾ ਅਤੇ ਚੰਡੀਗੜ੍ਹ 'ਚ ਆਪਸ 'ਚ ਇਕੱਠੇ ਹਨ। ਕਾਂਗਰਸ 'ਤੇ ਹਮਲਾ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਪਿਛਲੇ ਚਾਰ ਦਿਨਾਂ ਤੋਂ 'ਆਪ' ਸੰਸਦ ਮੈਂਬਰ ਸਵਾਤੀ ਮਾਲੀਵਾਲ ਦੇ ਨਾਲ ਕੇਜਰੀਵਾਲ ਦੇ ਘਰ ਹੋਈ ਬਦਸਲੂਕੀ ਦਾ ਮਾਮਲਾ ਪੂਰੇ ਦੇਸ਼ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਪਰ ਰਾਹੁਲ ਗਾਂਧੀ ਅਤੇ ਪੰਜਾਬ ਕਾਂਗਰਸ ਦੇ ਕਿਸੇ ਵੀ ਆਗੂ ਨੇ ਇਸ ਮੁੱਦੇ ਤੇ ਕੋਈ ਟਿਪਣੀ ਨਹੀਂ ਕਿੱਤੀ। ਹੈਰਾਨੀ ਦੀ ਗੱਲ ਹੈ ਕਿ ਉੱਤਰ ਪ੍ਰਦੇਸ਼ 'ਚ ਔਰਤਾਂ ਦੇ ਮੁੱਦੇ 'ਤੇ ਮਾਰਚ ਕੱਢਣ ਵਾਲੀ ਗਾਂਧੀ ਪਰਿਵਾਰ ਦੀ ਬੇਟੀ ਪ੍ਰਿਅੰਕਾ ਵੀ ਇਸ ਗੰਭੀਰ ਮੁੱਦੇ 'ਤੇ ਚੁੱਪ ਹੈ। ਨਵਾਂਸ਼ਹਿਰ ਵਿੱਚ ਕਈ ਥਾਵਾਂ 'ਤੇ ਹੋਈਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਲੋਕ ਮੋਦੀ ਦਾ ਸਮਰਥਨ ਕਰ ਰਹੇ ਹਨ ਕਿਉਂਕਿ ਹਰ ਕੋਈ ਉਹਨਾਂ ਦੇ ਕੰਮਾਂ ਤੋਂ ਬਹੁਤ ਪ੍ਰਭਾਵਿਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਹੀ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ ਅਤੇ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿੱਚ ਪੂਰਾ ਦੇਸ਼ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਭਾਰਤੀ ਪ੍ਰਧਾਨ ਮੰਤਰੀ ਵੱਲੋਂ ਸਿੱਖ ਕੌਮ ਨੂੰ ਇੰਨਾ ਮਾਣ-ਸਨਮਾਨ ਦਿੱਤਾ ਗਿਆ ਹੈ। ਕਿਸਾਨਾਂ ਦੇ ਮੁੱਦੇ 'ਤੇ ਬੋਲਦਿਆਂ ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਲਈ ਸਭ ਤੋਂ ਵੱਧ ਕੰਮ ਕੀਤੇ ਹਨ, ਜਿਸ ਵਿਚ ਐਮਐਸਪੀ ਵਿਚ ਆਉਣ ਵਾਲੀਆਂ ਫ਼ਸਲਾਂ ਦੀ ਗਿਣਤੀ ਤਿੰਨ ਤੋਂ ਵਧਾ ਕੇ ਪੰਜ ਕਰ ਦਿੱਤੀ ਗਈ ਹੈ।



# ਜਨਤਾ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ












## ਦੇਸ਼ ਦੀ ਗਰੀਬੀ ਮੋਦੀ ਸਰਕਾਰ ਦੇ ਏਜੰਡੇ ਵਿੱਚ ਨਹੀ ਹੈ: ਡਾ ਬਲਬੀਰ



**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਅਤੇ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਨੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਲ ਨਾਭਾ ਦੇ ਕਈ ਵਾਰਡਾ ਅਤੇ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ ਡਾ ਬਲਬੀਰ ਨੇ ਜਿੰਦਲਪੁਰ, ਰੈਸਲ, ਤਰਖੇੜੀ, ਸਹੋਲੀ, ਰਾਇਮਲ ਮਾਜਰੀ, ਵਾਰਡ ਨੰ 14 ਤੋਂ 17 ਦੇ ਲੋਕਾਂ ਨਾਲ ਮਿਲਣੀ ਕੀਤੀ ਅਤੇ ਇਸੇ ਫੇਰੀ ਦੌਰਾਨ ਉਨਾਂ ਭਾਦਸੋਂ ਦੇ ਚੋਣ ਦਫਤਰ ਦਾ ਉਦਘਾਟਨ ਵੀ ਕੀਤਾ।

ਇਸ ਦੌਰਾਨ ਵੱਖ ਵੱਖ ਮੰਚਾਂ ਤੋਂ ਸੰਬੋਧਨ ਕਰਦਿਆ ਡਾ ਬਲਬੀਰ ਨੇ ਕਿਹਾ ਕਿ ਸਾਬਕਾ ਸਰਕਾਰਾਂ ਨੇ ਆਪਣੇ ਸ਼ਾਸਨ ਚ ਸਰਕਾਰੀ ਜਾਇਦਾਦਾਂ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਵੇਚੀਆਂ ਸਨ ਅਤੇ ਆਪ ਸਰਕਾਰ ਪਹਿਲੀ ਸਰਕਾਰ ਹੈ ਜੋ ਪੰਜਾਬ ਵਿਚਲੀ ਤਰੱਕੀ ਲਈ ਅਤੇ ਸਰਕਾਰ ਦੀ ਆਮਦਨ ਦੇ ਵਾਧੇ ਲਈ ਜਾਇਦਾਦਾਂ ਖ਼ਰੀਦ ਰਹੀ ਹੈ। ਮਾਨ ਸਰਕਾਰ ਨੇ ਜੀਵੀਕੇ ਥਰਮਲ ਪਾਵਰ ਪਲਾਂਟ ਖ਼ਰੀਦਿਆ। ਹੁਣ ਇਹ ਪਾਵਰ ਪਲਾਂਟ ਪੰਜਾਬ ਦੇ ਘਰਾਂ ਅਤੇ ਖੇਤਾਂ ਨੂੰ ਮੁਫ਼ਤ ਬਿਜਲੀ ਦੇਣ ਵਿੱਚ ਯੋਗਦਾਨ ਪਾ ਰਿਹਾ ਹੈ। ਓਹਨਾਂ ਕਿਹਾ ਕਿ ਪਹਿਲੀ ਵਾਰ ਕਿਸਾਨਾਂ ਨੂੰ ਦਿਨ ਵੇਲੇ 11 ਘੰਟੇ ਨਿਰਵਿਘਨ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ ਗਿਣਾਉਣ ਦੀ ਵੀ ਲੋੜ ਨਹੀਂ ਹੈ ਕਿਉਂਕਿ ਨੌਜਵਾਨ, ਬੱਚੇ ਅਤੇ ਬਜ਼ੁਰਗ ਖ਼ੁਦ ਸਰਕਾਰ ਲਈ ਬੋਲ ਰਹੇ ਹਨ। ਪਰ ਇਸ ਦੇ ਉਲਟ ਦੇਸ਼ ਦੀ ਗਰੀਬੀ ਮੋਦੀ ਸਰਕਾਰ ਦੇ ਏਜੰਡੇ ਵਿੱਚ ਹੈ ਹੀ ਨਹੀ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਇਹ ਚੋਣ ਹੁਣ ਤੱਕ ਹੋਈਆਂ ਚੋਣਾਂ ਤੋਂ ਵੱਖਰੀ ਹੈ ਕਿਉਂਕਿ ਦੇਸ਼ ਅੰਦਰ ਸੱਤਾ ਪ੍ਰਾਪਤੀ ਲਈ ਜਿੱਥੇ ਭਾਜਪਾ ਫ਼ਿਰਕੂ ਮਾਹੌਲ ਸਿਰਜ ਰਹੀ ਹੈ ਉਥੇ ਕਾਂਗਰਸ ਅਤੇ ਅਕਾਲੀ ਵੀ ਲੋਕਾਂ ਨੂੰ ਝੂਠੇ ਲਾਰਿਆਂ ਅਤੇ ਝੂਠੀਆਂ ਗਾਰੰਟੀਆਂ ਦੇ ਕੇ ਗੁਮਰਾਹ ਕਰ ਰਹੀਆਂ ਹਨ। ਇਹ ਪਾਰਟੀਆਂ ਦੇਸ਼ ਨੂੰ ਦਰਪੇਸ਼ ਮਹਿੰਗਾਈ, ਬੇਰੁਜ਼ਗਾਰੀ, ਨਿੱਜੀਕਰਨ, ਘੱਟ ਗਿਣਤੀਆਂ ਨਾਲ ਹਰ ਪੱਧਰ 'ਤੇ ਵਿਤਕਰਾ ਆਦਿ ਮੁੱਦਿਆਂ 'ਤੇ ਚੁੱਪ ਹਨ। ਉਨਾ ਕਿਹਾ ਕਿ ਮਾਨ ਸਰਕਾਰ ਤਾਨਾਸ਼ਾਹੀ ਭਾਜਪਾ ਸਰਕਾਰ ਦੇ ਖਿਲਾਫ ਲੜ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਪਾਰਲੀਮੈਂਟ ਵਿੱਚ 13 ਹੋਰ ਹੱਥ ਅਤੇ ਆਵਾਜ਼ਾਂ ਦੇ ਕੇ ਮਜ਼ਬੂਤ ਬਣਾਓ।

## ਡਾ: ਧਰਮਵੀਰ ਗਾਂਧੀ ਦੇ ਚੋਣ ਜਲਸੇ ਇਕੱਠ ਪੱਖੋਂ ਸਭ ਤੋਂ ਅੱਗੇ

**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਹਲਕਾ ਇੰਚਾਰਜ ਹਰਿੰਦਰਪਾਲ ਸਿੰਘ ਹੈਰੀ ਮਾਨ ਨਾਲ਼ ਮਿਲ ਕੇ ਵਿਧਾਨ ਸਭਾ ਸਨੌਰ ਦੇ ਪਿੰਡਾਂ ਵਿੱਚ ਜਨ ਸਭਾਵਾਂ ਕੀਤੀਆਂ ਗਈਆਂ ਜਿਸ ਵਿੱਚ ਸਥਾਨਕ ਲੋਕਾਂ ਵੱਲੋਂ ਗਾਂਧੀ ਨੂੰ ਵੱਡਾ ਹੁੰਗਾਰਾ ਮਿਲਿਆ।

ਡਾ: ਗਾਂਧੀ ਜਿੱਥੇ ਵੀ ਚੋਣ ਜਲਸੇ ਨੂੰ ਸੰਬੋਧਨ ਹੋਣ ਲਈ ਪੁੱਜਦੇ ਹਨ, ਉੱਥੇ ਹੀ ਵੱਡਾ ਇਕੱਠ ਹੋ ਜਾਂਦਾ ਹੈ। ਦੇਖਿਆ ਜਾਵੇ ਤਾਂ ਡਾ: ਗਾਂਧੀ ਚੋਣ ਜਲਸਿਆਂ ਵਿੱਚ ਇਕੱਠ ਕਰਨ ਦੇ ਮਾਮਲੇ ਵਿੱਚ ਅੱਜ ਸਭ ਤੋਂ ਅੱਗੇ ਚੱਲ ਰਹੇ ਹਨ। ਆਪਣੀਆਂ ਚੋਣ ਸਭਾਵਾਂ ਵਿੱਚ ਹੁੰਦੇ ਵੱਡੇ ਇਕੱਠਾਂ ਤੋਂ ਡਾਕਟਰ ਧਰਮਵੀਰ ਗਾਂਧੀ ਬੇਹੱਦ ਖ਼ੁਸ਼ ਹਨ ਕਿਉਂਕਿ ਹਰ ਇਕੱਠ ਵਿੱਚ ਮੌਜੂਦ ਲੋਕ ਦੋਵੇਂ ਹੱਥ ਖੜ੍ਹੇ ਕਰਕੇ ਡਾ: ਗਾਂਧੀ ਨੂੰ ਜਿਤਾਉਣ ਦਾ ਭਰੋਸਾ ਦਿੰਦੇ ਹਨ।

ਡਾ: ਗਾਂਧੀ ਨੇ ਇਸ ਮੌਕੇ ਵੋਟਰਾਂ ਨੂੰ ਮਿਲਦਿਆਂ ਕਿਹਾ ਕਿ ਮੈਨੂੰ ਵੋਟ ਮੇਰੇ ਕੰਮਾਂ ਨੂੰ ਦੇਖਦਿਆਂ ਪਾਓ। ਉਹਨਾਂ ਕਿਹਾ ਕਿ ਸ੍ਰੀਮਤੀ ਪਰਨੀਤ ਕੌਰ ਨੇ ਵੀਹ ਸਾਲ ਸੰਸਦ ਮੈਂਬਰ ਰਹਿ ਕੇ ਵੀ ਓਹ ਕੰਮ ਨਹੀਂ ਕਰਵਾਏ ਜੋ ਮੈਂ ਪੰਜ ਸਾਲਾਂ ਵਿੱਚ ਕਰਵਾਏ ਹਨ।

ਐਤਕੀਂ ਜਿੱਤਣ ਤੋਂ ਬਾਅਦ ਉਸਤੋਂ ਵੀ ਦੁੱਗਣੀ - ਚੌਗੁਣੀ ਰਫ਼ਤਾਰ ਨਾਲ਼ ਕੰਮ ਕਰਵਾਏ ਜਾਣਗੇ।

ਓਹਨਾਂ ਪਟਿਆਲਾ ਅੰਦਰ ਪਾਸਪੋਰਟ ਦਫ਼ਤਰ ਲਿਆਉਣ, ਬਠਿੰਡਾ ਰਾਜਪੁਰਾ ਰੇਲਵੇ ਲਾਈਨ ਡਬਲ ਅਤੇ ਬਿਜਲੀਕਰਨ ਕਰਵਾਉਣ ਦਾ ਦੋ ਹਜ਼ਾਰ ਕਰੋੜ ਰੁਪਏ ਦਾ ਪ੍ਰਾਜੈਕਟ, ਰਾਜਪੁਰਾ ਚੰਡੀਗੜ੍ਹ ਰੇਲਵੇ ਲਾਈਨ ਮਨਜ਼ੂਰ ਕਰਵਾਉਣ, ਇੱਕ ਹਜ਼ਾਰ ਤੋਂ ਵਧੇਰੇ ਸਕੂਲਾਂ 'ਚ ਬੈਂਚ, RO ਫਿਲਟਰ ਅਤੇ ਟਾਇਲਟ ਬਣਾਉਣ, ਡੇਢ ਸੌ ਤੋਂ ਵਧੇਰੇ ਸ਼ਮਸ਼ਾਨ ਘਾਟ ਜਾਤ ਪਾਤ ਤੋੜਕੇ ਇੱਕ ਕਰਵਾਉਣ ਤੋਂ ਲੈਕੇ ਅਜਿਹੇ ਅਨੇਕ ਕਾਰਜ ਹਨ ਜਿਹੜੇ ਓਹਨਾਂ ਵੱਲੋਂ ਸੰਸਦ ਮੈਂਬਰ ਰਹਿੰਦਿਆਂ ਕਰਵਾਏ ਗਏ ਹਨ।

## ਪਵਨ ਗੁਪਤਾ ਪੈਦਲ ਹੀ ਤਪਦੀ ਗਰਮੀ ਵਿੱਚ ਕ੍ਰਿਸ਼ਨ ਕੁਮਾਰ ਗਾਬਾ ਦੀ ਚੋਣ ਮੁਹਿੰਮ 'ਚ ਡੱਟੇ



**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਹਿੰਦੁਸਤਾਨ ਸ਼ਕਤੀ ਸੈਨਾ ਦੇ ਪਟਿਆਲਾ ਲੋਕ ਸਭਾ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਦਾ ਚੋਣ ਪ੍ਰਚਾਰ 43 ਡਿਗਰੀ ਤੋਂ ਵੱਧ ਤਪਦੀ ਗਰਮੀ ਵਿੱਚ ਵੀ ਪਵਨ ਗੁਪਤਾ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਦੀ ਅਗਵਾਈ ਵਿੱਚ ਪਟਿਆਲਾ ਦੇ ਮੁੱਖ ਬਜ਼ਾਰਾਂ ਵਿੱਚ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਸਾਰੇ ਸੀਨੀਅਰ ਆਗੂਆਂ ਦੀ ਹਾਜ਼ਰੀ ਵਿੱਚ ਉਹ ਪੈਦਲ ਆਮ ਜਨਤਾ ਅਤੇ ਨਾਗਰਿਕਾਂ ਨੂੰ ਵਿਸ਼ੇਸ਼ ਤੌਰ 'ਤੇ ਮਿਲੇ ਅਤੇ ਭਾਜਪਾ ਦੇ ਸੰਘ ਪਿਛੋਕੜ ਵਾਲੇ ਆਗੂ ਪ੍ਰਸਿੱਧ ਸਮਾਜ ਸੇਵਕ ਡਾ. ਭਾਈ ਪਰਮਜੀਤ ਸਿੰਘ ਅਪੀਲ ਕਰਦੇ ਰਹੇ ਕਿ ਮੌਕਾਪ੍ਰਸਤ ਨੇਤਾਵਾਂ ਨੂੰ ਕਰਾਰਾ ਸਬਕ ਸਿਖਾਉਣਾ ਚਾਹੀਦਾ ਹੈ, ਇਹ ਮੌਕਾ ਪ੍ਰਸਤ ਨੇਤਾ ਭਗਵਾਨ ਸ਼੍ਰੀ ਰਾਮ ਜੀ ਦੇ ਨਾਮ ਦਾ ਸਹਾਰਾ ਲੈ ਰਹੇ ਹਨ ਤਾਂ ਜੋ ਉਹ ਸੱਤਾ ਦਾ ਸੁਖ ਮਾਨ ਸਕਣ ਅਤੀਤ ਵਿੱਚ ਇਹੋ ਜਿਹੇ ਨੇਤਾ ਕਾਂਗਰਸ ਦੇ ਵਿੱਚ ਰਹਿ ਕੇ ਭਗਵਾਨ ਸ਼੍ਰੀ ਰਾਮ ਜੀ ਦੇ ਹੋਂਦ ਤੇ ਸਵਾਲ ਚੁੱਕਦੇ ਰਹੇ ਹਨ। ਆਮ ਜਨਤਾ ਅਤੇ ਸਨਾਤਨ ਧਰਮ ਦੇ ਪ੍ਰੇਮੀਆਂ ਨੂੰ ਇਸ ਸਮੇਂ ਇਹਨਾਂ ਨੂੰ ਇੱਕ ਢੁਕਵਾਂ ਸਬਕ ਸਿਖਾਉਣਾ ਚਾਹੀਦਾ ਹੈ।

ਪਟਿਆਲਾ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਪਹੁੰਚਣ 'ਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਅਤੇ ਪਾਰਟੀ ਦੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ ਦਾ ਆਪੋ-ਆਪਣੇ ਕਾਰੋਬਾਰੀ ਅਦਾਰਿਆਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਅਤੇ ਹੋਰ ਤਰੀਕਿਆਂ ਨਾਲ ਨਿੱਘਾ ਸਵਾਗਤ ਕੀਤਾ ਗਿਆ। ਆਮ ਲੋਕਾਂ ਦਾ ਅਤੇ ਸਨਾਤਨ ਧਰਮ ਪ੍ਰੇਮੀਆਂ ਦਾ ਕਹਿਣਾ ਸੀ ਕਿ ਜਿਹੜੇ ਲੋਕ ਹੁਣ ਭਗਵਾਨ ਸ਼੍ਰੀ ਰਾਮ ਜੀ ਦਾ ਨਾਮ ਲੈ ਕੇ ਸੱਤਾ ਵਿੱਚ ਆਉਣ ਦੇ ਮੌਕੇ ਦਾ ਫਾਇਦਾ ਉਠਾ ਰਹੇ ਹਨ ਜਾਂ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਦਾ ਬਹਾਨਾ ਲਗਾ ਕੇ ਭ੍ਰਿਸ਼ਟਾਚਾਰ ਨੂੰ ਚਰਮ ਸੀਮਾ ਤੱਕ ਲੈ ਜਾ ਰਹੇ ਹਨ, ਉਹ ਪੰਜਾਬ ਦੀ ਸੱਤਾ ਵਿੱਚ ਬੈਠ ਕੇ ਸਿਰਫ ਅਤੇ ਸਿਰਫ ਖੋਖਲੇ ਵਾਅਦੇ ਕਰ ਰਹੇ ਹਨ ਸਮਾਂ ਆਉਣ 'ਤੇ ਸ਼ਿਵ ਸੈਨਾ ਹਿੰਦੁਸਤਾਨ ਹਿੰਦੁਸਤਾਨ ਸ਼ਕਤੀ ਸੈਨਾ ਦੇ ਪਟਿਆਲਾ ਲੋਕ ਸਭਾ ਉਮੀਦਵਾਰ ਨੂੰ ਅਸੀਂ ਵਿਸ਼ਵਾਸ ਦਾ ਵੋਟ ਪਾ ਕੇ ਆਮ ਜਨਤਾ ਨਾਲ ਧੋਖਾ ਕਰਨ ਵਾਲਿਆਂ ਨੂੰ ਇਕ ਵਧੀਆ ਸਬਕ ਸਿਖਾਉਣ ਵੋਟ ਦੀ ਤਾਕਤ ਦਾ ਇਸਤੇਮਾਲ ਕਰਾਂਗੇ।

ਬਜ਼ਾਰਾਂ ਵਿੱਚ ਚੋਣ ਪ੍ਰਚਾਰ ਦੌਰਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਨੇ ਸਕੂਲਾਂ ਤੋਂ ਪਰਤ ਰਹੇ ਬੱਚਿਆਂ ਵਿੱਚ *ਬੰਸਰੀਆਂ* ਵੰਡ ਕੇ ਆਪਣੇ *ਚੋਣ ਨਿਸ਼ਾਨ* ਦਾ ਜ਼ੋਰਦਾਰ ਪ੍ਰਚਾਰ ਕੀਤਾ।

ਇਸ ਚੋਣ ਪ੍ਰਚਾਰ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਆਗੂ ਸ਼੍ਰੀ ਹੇਮਰਾਜ ਗੋਇਲ ਰਾਸ਼ਟਰੀ ਸਲਾਹਕਾਰ, ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀਮਤੀ ਕਾਂਤਾ ਬਾਂਸਲ ਉਪ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਹਿਤੇਸ਼ ਰਿੰਕੂ ਪ੍ਰਧਾਨ ਆਈ.ਟੀ ਸੈਨਾ ਪੰਜਾਬ, ਸ੍ਰੀ ਅਮਰਜੀਤ ਬੰਟੀ ਪੰਜਾਬ ਚੇਅਰਮੈਨ ਹਿੰਦੁਸਤਾਨ ਯੁਵਾ ਸੈਨਾ, ਐਡਵੋਕੇਟ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਸੈਨਾ, ਸ੍ਰੀ ਸ਼ਾਮਕਾਂਤ ਪਾਂਡੇ ਸੀਨੀਅਰ ਮੀਤ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ, ਸਰਦਾਰ ਤਰੁਣ ਪਾਲ ਸਿੰਘ ਕੋਹਲੀ ਜਿਲ੍ਹਾ ਮੀਡੀਆ ਇੰਚਾਰਜ ਪਟਿਆਲਾ, ਸ੍ਰੀ ਭੋਲਾ ਸ਼ਰਮਾ ਸਿਟੀ ਪ੍ਰਧਾਨ ਪਟਿਆਲਾ, ਸ. ਸ਼ਰਵਣ ਕੁਮਾਰ, ਸ੍ਰੀ ਰਾਕੇਸ਼ ਕੁਮਾਰ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ ਸ੍ਰੀ ਨੰਦਲਾਲ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ ਅਤੇ ਸੈਂਕੜੇ ਹੋਰ ਆਗੂਆਂ ਅਤੇ ਵਰਕਰਾਂ ਨੇ ਪੈਦਲ ਇਸ ਚੋਣ ਮੁਹਿੰਮ ਵਿੱਚ ਸ਼ਮੂਲੀਅਤ ਕੀਤੀ।

## ਆਈਲੈਟਸ ਸੈਂਟਰਾਂ ਵਿਖੇ ਚਲਾਇਆ ਗਿਆ ਵੋਟਰ ਜਾਗਰੂਕਤਾ ਅਭਿਆਨ

**ਅੰਮ੍ਰਿਤਸਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਸ਼ਹਿਰ ਦੇ ਕਈ ਆਈਲਟਸ ਸੈਂਟਰਾਂ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਗਏ।

ਇਹਨਾਂ ਸੈਮੀਨਾਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਮਜੀਠਾ ਵਿਧਾਨ ਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਸ਼੍ਰੀਮਤੀ ਰੇਖਾ ਮਹਾਜਨ ਨੇ ਕਿਹਾ ਕਿ ਇਹਨਾਂ ਸੈਮੀਨਾਰਾਂ ਦਾ ਮੁੱਖ ਟੀਚਾ ਨੌਜਵਾਨ ਵੋਟਰਾਂ ਨੂੰ ਵੋਟਾਂ ਵਿੱਚ ਭਾਗ ਲੈਣ ਕਈ ਪ੍ਰੇਰਿਤ ਕਰਨਾ ਹੈ।ਉਹਨਾਂ ਦੱਸਿਆ ਕਿ ਜ਼ਿਲ੍ਹੇ 100 ਤੋਂ ਵੱਧ ਆਈਲੈਟਸ ਸੈਂਟਰਾਂ ਵਿੱਚ ਅਜਿਹੇ ਵੋਟਰ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਸਾਰੇ ਆਈਲੈਟਸ ਸੈਂਟਰਾਂ ਨੂੰ ਕਵਰ ਕੀਤਾ ਜਾਵੇਗਾ।

ਉਹਨਾਂ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ 2024 ਵਾਲੇ ਦਿਨ ਸਾਰੇ ਵੋਟਰ ਆਪਣੇ ਵੋਟ ਪਾਉਣ ਦੇ ਲੋਕਤਾਂਤਰਿਕ ਹੱਕ ਦੀ ਵਰਤੋਂ ਜ਼ਰੂਰ ਕਰਨ।

## ਪ੍ਰਨੀਤ ਕੌਰ ਤੇ ਡਾ. ਗਾਂਧੀ ਪਟਿਆਲਾ ਪਾਰਲੀਮਾਨੀ ਹਲਕੇ ਲਈ ਇਕ ਵੀ ਵੱਡਾ ਪ੍ਰਾਜੈਕਟ ਨਹੀਂ ਲਿਆ ਸਕੇ: ਐਨ ਕੇ ਸ਼ਰਮਾ



ਐਨ ਕੇ ਸ਼ਰਮਾ ਨੂੰ ਸਿਰੋਪਾਓ ਤੇ ਕ੍ਰਿਪਾਨ ਭੇਂਟ ਕਰ ਕੇ ਸਨਮਾਨਤ ਕਰਦੇ ਹੋਏ ਮਾਲਵਿੰਦਰ ਸਿੰਘ ਝਿੱਲ ਤੇ ਹੋਰ।

**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪਾਰਲੀਮਾਨੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਚਾਰ ਵਾਰ ਐਮ ਪੀ ਰਹੇ ਪ੍ਰਨੀਤ ਕੌਰ ਤੇ ਇਕ ਵਾਰ ਐਮ ਪੀ ਰਹੇ ਡਾ. ਧਰਮਵੀਰ ਗਾਂਧੀ ਪਟਿਆਲਾ ਲਈ ਕੇਂਦਰ ਸਰਕਾਰ ਤੋਂ ਇਕ ਵੀ ਵੱਡਾ ਪ੍ਰਾਜੈਕਟ ਨਹੀਂ ਲਿਆ ਸਕੇ ਤੇ ਪਟਿਆਲਾ ਦੇ ਪਛੜੇਪਣ ਦਾ ਇਹੀ ਮੁੱਖ ਕਾਰਨ ਹੈ। ਇਥੇ ਸਾਬਕਾ ਕੌਂਸਲਰ ਮਾਲਵਿੰਦਰ ਸਿੰਘ ਝਿੱਲ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਜਿਸਨੇ ਰੈਲੀ ਦਾ ਰੂਪ ਧਾਰ ਲਿਆ, ਨੂੰ ਸੰਬੋਧਨ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਇਹਨਾਂ ਦੋਵਾਂ ਆਗੂਆਂ ਦੀ ਬਦੌਲਤ ਪਟਿਆਲਾ ਪਾਰਲੀਮਾਨੀ ਹਲਕੇ ਨੇ 25 ਸਾਲ ਗੁਆ ਲਏ ਹਨ। ਉਹਨਾਂ ਕਿਹਾ ਕਿ ਕੇਂਦਰ ਤੋਂ ਬਹੁਤ ਵੱਡੇ-ਵੱਡੇ ਪ੍ਰਾਜੈਕਟ ਲੈ ਕੇ ਪਟਿਆਲਾ ਦਾ ਸਰਵ ਪੱਖੀ ਵਿਕਾਸ ਕੀਤਾ ਜਾ ਸਕਦਾ ਸੀ। ਇਥੇ ਰੋਜ਼ਗਾਰ ਪੈਦਾ ਕੀਤਾ ਜਾ ਸਕਦਾ ਸੀ ਪਰ ਇਹਨਾਂ ਦੋਵਾਂ ਦੀ ਨਲਾਇਕੀ ਕਾਰਨ ਮੁਸ਼ਕਿਲਾਂ ਪਟਿਆਲਾ ਲੋਕ ਸਭਾ ਹਲਕੇ ਦੇ ਲੋਕਾਂ ਨੂੰ ਝੱਲਣੀਆਂ ਪਈਆਂ। ਉਹਨਾਂ ਕਿਹਾ ਕਿ ਹੁਣ ਜੇਕਰ ਲੋਕ ਉਹਨਾਂ ਦੀ ਝੋਲੀ ਇਹ ਸੀਟ ਪਾਉਣਗੇ ਤਾਂ ਉਹ ਕੰਮ ਕਰ ਕੇ ਵਿਖਾਉਣਗੇ ਕਿ ਇਕ ਸੰਸਦ ਮੈਂਬਰ ਆਪਣੇ ਹਲਕੇ ਵਾਸਤੇ ਕੀ ਕੁਝ ਕਰ ਸਕਦਾ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਤਕੜੀ 'ਤੇ ਵੋਟਾਂ ਪਾ ਕੇ ਅਕਾਲੀ ਦਲ ਨੂੰ ਮਜ਼ਬੂਤ ਕਰਨ ਕਿਉਂਕਿ ਅਕਾਲੀ ਦਲ ਹੀ ਪੰਜਾਬੀਆਂ ਦੀ ਆਪਣੀ ਪਾਰਟੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਟਿਆਲਾ ਦਿਹਾਤੀ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ, ਸਾਬਕਾ ਐਮ ਪੀ ਪਰਮਜੀਤ ਸਿੰਘ ਪੰਮਾ, ਹਰਵਿੰਦਰ ਸਿੰਘ ਬੱਬੂ, ਗੁਰਵਿੰਦਰ ਸਿੰਘ ਧੀਮਾਨ, ਰਾਜਿੰਦਰ ਵਿਰਕ,ਜਗਰਾਜ ਝਿੱਲ, ਕੁਲਦੀਪ ਰੱਫਾ, ਮਾਸਟਰ ਜਗਪਾਲ ਸਿੰਘ, ਜਰਨੈਲ ਸਿੰਘ ਸਰਪੰਚ, ਸੁਰਜੀਤ ਸਿੰਘ ਸਰਪੰਚ, ਤੋਤਾ ਸਿੰਘ, ਫਤਿਹਜੀਤ ਸਿੰਘ ਜੌਲੀ, ਦਵਿੰਦਰ ਟੋਕੇਵਾਲਾ, ਰਾਜ ਟਿਵਾਣਾ, ਗੁਰਿੰਦਰਪਾਲ ਸਿੰਘ, ਕਰਮ ਸਿੰਘ ਟੌਹੜਾ,ਵਿਨੋਦ ਜਿੰਦਲ, ਰਣਜੀਤ ਨੰਬਰਦਾਰ, ਬਿਕਰਮਜੀਤ ਸਿੰਘ ਭੱਟੀ, ਡਾ. ਨਛੱਤਰ, ਪਰਸ ਰਾਮ, ਦਲਜੀਤ ਮਾਂਗਟ, ਜੋਗਿੰਦਰ ਸ਼ਰਮਾ, ਗੁਰਚਰਨ ਸਿੰਘ ਡੋਗਰ, ਬਖਸ਼ੀਸ਼ ਸੰਧੂ, ਬਲਜਿੰਦਰ ਗਾਂਧੀ, ਨਰੇਸ਼ ਕੁਮਾਰ, ਸੰਦੀਪ ਮਾਮਾ, ਮਨਪ੍ਰੀਤ ਖਰੋੜ, ਅਵਤਾਰ ਸਿੰਘ ਤਾਰੀ, ਡਿਪਟੀ ਡਾਇਰੈਕਟਰ ਮਾਨ ਸਾਹਿਬ, ਬੀਬੀ ਕਰਮਜੀਤ ਕੌਰ ਝਿੱਲ, ਬੀਬੀ ਚਰਨਜੀਤ ਕੌਰ ਅਤੇ ਲਾਭ ਸਿੰਘ ਆਦਿ ਪਤਵੰਤੇ ਹਾਜ਼ਰ ਸਨ।

## ਜ਼ੀਰਕਪੁਰ ਦੇ ਸੇਂਟ ਜੇਵੀਅਰ ਸਕੂਲ 'ਚ ਕੀਤੀ ਗਈ ਪਲਾਸਟਿਕ ਕੁਲੈਕਸ਼ਨ ਡਰਾਈਵ



**ਜ਼ੀਰਕਪੁਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਲਾਸਟਿਕ ਕੁਲੈਕਸ਼ਨ ਡਰਾਈਵ ਪ੍ਰੋਗਰਾਮ ਤਹਿਤ ਬੱਚੇ ਆਪੋ ਆਪਣੇ ਘਰਾਂ ਵਿੱਚੋਂ ਪਲਾਸਟਿਕ ਕੂੜਾ ਇਕੱਠਾ ਕਰ ਕੇ ਸਕੂਲ ਦੇ ਬੱਚਿਆਂ ਵੱਲੋਂ ਲਿਆਂਦਾ ਗਿਆ। ਇੱਸ ਡਰਾਈਵ 'ਚ ਸਕੂਲੀ ਬੱਚਿਆਂ ਨੂੰ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਪਲਾਸਟਿਕ ਦੇ ਨਿਪਟਾਰੇ ਬਾਰੇ ਜਾਗਰੂਕ ਕੀਤਾ ਗਿਆ। ਸਵੱਛ ਭਾਰਤ ਮਿਸ਼ਨ ਦੇ ਪ੍ਰੋਗਰਾਮ ਕੋਆਰਡੀਨੇਟਰ ਸੁਖਵਿੰਦਰ ਸਿੰਘ ਦਿਓਲ ਨੇ ਸਕੂਲੀ ਬੱਚਿਆਂ ਨੂੰ ਦੱਸਿਆ ਕਿ ਪਲਾਸਟਿਕ ਨਾਲ ਬਣੀਆਂ ਚੀਜਾਂ ਸਦੀਆਂ ਤੱਕ ਨਹੀਂ ਗਲਦੀਆਂ। ਪਲਾਸਟਿਕ ਦੇ ਲਿਫਾਫਿਆਂ ਕਰਕੇ ਸਾਡੇ ਘਰਾਂ ਦਾ ਸੀਵਰੇਜ, ਨਾਲੀਆਂ ਆਦਿ ਬਲੌਕ ਹੋ ਜਾਦੀਆਂ ਹਨ। ਜੇਕਰ ਅਸੀਂ ਪਲਾਸਟਿਕ ਨੂੰ ਜਲਾਉਂਦੇ ਹਾਂ ਤਾਂ ਇਸ 'ਚੋਂ ਜਹਿਰੀਲਾ ਧੂੰਆ ਪੈਦਾ ਹੁੰਦਾ ਜੋ ਵਾਤਾਵਰਣ ਵਾਸਤੇ ਖਤਰਨਾਕ ਹੈ। ਜੇਕਰ ਅਸੀਂ ਬਜਾਰ ਚ ਕਿਸੇ ਕਿਸਮ ਦੀ ਖਰੀਦੋ ਫਰੋਖਤ ਕਰਦੇ ਹਾਂ ਤਾਂ ਸਾਨੂੰ ਉਹ ਪਲਾਸਟਿਕ ਦੇ ਲਿਫਾਫਿਆਂ 'ਚ ਲਿਆਉਣ ਦੀ ਬਜਾਏ ਆਪਣੇ ਘਰੋਂ ਥੈਲੇ ਲੈਕੇ ਜਾਣੇ ਚਾਹੀਦੇ ਹਨ। ਇਸ ਮੌਕੇ ਤੇ ਸੇਂਟ ਜੇਵੀਅਰ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਮਰਵਿਨ ਵੈਸਟ, ਐਕਟਿਵਿਟੀ ਇੰਚਾਰਜ ਪ੍ਰਿੰਸ, ਸਕੂਲ ਸਟਾਫ ਅਤੇ ਬੱਚੇ ਮੌਜੂਦ ਸਨ।

## ਪਰਨੀਤ ਕੌਰ ਗੁਰਦੁਆਰਾ ਸਾਹਿਬ ਢੱਡਰੀਆਂ ਵਿਖੇ ਹੋਏ ਨਤਮਸਤਕ



**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੈਂਬਰ ਪਾਰਲੀਮੈਂਟ ਪਰਨੀਤ ਕੌਰ ਆਪਣੇ ਚੁਣਾਵੀ ਰੁਝੇਵੇਂ ਵਿੱਚੋਂ ਸਮਾਂ ਕੱਢ ਕੇ ਅੱਜ ਗੁਰਦੁਆਰਾ ਪਰਮੇਸ਼ਰ ਦੁਆਰ ਢੱਡਰੀਆਂ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਸ਼ਰਧਾਪੂਰਵਕ ਸਾਧ ਸੰਗਤ ਵਿੱਚ ਬੈਠ ਕੇ ਰੱਬੀ ਇਲਾਹੀ ਬਾਣੀ ਦਾ ਸ਼ਬਦ ਕੀਰਤਨ ਸਰਵਣ ਕੀਤਾ ਅਤੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਸ਼ਰਧਾਪੂਰਵਕ ਨਤਮਸਤਕ ਹੋ ਕੇ ਅਰਦਾਸ ਵੀ ਕੀਤੀ।

ਇਸ ਉਪਰੰਤ ਗੁਰਦੁਆਰਾ ਪਰਮੇਸ਼ਰ ਦੁਆਰ ਢਡਰੀਆਂ ਸਾਹਿਬ ਦੀ ਮੈਨੇਜਮੈਂਟ ਅਤੇ ਸਾਧ ਸੰਗਤ ਵੱਲੋਂ ਪਰਨੀਤ ਕੌਰ ਨੂੰ ਸਿਰੋਪਾਓ ਪਾਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।

## ਗੱਡੀਆਂ ਉਪਰ ਲੱਗੇ ਰਿਫਲੈਕਟਰ ਵੀ ਰਾਤ ਨੂੰ ਕਰ ਸਕਦੇ ਹਨ ਐਕਸੀਡੈਂਟਾਂ ਤੋਂ ਬਚਾਅ: ਇੰਸਪੈਕਟਰ ਜੋਗਿੰਦਰ ਸਿੰਘ

**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਯਾਦਵਿੰਦਰਾ ਪਬਲਿਕ ਸਕੂਲ ਦੇ ਰੋਟਰੈਕਟ ਕਲੱਬ ਵੱਲੋਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਜ਼ਿਲ੍ਹਾ ਟ੍ਰੈਫਿਕ ਪੁਲਿਸ ਪਟਿਆਲਾ ਦੇ ਸਹਿਯੋਗ ਨਾਲ ਸੰਗਰੂਰ ਰੋਡ ਉਪਰ ਗੱਡੀਆਂ ਉਪਰ ਰਫਲੈਕਟਰ ਲਗਾਉਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਇੰਸਪੈਕਟਰ ਜੋਗਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਟ੍ਰੈਫਿਕ ਪੁਲਿਸ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ।

ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਤੋਂ ਇਲਾਵਾ ਯਾਦਵਿੰਦਰਾ ਪਬਲਿਕ ਸਕੂਲ ਦੇ ਰੋਟਰੈਕਟ ਕਲੱਬ ਦੇ ਮੈਂਬਰਾਂ ਸੁਮਇਰਾ ਸਿੰਘ ਥਿੰਦ, ਦਿਵਰੂਪ ਕੌਰ ਸੰਧੂ,ਰੀਨੀ ਥਾਦੀ, ਅਦਰੀਸ ਰਾਏ ਸੂਦ,ਵਰਦਨ ਬਾਂਸਲ,ਅਮਨ ਕੌਰ ਕਾਲੇਕਾ,ਖੁਸਮੇਹਰ ਕੌਰ, ਗੁਰਨੂਰ ਕੌਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਇੰਸਪੈਕਟਰ ਜੋਗਿੰਦਰ ਸਿੰਘ ਨੇ ਕਿਹਾ ਵਾਈ ਪੀ ਐਸ ਸਕੂਲ ਦੇ ਰੋਟਰੈਕਟ ਕਲੱਬ ਵਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਗੱਡੀਆਂ ਉਪਰ ਰਫਲੈਕਟਰ ਲਗਾਉਣੇ ਬਹੁਤ ਹੀ ਪ੍ਰਸੰਸਾਯੋਗ ਉਪਰਾਲਾ ਕੀਤਾ ਹੈ, ਉਹਨਾਂ ਕਿਹਾ ਕਿ ਗੱਡੀਆਂ ਉਪਰ ਲੱਗੇ ਰਫਲੈਕਟਰ ਵੀ ਰਾਤ ਨੂੰ ਐਕਸੀਡੈਂਟਾਂ ਤੋਂ ਬਚਾਅ ਕਰ ਸਕਦੇ ਹਨ।ਉਹਨਾਂ ਕਿਹਾ ਕਿ ਜਿਹੜੇ ਵਹੀਕਲਜ਼ ਉਪਰ ਰਫਲੈਕਟਰ ਲੱਗੇ ਹੁੰਦੇ ਹਨ ਉਹੋ ਰਾਤ ਨੂੰ ਦੂਰ ਤੋਂ ਹੀ ਦੂਸਰੇ ਵਹੀਕਲਜ਼ ਵਾਲੇ ਨੂੰ ਦਿੱਖ ਜਾਂਦੇ ਹਨ ਅਤੇ ਉਹੋ ਆਪਣੀ ਸਪੀਡ ਕੰਟਰੋਲ ਵਿਚ ਰੱਖ ਕੇ ਵਹੀਕਲਜ਼ ਚਲਾਉਂਦਾ ਹੈ। ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਵੀ ਆਪਣੇ ਵਹੀਕਲਜ਼ ਉਪਰ ਰਫਲੈਕਟਰ ਜ਼ਰੂਰ ਲਗਵਾਉਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ।

## ਲੇਡੀ ਫਾਤਿਮਾ ਸਕੂਲ ਨੇ ਲਗਾਇਆ ਖੂਨਦਾਨ ਕੈਂਪ



**ਪਟਿਆਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਵਰ ਲੇਡੀ ਆਫ਼ ਫਾਤਿਮਾ ਕੌਨਵੈਂਟ ਸੈਕੰਡਰੀ ਸਕੂਲ, ਪਟਿਆਲਾ ਵੱਲੋਂ ਲੋੜਵੰਦਾਂ ਮਦਦ ਲਈ 15ਵਾਂ ਖੂਨਦਾਨ ਕੈਂਪ ਲਗਾਇਆ ਗਿਆ । ਪ੍ਰਮਾਤਮਾ ਦੇ ਨਾਮ ਨਾਲ ਇਸ ਮਹਾਨ ਕੰਮ ਦੀ ਸ਼ੁਰੂਆਤ ਕੀਤੀ ਗਈ। ਸਕੂਲ ਦੇ ਪ੍ਰਿੰਸੀਪਲ ਸਿਸਟਰ ਫਲੇਵੀ ਡੇਵਿਡ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਸ਼੍ਰੀਮਤੀ ਤਜਿੰਦਰ ਕੌਰ (ਸੀਨੀਅਰ ਬ੍ਰਾਂਚ ਮੈਨੇਜਰ ਸੈਂਟਰਲ ਬੈਂਕ ਆਫ ਇੰਡੀਆ, ਪਟਿਆਲਾ) ਸਨ। ਰਜਿੰਦਰਾ ਹਸਪਤਾਲ ਦੀ ਮੈਡੀਕਲ ਟੀਮ ਦੇ ਯੋਗਦਾਨ ਨਾਲ ਇਹ ਮਹਾਨ ਕੰਮ ਸਿਰੇ ਚੜ੍ਹਾਇਆ ਗਿਆ।ਮੁੱਖ ਮਹਿਮਾਨ ਵੱਲੋਂ ਖੁਦ ਖੂਨ ਦਾਨ ਕਰਕੇ ਇਸ ਮਹਾਨ ਕੰਮ ਵਿੱਚ ਯੋਗਦਾਨ ਪਾਇਆ ਗਿਆ। ਸਕੂਲ ਦੇ ਪ੍ਰਬੰਧਕਾਂ ਵੱਲੋਂ ਕਿਹਾ ਗਿਆ ਹੈ ਕਿ ਇਹ ਨੇਕ ਕੰਮ ਕਈ ਸਾਲਾਂ ਤੋਂ ਚੱਲ ਰਿਹਾ ਸੀ ਅਤੇ ਅੱਗੇ ਵੀ ਚੱਲਦਾ ਰਹੇਗਾ।

## ਵਿਸ਼ਵ ਐਚ ਆਈ ਵੀ ਟੀਕਾ ਕਰਨ ਦਿਵਸ ਮੌਕੇ ਰੇਲਵੇ ਸਟੇਸਨ ਦੇ ਵਰਕਰਾ ਨੂੰ ਏਡਜ਼ ਸਬੰਧੀ ਕੀਤਾ ਜਾਗਰੂਕ : ਪਰਮਿੰਦਰ ਕੌਰ ਮਨਚੰਦਾ



**ਪਟਿਆਲਾ, 22 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਡ ਕਰਾਸ ਨਸਾ ਮੁਕਤੀ ਕੇਂਦਰ ਅਤੇ ਪੁਨਰਵਾਸ ਸਾਕੇਤ ਹਸਪਤਾਲ ਪਟਿਆਲਾ ਵਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਵਿਸਵ ਐਚਆਇਵੀ ਟੀਕਾ ਕਰਨ ਦਿਵਸ ਰੇਲਵੇ ਸਟੇਸਨ ਦੇ ਵਰਕਰਾ ਨਾਲ ਜਾਣਕਾਰੀ ਸਾਂਝੀ ਕਰਦਿਆਂ ਏਡਜ ਪ੍ਰਤੀ ਜਾਗਰੂਕ ਕਰਕੇ ਮਨਾਇਆ ਗਿਆ । ਜਿਸ ਵਿਚ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਵੱਲੋ ਐਚ ਆਈ ਵੀ ਦੇ ਲੱਛਣ ਅਤੇ ਐਚ ਆਈਵੀ ਵੱਲੋ ਫੈਲ ਰਹੀਆ ਬਿਮਾਰੀਆ ਬਾਰੇ ਦੱਸਿਆ ਗਿਆ ।

ਉਸ ਦੇ ਨਾਲ ਹੀ ਸਟੇਟ ਕੋਆਡੀਨੇਟਰ( ਟੀ.ਬੀ ਪ੍ਰੋਜੈਕਟ ) ਪੰਜਾਬ ਦੇ ਕੌਂਸਲਰ ਮਿਸ ਰਾਵੀਆ ਨੇ ਐਚ ਆਈ ਵੀ ਦੇ ਵੈਕਸਿਨੇਸਨ ਵਾਰੇ ਕੁੱਝ ਹਦਾਈਤਾ ਸਾਂਝੀਆ ਕੀਤੀਆ ਅਤੇ ਓਹਨਾ ਹਦਾਈਤਾ ਨੂੰ ਸਮਝਣ ਲਈ ਕਿਹਾ।

ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋ ਐਚ ਆਈਵੀ ਦੇ ਕਾਰਨ ਦੱਸੇ ਗਏ ਜਿਹਨਾ ਕਾਰਨਾ ਕਰਕੇ ਐਚ ਆਈਵੀ ਨਹੀ ਫੈਲਦੀ ਜਿਵੇ ਕਿ ਇਕੱਠੇ ਖਾਣ- ਪੀਣ ਨਾਲ, ਹੱਥ ਮਿਲਾਓਣ ਨਾਲ ਅਤੇ ਹੋਰ ਵੀ ਵਧੇਰੇ ਕਾਰਨ ਹਨ ਜਿਹਨਾ ਨਾਲ ਐਚ ਆਈਵੀ ਨਹੀ ਹੁੰਦੀ । ਅਤੇ ਨਾਲ ਹੀ ਵਿਹਾਨ ਸੀ. ਐਸ. ਸ਼ੀ ਦੀ ਸਮੁੱਚੀ ਟੀਮ ਜੋ ਐਚ ਆਈਵੀ ਦੇ ਮਰਿਜਾ ਦੇ ਘਰ - ਘਰ ਜਾ ਕੇ ਓਹਨਾ ਨੂੰ ਦਵਾਈ ਲੈਣ ਲਈ ਪ੍ਰੇਰਿਤ ਕਰਦੇ ਹਨ ਅਤੇ ਨਾਲ ਹੀ ਮਰੀਜਾ ਦਾ ਵਿਆਹ ਕਰਵਾ ਕੇ ਦੂਸਰੇ ਮਰੀਜਾ ਨੂੰ ਪੋਜੀਟੀਵ ਹੋਣ ਤੋ ਵੀ ਬਚਾਉਂਦੇ ਹਨ ।

## ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਬਲਾਕ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ



**ਮਾਛੀਵਾੜਾ ਸਾਹਿਬ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਬਲਾਕ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਮਾਛੀਵਾੜਾ ਬਲਾਕ 1 ਅਤੇ 2 ਦੇ ਤਕਰੀਬਨ 15 ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿੱਚ ਨਾਟਕ, ਭਾਸ਼ਣ,ਗੀਤ ਗਾਇਨ, ਪੇਂਟਿੰਗ: ਚਿੱਤਰ ਕਲਾ, ਸੋਲੋ ਡਾਂਸ, ਕਲੇ ਮਾਡਲਿੰਗ , ਕਵਿਤਾ ਆਦਿ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਸਕੂਲ ਦੇ ਇੰਚਾਰਜ ਸ਼੍ਰੀਮਤੀ ਹਰਦੀਪ ਕੌਰ ਅਤੇ ਬਲਾਕ ਕੌਂਸਲਰ ਸ੍ਰੀ ਰਾਜੇਸ਼ ਕੁਮਾਰ ਸਕੂਲ ਦੇ ਗਾਈਡੈਂਸ ਅਤੇ ਕੌਂਸਲਿੰਗ ਇੰਚਾਰਜ ਸ੍ਰੀਮਤੀ ਰਾਜੇਸ਼ ਕੁਮਾਰੀ ਦੀ ਯੋਗ ਅਗਵਾਈ ਹੇਠ ਕਰਵਾਏ ਗਏ । ਜਿਸ ਵਿੱਚ ਵੱਖ-ਵੱਖ ਸਕੂਲਾਂ ਨੇ ਹਿੱਸਾ ਲਿਆ ਅਤੇ ਪੁਜੀਸ਼ਨਾਂ ਹਾਸਿਲ ਕੀਤੀਆਂ। ਇਨ੍ਹਾਂ ਮੁਕਾਬਲਿਆਂ ਦੇ ਵਿੱਚ ਕੰਨਿਆਂ ਸਕੂਲ ਨੇ ਨਾਟਕ ਵਿੱਚ ਪਹਿਲਾ ਸਥਾਨ , ਡਾਂਸ ਅਤੇ ਕਲੇ ਮਾਡਲਿੰਗ ਵਿੱਚ ਦੂਸਰਾ ਸਥਾਨ, ਗੀਤ ਗਾਇਨ ਮੁਕਾਬਲੇ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ। ਸਕੂਲ ਦੇ ਇੰਚਾਰਜ ਸ੍ਰੀਮਤੀ ਹਰਦੀਪ ਕੌਰ ਜੀ ਵੱਲੋਂ ਸਮੂਹ ਸਕੂਲਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦੇ ਪਾਤਰ ਦੱਸਿਆ ਗਿਆ ਜਿਨ੍ਹਾਂ ਨੇ ਅੱਜ ਦੇ ਇਸ ਦਿਨ ਨੂੰ ਯਾਦਗਾਰ ਬਣਾਇਆ ਅਤੇ ਨਾਲ ਹੀ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਤੇ ਨਾਲ ਹੀ ਕੰਨਿਆਂ ਸਕੂਲ ਦੇ ਸਮੂਹ ਸਟਾਫ ਦਾ ਅੱਜ ਦਾ ਪ੍ਰਬੰਧ ਕਰਨ ਦੇ ਲਈ ਧੰਨਵਾਦ ਕੀਤਾ ।

## ਕਾਂਗਰਸ ਚੋਣ ਕਮੇਟੀ ਦਾ ਚੇਅਰਮੈਨ ਬਣਾਏ ਜਾਣ ਤੇ ਸਾਬਕਾ ਸਪੀਕਰ ਰਾਣਾ ਦਾ ਪਿੰਡ ਮਾਂਗੇਵਾਲ ਵਿਖੇ ਸਨਮਾਨ



ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਮਾਂਗੇਵਾਲ ਵਿਖੇ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਦੇ ਚੋਣ ਕਮੇਟੀ ਦੇ ਚੇਅਰਮੈਨ ਬਣਨ ਤੇ ਹੋਏ ਸਨਮਾਨ ਦੀ ਤਸਵੀਰ।

**ਸ੍ਰੀ ਅਨੰਦਪੁਰ ਸਾਹਿਬ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੰਵਰਪਾਲ ਸਿੰਘ ਦਾ ਕਾਂਗਰਸ ਪਾਰਟੀ ਵਲੋਂ ਪੰਜਾਬ ਚੋਣ ਕਮੇਟੀ ਦਾ ਚੇਅਰਮੈਨ ਬਣਾਏ ਜਾਣ ਤੇ ਪਿੰਡ ਮਾਂਗੇਵਾਲ ਵਿਖੇ ਬਾਬਾ ਦਿਲਬਾਗ ਮੁਹੰਮਦ ਸ਼ਾਹ ਵਲੋਂ ਸੀਨੀਅਰ ਕਾਂਗਰਸੀ ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ ਅਤੇ ਸੀਨੀਅਰ ਲੀਡਰਸ਼ਿਪ ਦੀ ਹਾਜਰੀ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਪਿੰਡ ਹੋਏ ਚੋਣ ਜਲਸੇ ਨੂੰ ਸਬੋਧੰਨ ਕਰਦਿਆਂ ਸਾਬਕਾ ਸਪੀਕਰ ਰਾਣਾ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਜਿਨ੍ਹਾ ਵਿਕਾਸ ਕਾਂਗਰਸ ਪਾਰਟੀ ਨੇ ਕੀਤਾ ਹੈ। ਉਨ੍ਹਾਂ ਵਿਕਾਸ ਕਿਸੇ ਵੀ ਸਰਕਾਰ ਨੇ ਨਹੀਂ ਕੀਤਾ।

ਉਹਨਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਭਲਾਈ ਅਤੇ ਸਰਬਪੱਖੀ ਵਿਕਾਸ ਲਈ ਕਾਂਗਰਸੀ ਉਮੀਦਵਾਰ ਵਿਜੇ ਇੰਦਰ ਸਿੰਗਲਾ ਨੂੰ ਵੋਟਾਂ ਪਾਈਆਂ ਜਾਣ।

ਇਸ ਮੌਕੇ ਸਾਬਕਾ ਚੇਅਰਮੈਨ ਰਮੇਸ਼ ਚੰਦਰ ਦਸਗਰਾਈਂ, ਕਮਲ ਦੇਵ ਜ਼ੋਸੀ, ਬਲਾਕ ਪ੍ਰਧਾਨ ਪ੍ਰੇਮ ਸਿੰਘ ਬਾਸੋਵਾਲ, ਤਰਲੋਚਨ ਸਿੰਘ, ਜ਼ਸਵਿੰਦਰ ਕੌਰ, ਬਾਬਾ ਅਮਰ ਸਿੰਘ, ਰਜਿੰਦਰ ਸਿੰਘ ਸੈਣੀ, ਸੁਰੇਸ਼ ਜ਼ੋਸੀ, ਐਡ. ਗਗਨ ਬਸੀ, ਅਰੂਣਦੀਪ ਸੋਨੂੰ, ਜ਼ਸਵੀਰ ਸਿੰਘ ਮਿਨਹਾਸ, ਸੁਰੇਸ਼ ਜ਼ੋਸੀ, ਗੁਰਚਰਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਹਾਜਰ ਸਨ।

## ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਨੂੰ ਭਾਰੀ ਬਹੁਮਤ ਨਾਲ ਜਿਤਾਉ : ਗੁੜੀਆ ਸ਼ਰਮਾ

**ਪਾਤੜਾਂ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪਾਤੜਾਂ ਵਿਖੇ ਲੋਕ ਸਭਾ ਹਲਕਾ ਪਟਿਆਲਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਐਨ. ਕੇ. ਸ਼ਰਮਾ. ਦੇ ਭੈਣ ਗੁੜੀਆਂ ਸ਼ਰਮਾ ਨੇ ਪਾਤੜਾਂ ਵਿਖੇ ਵਾਰਡ ਨੰਬਰ 12 ਦੇ ਸ਼ਹਿਰੀ ਪ੍ਰਧਾਨ ਟੂ ਦੇ ਵਿਸ਼ਾਲ ਗੋਇਲ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਦੀ ਗਵਾਹੀ ਵਿੱਚ ਚੋਣਾਂ ਨੂੰ ਲੈ ਕੇ ਵਾਰਡ ਨੰਬਰ 12 ਵਿੱਚ ਐਨ ਕੇ ਸ਼ਰਮਾ ਦੇ ਭਰਜਾਈ ਜੋਤੀ ਸ਼ਰਮਾ ਅਤੇ ਭੈਣ ਗੁੜੀਆ ਸ਼ਰਮਾ ਨੇ ਬੀਬੀਆਂ ਨਾਲ ਭਾਰੀ ਮੀਟਿੰਗ ਕੀਤੀ ਜਿਸ ਵਿੱਚ ਬੀਬੀਆਂ ਨੇ ਐਨ ਕੇ ਸ਼ਰਮਾ ਭੈਣ ਤੇ ਭਰਜਾਈ ਨੂੰ ਵਿਸ਼ਵਾਸ ਦਵਾਇਆ ਕਿ ਅਸੀਂ ਵਾਰਡ ਨੰਬਰ 12 ਵਿੱਚੋਂ ਵਿਸਾਲ ਗੋਇਲ ਦੀ ਗਵਾਹੀ ਵਿੱਚ ਐਨ ਕੇ ਸ਼ਰਮਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗਾ ਇਸ ਮੌਕੇ ਪ੍ਰਧਾਨ ਗੋਬਿੰਦ ਸਿੰਘ ਵਿਰਦੀ, ਅੰਜਲੀ ਗੋਇਲ, ਸੋਨੀਆ ਗੋਇਲ, ਮੀਨਾ ਗਰਗ, ਊਸ਼ਾ ਪੋਪੀ, ਸਸੀ ਗਰਗ ਬੀਨਾ ਗਰਗ,ਨਰਿੰਦਰ ਸਿੰਘ ਬਜਾਜ, ਮੰਗਾ ਸਿੰਘ ਲਖਵਿੰਦਰ ਸਿੰਘ ਲੱਖਾ, ਵੱਡੀ ਗਿਣਤੀ ਵਿੱਚ ਬੀਬੀਆਂ ਮੌਜੂਦ ਸਨ।

## ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਨੇ ਪ੍ਰਗਟਾਇਆ ਦੁੱਖ

ਅੰਮ੍ਰਿਤਸਰ 22 ਮਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਗਿਆਨੀ ਸੁਖਚੈਨ ਸਿੰਘ ਸਿੱਖੀ ਪ੍ਰਚਾਰ ਦੇ ਖੇਤਰ ਵਿਚ ਸੇਵਾਵਾਂ ਨਿਭਾਅ ਰਹੇ ਸਨ,



ਜਿਨ੍ਹਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਪੰਥ ਅਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਨਮਿਤ ਅਰਦਾਸ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸਕੱਤਰ ਸ. ਪ੍ਰਤਾਪ ਸਿੰਘ, ਓ.ਐੱਸ.ਡੀ. ਸ. ਸਤਬੀਰ ਸਿੰਘ ਧਾਮੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਵੀ ਗਿਆਨੀ ਸੁਖਚੈਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਪ੍ਰਗਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## ਟੇਲਾਂ 'ਤੇ ਨੌਜਵਾਨ ਦੀ ਲਾਸ਼ ਬਰਾਮਦ

ਅਬੋਹਰ 22 ਮਈ। ਅੱਜ ਸਵੇਰੇ ਨੇੜਲੇ ਪਿੰਡ ਉਸਮਾਨਖੇੜਾ ਦੀਆਂ ਟੇਲਾਂ ਵਿਚੋਂ ਇਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ ਹੈ। ਸਮਾਜਸੇਵੀ ਸੰਸਥਾ ਨਰ ਸੇਵਾ ਨਰਾਇਣ ਸੇਵਾ ਸੰਮਤੀ ਦੇ ਮੈਂਬਰਾਂ ਨੇ ਕੱਲਰਖੇੜਾ ਚੌਂਕੀ ਪੁਲਸ ਦੀ ਹਾਜ਼ਰੀ 'ਚ ਲਾਸ਼ ਨੂੰ ਪਛਾਣ ਅਤੇ ਪੋਸਟਮਾਰਟਮ ਲਈ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਹੈ। ਜਾਣਕਾਰੀ ਅਨੁਸਾਰ ਨਰ ਸੇਵਾ ਨਰਾਇਣ ਸੇਵਾ ਸੰਮਤੀ ਦੇ ਮੈਂਬਰ ਪ੍ਰਧਾਨ ਰਾਜੂ ਚਰਾਇਆ ਨੂੰ ਅੱਜ ਨਹਿਰ 'ਚ ਲਾਸ਼ ਪਈ ਹੋਣ ਦੀ ਸੂਚਨਾ ਮਿਲੀ, ਜਿਸ 'ਤੇ ਸੰਮਤੀ ਮੈਂਬਰ ਸੋਨੂੰ ਗਰੋਵਰ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਬਾਹਰ ਕੱਢਿਆ। ਸੰਮਤੀ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 24-25 ਸਾਲ ਹੈ ਅਤੇ ਮ੍ਰਿਤਕ ਨੇ ਸਲੇਟੀ ਰੰਗ ਦਾ ਪਜਾਮਾ, ਲਾਲ-ਨੀਲੇ ਰੰਗ ਦੀ ਟੀ-ਸ਼ਰਟ ਪਾਈ ਹੋਈ ਹੈ। ਕੱਲਰਖੇੜਾ ਚੌਂਕੀ ਦੇ ਹੌਲਦਾਰ ਰੌਬਿਨ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਮੁਰਦਾਘਰ 'ਚ ਰਖਵਾਇਆ ਅਤੇ ਆਸ-ਪਾਸ ਦੇ ਲੋਕਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ।

# ਆਡੀਓ ਲੀਕ ਮਾਮਲੇ 'ਚ ਬਿੱਟੂ ਨੇ ਤੋੜੀ ਚੁੱਪੀ, ਕਿਹਾ- 'ਬੈਂਸ ਤੋਂ ਕਾਂਗਰਸ ਕਰਵਾ ਰਹੀ ਅਜਿਹੇ ਕੰਮ'

**ਕਿਸ਼ਨ ਪਾਲ**

ਲੁਧਿਆਣਾ 22 ਮਈ। ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਸਾਬਕਾ ਵਿਧਾਇਕ ਸਿਮਰਜੀਤ ਬੈਂਸ ਵੱਲੋਂ ਆਡੀਓ ਵਾਇਰਲ ਕਰਨ ਨੂੰ ਲੈ ਕੇ ਐੱਮ.ਪੀ. ਰਵਨੀਤ ਬਿੱਟੂ ਨੇ ਆਪਣੀ ਚੁੱਪ ਤੋੜ ਦਿੱਤੀ ਹੈ। ਉਨ੍ਹਾਂ ਨੇ ਇਸ ਮਾਮਲੇ 'ਚ ਆਈ.ਟੀ. ਸੈੱਲ 'ਚ ਸ਼ਿਕਾਇਤ ਦਰਜ ਕਰਵਾਉਣ ਦੀ ਗੱਲ ਕਹੀ ਹੈ। ਜ਼ਿਕਰਯੋਗ ਹੈ ਕਿ ਬੈਂਸ ਵੱਲੋਂ ਇਹ ਕਹਿ ਕੇ ਆਡੀਓ ਵਾਇਰਲ ਕੀਤੀ ਗਈ ਹੈ ਕਿ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਜਬਰ-ਜਨਾਹੀ ਦੱਸ ਕੇ ਨਿਸ਼ਾਨਾ ਬਣਾਉਣ ਵਾਲੇ ਬਿੱਟੂ ਪਹਿਲਾਂ ਭਾਜਪਾ 'ਚ ਸ਼ਾਮਲ ਕਰਵਾਉਣ ਲਈ ਉਨ੍ਹਾਂ ਨਾਲ ਸੰਪਰਕ ਕਰ ਰਹੇ ਸਨ। ਇਸ ਆਡੀਓ 'ਚ ਬਿੱਟੂ ਆਪਣੀ ਪੁਰਾਣੀ ਪਾਰਟੀ ਕਾਂਗਰਸ ਦੇ ਨਾਲ ਭਾਜਪਾ ਦੇ ਸੀਨੀਅਰ ਨੇਤਾਵਾਂ ਤੋਂ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਵੀ ਟਿੱਪਣੀ ਕਰ ਰਹੇ ਹਨ। ਭਾਵੇਂ ਬਿੱਟੂ ਨੇ ਇਸ ਆਡੀਓ ਨੂੰ ਆਪਣਾ ਮੰਨਣ ਤੋਂ ਇਨਕਾਰ ਕਰ ਦਿੱਤਾ ਪਰ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਬੈਂਸ ਨਾਲ ਉਨ੍ਹਾਂ ਦਾ ਚੋਣਾਂ 'ਚ ਸਿੱਧਾ ਮੁਕਾਬਲਾ ਹੋਇਆ ਹੈ ਅਤੇ ਇਸ ਤੋਂ ਪਹਿਲਾਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ। ਹੁਣ ਬੈਂਸ ਕਾਂਗਰਸ 'ਚ ਸ਼ਾਮਲ ਹੋ ਗਏ ਹਨ ਤਾਂ ਪਾਰਟੀ ਉਨ੍ਹਾਂ ਤੋਂ ਇਸ ਤਰ੍ਹਾਂ ਦੇ ਕੰਮ ਕਰਵਾ ਰਹੀ ਹੈ। ਬਿੱਟੂ ਨੇ ਕਿਹਾ ਕਿ ਉਹ ਮੀਡੀਆ ਨਾਲ ਅਕਸਰ ਗੱਲ ਕਰਦੇ ਹਨ ਤਾਂ ਉਨ੍ਹਾਂ ਦੀ ਆਵਾਜ਼ ਦਾ ਸਿਸਟਮ ਦੀ ਮਦਦ ਨਾਲ ਕਿਤੇ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਕਾਂਗਰਸ ਇਸ ਤਰ੍ਹਾਂ ਦੇ ਕੰਮਾਂ 'ਚ ਮਾਹਿਰ ਹੈ। ਬਿੱਟੂ ਨੇ ਕਿਹਾ ਕਿ ਕਾਂਗਰਸ ਕੋਲ ਹੁਣ ਕੋਈ ਮੁੱਦਾ ਨਹੀਂ ਹੈ ਅਤੇ ਆਉਣ ਵਾਲੇ 10 ਦਿਨਾਂ ਦੌਰਾਨ ਇਸ ਤਰ੍ਹਾਂ ਦੀ ਹੋਰ ਆਡੀਓ ਵੀ ਵਾਇਰਲ ਹੋ ਸਕਦੀ



ਹੈ ਪਰ ਉਹ ਇਸ ਤਰ੍ਹਾਂ ਦੀ ਕਿਸੇ ਵੀ ਆਡੀਓ ਨੂੰ ਬਿਨਾਂ ਪੁਸ਼ਟੀ ਦੇ ਸ਼ੇਅਰ ਕਰਨ ਵਾਲੇ ਖਿਲਾਫ ਆਪਣੀ ਇਮੇਜ ਖਰਾਬ ਕਰਨ ਦੇ ਦੋਸ਼ 'ਚ ਕਾਰਵਾਈ ਕਰਵਾਉਣ ਲਈ ਪੁਲਸ ਦੇ ਆਈ.ਟੀ. ਸੈੱਲ 'ਚ ਸ਼ਿਕਾਇਤ ਦਰਜ ਕਰਵਾਉਣਗੇ, ਜਿਸ ਦੇ ਲਈ ਕਾਨੂੰਨੀ ਸਲਾਹ ਲਈ ਜਾ ਰਹੀ ਹੈ। ਇਸ ਮਾਮਲੇ 'ਚ ਬੈਂਸ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਬਿੱਟੂ ਇਹ ਆਡੀਓ ਰਿਕਾਰਡਿੰਗ ਫਰਜ਼ੀ ਹੋਣ ਦਾ ਦਾਅਵਾ ਕਰ ਰਹੇ ਹਨ, ਉਹ ਇਸ ਦੀ ਜਾਂਚ ਕਰਵਾ ਸਕਦੇ ਹਨ ਅਤੇ ਆਡੀਓ ਫਰਜ਼ੀ ਹੋਣ 'ਤੇ ਉਹ ਕੋਈ ਵੀ ਸਜਾ ਭੁਗਤਣ ਲਈ ਤਿਆਰ ਹਨ ਜਾਂ ਫਿਰ ਬਿੱਟੂ ਦੱਸੇ ਕਿ ਉਨ੍ਹਾਂ ਨੂੰ ਇਹ ਸਭ ਬੋਲਣ ਲਈ ਕੀ ਸਜਾ ਮਿਲਣੀ ਚਾਹੀਦੀ ਹੈ। ਇਸ ਦੌਰਾਨ ਲੁਧਿਆਣਾ ਤੋਂ ਉਮੀਦਵਾਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਵਾਇਰਲ ਆਡੀਓ ਨੂੰ ਲੈ ਕੇ ਬਿੱਟੂ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਬਿੱਟੂ ਦਾ ਦੋਗਲਾ ਚਿਹਰਾ ਸਾਫ ਹੋ ਗਿਆ ਹੈ ਕਿ ਉਹ ਕਿਸ ਤਰ੍ਹਾਂ ਨਵੀਂ ਪੁਰਾਣੀ ਪਾਰਟੀ ਦੇ ਨੇਤਾਵਾਂ ਖਿਲਾਫ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹਨ। ਰਾਜਾ ਵੜਿੰਗ ਨੇ ਕਿਹਾ ਕਿ ਜੇਕਰ ਬੈਂਸ ਭਾਜਪਾ 'ਚ ਸ਼ਾਮਲ ਹੋ ਜਾਂਦੇ ਸਨ ਠੀਕ ਸੀ ਅਤੇ ਹੁਣ ਕਾਂਗਰਸ 'ਚ ਜਾਣ 'ਤੇ ਉਨ੍ਹਾਂ ਨੂੰ ਜਬਰ-ਜਨਾਹੀ ਦੱਸ ਰਹੇ ਹਨ। ਇਸ ਮੁੱਦੇ 'ਤੇ ਬਿੱਟੂ ਨੂੰ ਲੁਧਿਆਣਾ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਜਾਂ ਚੋਣ ਮੈਦਾਨ 'ਚੋਂ ਹਟ ਜਾਣਾ ਚਾਹੀਦਾ ਹੈ।

## ਪੰਜਾਬ ਭਾਜਪਾ ਨੇ ਚੋਣ ਕਮਿਸ਼ਨ ਨੂੰ ਲਿਖੀ ਚਿੱਠੀ, ਵੋਟਾਂ ਦਾ ਸਮਾਂ ਵਧਾਉਣ ਦੀ ਕੀਤੀ ਮੰਗ

ਲੁਧਿਆਣਾ 22 ਮਈ। ਪੰਜਾਬ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਵੋਟਾਂ ਦਾ ਸਮਾਂ ਵਧਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਗਰਮੀ ਦਾ ਹਵਾਲਾ ਦਿੰਦਿਆਂ ਮੰਗ ਕੀਤੀ ਹੈ ਕਿ ਚੋਣਾਂ ਸਵੇਰੇ 1 ਘੰਟਾ ਪਹਿਲਾਂ ਸ਼ੁਰੂ ਕਰ ਕੇ 1 ਘੰਟਾ ਦੇਰੀ ਨਾਲ ਖਤਮ ਕੀਤੀਆਂ ਜਾਣ। ਚੋਣ ਕਮਿਸ਼ਨ ਨੂੰ ਲਿਖੀ ਚਿੱਠੀ



ਵਿਚ ਸੁਨੀਲ ਜਾਖੜ ਨੇ ਕਿਹਾ ਹੈ ਕਿ ਪੰਜਾਬ ਵਿਚ 1 ਜੂਨ ਨੂੰ ਵੋਟਿੰਗ ਹੋਣ ਜਾ ਰਹੀ ਹੈ, ਉਸ ਵੇਲੇ ਪੰਜਾਬ ਵਿਚ ਹੀਟ ਵੇਵ ਸਿਖਰਾਂ 'ਤੇ ਹੋਵੇਗੀ। ਇਸ ਕਾਰਨ ਵੋਟਰਾਂ ਨੂੰ ਧੁੱਪ ਵਿਚ ਵੋਟਿੰਗ ਕਰਨ ਵਿਚ ਪਰੇਸ਼ਾਨੀ ਆਵੇਗੀ। ਇਸ ਨਾਲ ਬਾਕੀਆਂ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਲਈ ਵੀ ਖ਼ਤਰਾ ਹੋ ਸਕਦਾ ਹੈ। ਜਾਖੜ ਨੇ ਪੰਜਾਬ ਭਾਜਪਾ ਵੱਲੋਂ ਮੰਗ ਕੀਤੀ ਹੈ ਕਿ ਵੋਟਾਂ ਦਾ ਸਮਾਂ ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤਕ ਕਰ ਦਿੱਤਾ ਜਾਵੇ, ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਵੋਟਿੰਗ ਹੋ ਸਕੇ।

## ਵਿਅਕਤੀ ਨੂੰ ਲੁਧਿਆਣੇ ਤੋਂ ਭਵਾਨੀਗੜ੍ਹ ਖਿੱਚ ਲਿਆਈ ਮੌਤ

ਭਵਾਨੀਗੜ੍ਹ 22 ਮਈ। ਰੋਜਗਾਰ ਦੀ ਭਾਲ ਦੇ ਬਹਾਨੇ ਇੱਕ ਵਿਅਕਤੀ ਨੂੰ ਉਸਦੀ ਮੌਤ ਲੁਧਿਆਣਾ ਤੋਂ ਭਵਾਨੀਗੜ੍ਹ ਖਿੱਚ ਲੈ ਆਈ। ਇੱਥੇ ਪਟਿਆਲਾ ਰੋਡ 'ਤੇ ਨੈਸ਼ਨਲ ਹਾਈਵੇ ਉੱਪਰ ਪੈਦਲ ਜਾਂਦੇ ਸਮੇਂ ਕਿਸੇ ਅਣਪਛਾਤੇ ਵਾਹਨ ਨੇ ਵਿਅਕਤੀ ਨੂੰ ਫੇਟ ਮਾਰ ਦਿੱਤੀ। ਹਾਦਸੇ 'ਚ ਗੰਭੀਰ ਜਖਮੀ ਹੋਏ ਵਿਅਕਤੀ ਦੀ ਹਸਪਤਾਲ ਪਹੁੰਚ ਤੋਂ ਪਹਿਲਾਂ ਹੀ ਮੌਤ ਹੋ ਗਈ। ਘਟਨਾ ਸਬੰਧੀ ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਸਬੰਧੀ ਅਕਸ਼ੈ ਕੁਮਾਰ ਵਾਸੀ ਅੰਮ੍ਰਿਤਸਰ ਹਾਲ ਅਬਾਦ ਭਵਾਨੀਗੜ੍ਹ ਨੇ ਪੁਲਸ ਨੂੰ ਸ਼ਿਕਾਇਤ 'ਚ ਦੱਸਿਆ ਕਿ ਉਹ ਢਾਬਿਆਂ 'ਤੇ ਨੌਕਰੀ ਕਰਦਾ ਹੈ ਅਤੇ ਲੰਘੀ 13 ਮਈ ਨੂੰ ਜਦੋਂ ਉਹ ਲੁਧਿਆਣਾ ਗਿਆ ਸੀ ਤਾਂ ਰੇਲਵੇ ਸਟੇਸ਼ਨ ਉਸਨੂੰ ਜੌਨੀ ਨਾਮ ਦਾ ਇਕ ਵਿਅਕਤੀ ਮਿਲਿਆ, ਜਿਸਨੇ ਦੱਸਿਆ ਕਿ ਉਸਦੇ ਪਰਿਵਾਰ 'ਚ ਕੋਈ ਨਹੀਂ ਹੈ ਅਤੇ ਉਹ ਇਸੇ ਤਰ੍ਹਾਂ ਚਲ ਫਿਰ ਕੇ ਕੰਮ ਕਰਦਾ ਹੈ। ਅਕਸ਼ੈ ਮੁਤਾਬਕ ਉਹ ਤਰਸ ਖਾ ਕੇ ਉਕਤ ਵਿਅਕਤੀ ਨੂੰ ਆਪਣੇ ਨਾਲ ਲੈ ਆਇਆ ਅਤੇ ਕਿਹਾ ਕਿ ਅਸੀਂ ਦੋਵੇਂ ਭਵਾਨੀਗੜ੍ਹ ਇਲਾਕੇ 'ਚ ਕਿਸੇ ਢਾਬੇ 'ਤੇ ਕੰਮ ਕਰ ਲਵਾਂਗੇ। ਸ਼ਿਕਾਇਤ 'ਚ ਅਕਸ਼ੈ ਨੇ ਅੱਗੇ ਦੱਸਿਆ ਕਿ ਬੀਤੀ 14 ਮਈ ਨੂੰ ਉਹ ਅਤੇ ਉਕਤ ਜੌਨੀ ਕੰਮ ਸਬੰਧੀ ਪਤਾ ਕਰਨ ਲਈ ਜਦੋਂ ਭਵਾਨੀਗੜ੍ਹ ਵਿਖੇ ਪਟਿਆਲਾ ਰੋਡ 'ਤੇ ਪੈਦਲ ਜਾ ਰਹੇ ਸੀ ਤਾਂ ਹਨੀ ਢਾਬੇ ਤੋਂ ਅੱਗੇ ਹਾਈਵੇਅ 'ਤੇ ਪਟਿਆਲਾ ਸਾਈਡ ਤੋਂ ਆਉਂਦੇ ਇਕ ਵਾਹਨ ਨੇ ਬੜੀ ਲਾਪਰਵਾਹੀ ਅਤੇ ਅਣਗਹਿਲੀ ਨਾਲ ਜੌਨੀ ਨੂੰ ਸਿੱਧੀ ਟੱਕਰ ਮਾਰ ਦਿੱਤੀ ਅਤੇ ਘਟਨਾ ਮਗਰੋਂ ਵਾਹਨ ਦਾ ਵਾਲਕ ਹਨ੍ਹੇਰੇ ਦਾ ਫਾਇਦਾ ਚੁੱਕ ਕੇ ਮੌਕੇ ਤੋਂ ਫਰਾਰ ਹੋ ਗਿਆ। ਹਾਦਸੇ ਦੌਰਾਨ ਜੌਨੀ ਦਾ ਸਿਰ ਸੜਕ ਨਾਲ ਜਾ ਟਕਰਾਇਆ ਅਤੇ ਉਸ ਦੀਆਂ ਲੱਤਾਂ ਵੀ ਟੁੱਟ ਗਈਆ, ਜਿਸਨੂੰ ਇਲਾਜ ਲਈ ਸੰਗਰੂਰ ਹਸਪਤਾਲ ਲਿਆਂਦਾ ਜਾ ਰਿਹਾ ਸੀ ਤਾਂ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਜੌਨੀ ਨੇ ਰਸਤੇ 'ਚ ਹੀ ਦਮ ਤੋੜ ਦਿੱਤਾ। ਪੁਲਸ ਨੇ ਮਾਮਲੇ ਸਬੰਧੀ ਅਕਸ਼ੈ ਦੇ ਬਿਆਨਾਂ 'ਤੇ ਅਣਪਛਾਤੇ ਚਾਲਕ ਵਿਰੁੱਧ ਕੇਸ ਦਰਜ ਕਰਕੇ ਉਸਦੀ ਭਾਲ ਆਰੰਭ ਦਿੱਤੀ ਹੈ।

## ਮਾਝਾ ਇਲਾਕੇ 'ਚ 'ਆਪ' ਨੂੰ ਵੱਡਾ ਝਟਕਾ, ਉੱਘੇ ਆਗੂ ਸੁਖਜਿੰਦਰ ਲਾਲੀ ਮਜੀਠੀਆ ਅਕਾਲੀ ਦਲ 'ਚ ਹੋਏ ਸ਼ਾਮਲ

**ਏਜੰਸੀਆਂ**

ਬਟਾਲਾ 22 ਮਈ। 'ਆਮ ਆਦਮੀ ਪਾਰਟੀ' ਨੂੰ ਮਾਝਾ ਖੇਤਰ ਵਿਚ ਵੱਡਾ ਝਟਕਾ ਲੱਗਾ ਹੈ, ਜਿੱਥੇ ਇਸ ਦੇ ਮਜੀਠਾ ਹਲਕੇ ਦੇ ਇੰਚਾਰਜ



ਸੁਖਜਿੰਦਰ ਸਿੰਘ ਲਾਲੀ ਮਜੀਠੀਆ ਆਪਣੇ ਸਮਰਥਕਾਂ ਸਣੇ ਸ਼੍ਰੋਮਣੀ ਅਕਾਲੀ ਦਲ ਵਿਚ ਸਾਮਲ ਹੋ ਗਏ ਹਨ। ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਲਾਲੀ ਮਜੀਠੀਆ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਕ ਵਿਰੋਧੀ ਜਿਸ ਨੇ ਹਮੇਸ਼ਾ ਉਨ੍ਹਾਂ ਦਾ ਡਟਵਾਂ ਵਿਰੋਧ ਕੀਤਾ, ਉਸ ਨੇ ਅਕਾਲੀ ਦਲ ਪਰਿਵਾਰ ਦਾ ਮੈਂਬਰ ਬਣਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਆਪਸੀ ਮਤਭੇਦ ਭੁਲਾ ਕੇ ਮਜੀਠਾ ਅਤੇ ਪੰਜਾਬ ਦੀ ਭਲਾਈ ਲਈ ਇਕਜੁੱਟ ਹੋ ਗਏ ਹਾਂ। ਉਨ੍ਹਾਂ ਨੇ ਇਸ ਮੌਕੇ ਉੱਘੇ ਆਗੂ ਕੋਲੋਂ ਜੇਕਰ ਜਾਣੇ ਅਣਜਾਣੇ ਵਿਚ ਉਨ੍ਹਾਂ ਦੀ ਸਾਨ ਖਿਲਾਫ ਕੋਈ ਗਲਤੀ ਹੋਈ ਹੋਵੇ ਤਾਂ ਉਸ ਦੀ ਮੁਆਫੀ ਵੀ ਮੰਗੀ। ਮਜੀਠੀਆ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਅਤੇ ਮਜੀਠਾ ਹਲਕੇ ਦੀ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਲਾਲੀ ਮਜੀਠਾ ਤੱਕ ਪਹੁੰਚ ਕਰਨ ਤੇ ਉਨ੍ਹਾਂ ਨੂੰ ਅਕਾਲੀ ਦਲ ਵਿਚ ਸਾਮਲ ਹੋਣ ਲਈ ਰਾਜੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਕਾਂਗਰਸ ਵਿਚ ਹੋਣ ਵੇਲੇ ਜਦੋਂ ਲਾਲੀ ਮਜੀਠੀਆ ਅਹਿਮ ਅਹੁਦੇ 'ਤੇ ਵੀ ਸਨ ਤਾਂ ਉਨ੍ਹਾਂ ਪੰਜਾਬ ਦੇ ਮੁੱਦਿਆਂ ਲਈ ਜੋਰਦਾਰ ਆਵਾਜ ਬੁਲੰਦ ਕੀਤੀ ਸੀ। ਬਿਕਰਮ ਸਿੰਘ ਮਜੀਠੀਆ ਵੱਲੋਂ ਨਿੱਘੇ ਸਵਾਗਤ 'ਤੇ ਮੋੜਵਾਂ ਸਤਿਕਾਰ ਦਿੰਦਿਆਂ ਲਾਲੀ ਮਜੀਠੀਆ ਨੇ ਕਿਹਾ ਕਿ ਮੈਨੂੰ ਬਹੁਤ ਖੁਸੀ ਹੈ ਕਿ ਮੈਂ ਉਸ ਪਰਿਵਾਰ ਵਿਚ ਵਾਪਸ ਆ ਗਿਆ ਹੈ ਜਿਸ ਦਾ ਮੇਰਾ ਪਰਿਵਾਰ ਦਹਾਕਿਆਂ ਪਹਿਲਾਂ ਮੈਂਬਰ ਰਿਹਾ ਹੈ। ਇਸ ਮੌਕੇ ਅੰਮ੍ਰਿਤਸਰ ਤੋਂ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸੀ ਵੀ ਹਾਜਰ ਸਨ, ਨੇ ਵੀ ਲਾਲੀ ਮਜੀਠੀਆ ਦਾ ਅਕਾਲੀ ਦਲ ਵਿਚ ਸਾਮਲ ਹੋਣ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸਰਦਾਰ ਲਾਲੀ ਮਜੀਠੀਆ ਨਾਲ ਅਕਾਲੀ ਦਲ ਵਿਚ ਸਾਮਲ ਹੋਣ ਵਾਲਿਆਂ ਵਿਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਡਾ. ਸੁਰਿੰਦਰਪਾਲ ਕੌਰ ਗਿੱਲ, ਜਸਮੀਤ ਸਿੰਘ, ਜਰਨੈਲ ਸਿੰਘ ਅਤੇ ਦਿਲਾਰ ਸਿੰਘ ਵੀ ਮੌਜੂਦ ਸਨ।

# ਰਵਨੀਤ ਬਿੱਟੂ ਦੇ ਭਾਜਪਾ 'ਚ ਜਾਣ 'ਤੇ ਇੰਝ ਲੱਗਾ, ਜਿਵੇਂ ਪੈਰਾਂ ਹੇਠੋਂ ਜਮੀਨ ਖਿਸਕ ਗਈ ਹੋਵੇ : ਬਾਜਵਾ

**ਏਜੰਸੀਆਂ**

ਜਲੰਧਰ 22 ਮਈ। ਕਾਂਗਰਸ ਛੱਡ ਕੇ ਅਚਾਨਕ ਭਾਜਪਾ 'ਚ ਸ਼ਾਮਲ ਹੋਣ ਵਾਲੇ ਰਵਨੀਤ ਸਿੰਘ ਬਿੱਟੂ ਨੂੰ ਲੈ ਕੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਬਿੱਟੂ ਦੇ ਭਾਜਪਾ 'ਚ ਜਾਣ ਦਾ ਪਤਾ ਲੱਗਿਆ ਤਾਂ ਇਹ ਬੇਹੱਦ ਹੈਰਾਨੀਜਨਕ ਸੀ, ਜਿਵੇਂ ਕਿ ਪੈਰਾਂ ਹੇਠੋਂ ਜਮੀਨ ਨਿਕਲ ਗਈ ਹੋਵੇ। 'ਜਗ ਬਾਣੀ' ਨੂੰ ਦਿੱਤੇ ਵਿਸ਼ੇਸ਼ ਇੰਟਰਵਿਊ ਦੌਰਾਨ ਸੀਨੀਅਰ ਪੱਤਰਕਾਰ ਰਮਨਦੀਪ ਸਿੰਘ ਸੋਢੀ ਨਾਲ ਗੱਲਬਾਤ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਜੇਕਰ ਸ. ਬੇਅੰਤ ਸਿੰਘ ਦਾ ਪਰਿਵਾਰ ਕਾਂਗਰਸ 'ਚ ਖੁਸ਼ ਨਹੀਂ ਹੋ ਸਕਦਾ ਤਾਂ ਫਿਰ ਹੋਰ ਕਿਹੜਾ ਖੁਸ਼ ਹੋ ਸਕਦਾ ਹੈ। ਬਾਜਵਾ ਨੇ ਦੱਸਿਆ ਕਿ ਸ. ਬੇਅੰਤ ਸਿੰਘ ਦੇ ਜਾਣ ਮਗਰੋਂ ਲੋਕ ਸਭਾ ਚੋਣਾਂ ਆਈਆਂ ਤਾਂ ਰਵਨੀਤ ਬਿੱਟੂ ਦੀ ਦਾਦੀ ਜਸਵੰਤ ਕੌਰ ਨੂੰ ਲੋਕ ਸਭਾ ਚੋਣਾਂ 'ਚ ਖੜ੍ਹਾ ਕੀਤਾ ਗਿਆ। ਇਸ ਤੋਂ ਬਾਅਦ ਬਿੱਟੂ ਦੇ ਤਾਇਆ ਤੇਜ ਪ੍ਰਕਾਸ਼ ਸਿੰਘ ਨੂੰ ਸ. ਬੇਅੰਤ ਸਿੰਘ ਦੀ ਜਲੰਧਰ ਕੈਂਟ ਦੀ ਸੀਟ ਤੋਂ ਵਿਧਾਇਕ ਲਿਆਂਦਾ ਅਤੇ ਕੈਬਨਿਟ ਮੰਤਰੀ ਬਣਾਇਆ। ਰਵਨੀਤ ਬਿੱਟੂ ਦੇ ਭੂਆ ਗੁਰਕੰਵਲ ਕੌਰ ਵੀ ਮੰਤਰੀ ਰਹਿ ਚੁੱਕੇ ਹਨ। ਇਸ ਤੋਂ ਬਾਅਦ ਗੁਰਕੀਰਤ ਸਿੰਘ ਨੂੰ ਮੰਤਰੀ ਬਣਾਇਆ ਗਿਆ। ਬਾਜਵਾ ਨੇ ਕਿਹਾ ਕਿ ਜਦੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਨੀਤ ਬਿੱਟੂ ਹਾਰਨ ਵਾਲੇ ਸੀ ਤਾਂ ਮੈਂ ਪ੍ਰਧਾਨ ਸੀ ਤਾਂ



ਉਸ ਸਮੇਂ ਬਿੱਟੂ ਬਹੁਤ ਘਬਰਾ ਗਿਆ ਸੀ ਕਿਉਂਕਿ ਉਸ ਨੇ 5 ਸਾਲ ਕਿਸੇ ਦਾ ਕੰਮ ਨਹੀਂ ਕੀਤਾ ਅਤੇ ਲੁਧਿਆਣਾ ਵਾਪਸ ਜਾਣਾ ਚਾਹੁੰਦਾ ਸੀ। ਉਸ ਦੌਰਾਨ ਮਨੀਸ਼ ਤਿਵਾੜੀ ਦੇ ਇਨਕਾਰ ਕਰਨ ਕਾਰਨ ਲੁਧਿਆਣਾ ਸੀਟ ਖਾਲੀ ਹੋ ਗਈ ਸੀ। ਹੁਣ ਜੇਕਰ ਰਵਨੀਤ ਬਿੱਟੂ ਐਗਜ਼ਿਟ ਡੋਰ ਰਾਹੀਂ ਖਿਸਕਣਾ ਚਾਹੁੰਦਾ ਹੈ ਤਾਂ ਫਿਰ ਕੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੱਧ ਫਿਰ ਹੁਣ ਇਸ ਪਰਿਵਾਰ ਨੂੰ ਕੀ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਰਵਨੀਤ ਬਿੱਟੂ ਨੂੰ ਈ. ਡੀ. ਦਾ ਕੋਈ ਡਰ ਨਹੀਂ ਸੀ ਕਿਉਂਕਿ ਇਸ ਦੇ ਕੇਸ ਨਹੀਂ ਚੱਲਦੇ ਸਨ। ਉਨ੍ਹਾਂ ਕਿਹਾ ਕਿ ਸੈਂਟਰ ਸਰਕਾਰਾਂ ਭਾਵੇਂ ਉਹ ਕਾਂਗਰਸ ਹੀ ਕਿਉਂ ਨਾ ਹੋਵੇ, ਇਹੋ ਜਿਹਾ ਆਗੂ ਲੱਭ ਕੇ ਰੱਖਦੀਆਂ ਹਨ, ਜਿਸ ਤੋਂ ਕਦੇ ਵੀ ਕਿਸੇ ਵੀ ਸਮੇਂ ਸਿੱਖਾਂ ਦੇ ਖ਼ਿਲਾਫ ਬਿਆਨ ਦਿਵਾਇਆ ਜਾ ਸਕੇ। ਇਸ ਲਈ ਇਨ੍ਹਾਂ ਨੂੰ ਪੱਗ ਵਾਲੇ ਨੁਮਾਇੰਦੇ ਦੀ ਲੋੜ ਹੁੰਦੀ ਹੈ। ਉਹ ਵੇਖਣ 'ਚ ਤਾਂ ਸਿੱਖ ਲੱਗਦਾ ਹੋਵੇ ਪਰ ਉਸ ਦੇ ਕਾਰਨਾਮੇ ਐਂਟੀ ਸਿੱਖ ਹੋਣ। ਬਾਜਵਾ ਨੇ ਇੱਥੇ ਸਿਮਰਜੀਤ ਬੈਂਸ ਨਾਲ ਰਵਨੀਤ ਬਿੱਟੂ ਦੀ ਆਡੀਓ ਵਾਲਾ ਮੁੱਦਾ ਵੀ ਚੁੱਕਿਆ। ਉਨ੍ਹਾਂ ਕਿਹਾ ਕਿ ਆਡੀਓ 'ਚ ਰਵਨੀਤ ਬਿੱਟੂ ਸਾਫ ਕਹਿ ਰਿਹਾ ਹੈ ਕਿ ਭਾਵੇਂ ਨਕਲੀ ਪੱਗ ਹੀ ਬੰਨ੍ਹ ਕੇ ਚਲੇ ਜਾਓ, ਨਰਿੰਦਰ ਮੋਦੀ ਉਸ ਨੂੰ ਜੱਫੀਆਂ ਬੜੀਆਂ ਪਾਉਂਦੇ ਨੇ।

## 2 ਭੈਣਾਂ ਦੇ ਇਕਲੌਤੇ ਭਰਾ ਨਾਲ ਵਾਪਰੀ ਅਣਹੋਣੀ, ਟਰੈਕਟਰ ਨਾਲ ਦਰੜੇ ਜਾਣ ਕਾਰਨ ਹੋਈ ਦਰਦਨਾਕ ਮੌਤ

**ਏਜੰਸੀਆਂ**

ਮੌੜ ਮੰਡੀ 22 ਮਈ। ਬਠਿੰਡਾ ਜ਼ਿਲ੍ਹੇ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਬੀਤੇ ਦਿਨ ਪਿੰਡ ਚਨਾਰਥਲ ਖਾਨਾ ਦੇ ਗੁਰਸੇਵਕ ਸਿੰਘ ਪੁੱਤਰ ਕਰਮਜੀਤ ਸਿੰਘ (24) ਦੀ ਟਰੈਕਟਰ ਟਰਾਲੀ ਨਾਲ ਦਰੜੇ ਜਾਣ ਕਾਰਨ ਹੋਈ ਮੌਤ ਹੋ ਗਈ। ਇਸ ਉਪਰੰਤ ਥਾਣਾ ਕੋਟਫ਼ੱਤਾ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਮ੍ਰਿਤਕ ਗੁਰਸੇਵਕ ਸਿੰਘ ਦੇ ਪਿਤਾ ਕਰਮਜੀਤ ਸਿੰਘ ਨੇ ਥਾਣਾ ਕੋਟਫੱਤਾ ਵਿਖੇ ਬਿਆਨ ਦਰਜ ਕਰਵਾਏ ਹਨ ਕਿ ਉਸ ਦਾ ਪੁੱਤਰ ਗੁਰਸੇਵਕ ਸਿੰਘ ਆਪਣੇ ਮੋਟਰ ਸਾਈਕਲ 'ਤੇ ਖੇਤ ਜਾ ਰਿਹਾ ਸੀ ਅਤੇ ਉਹ ਖੁਦ ਅਤੇ ਉਸ ਦਾ ਭਤੀਜਾ ਕਾਕਾ ਸਿੰਘ ਉਸ ਦੇ ਪਿੱਛੇ ਹੀ ਦੂਜੇ ਮੋਟਰ ਸਾਈਕਲ 'ਤੇ ਖੇਤ ਜਾ ਰਹੇ ਸੀ। ਉਸ ਨੇ ਅੱਗੇ ਦੱਸਿਆ ਕਿ ਜਦ ਗੁਰਸੇਵਕ, ਰਾਮਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਦੇ ਘਰ ਕੋਲ ਪੁੱਜਾ ਤਾਂ ਸਤਵੀਰ ਸਿੰਘ ਨੇ ਲਾਪ੍ਰਵਾਹੀ ਨਾਲ ਘਰ ਦੇ ਪਿਛਲੇ ਪਾਸਿਓਂ ਤੇਜ਼ੀ ਨਾਲ ਟਰੈਕਟਰ ਲਿਆ ਕੇ ਗੁਰਸੇਵਕ ਦੇ ਮੋਟਰਸਾਈਕਲ 'ਚ ਸਿੱਧਾ ਮਾਰਿਆ, ਜਿਸ ਕਾਰਨ ਗੁਰਸੇਵਕ ਸਿੰਘ ਬੁਰੀ ਤਰ੍ਹਾ ਜ਼ਖ਼ਮੀ ਹੋ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਪੁਲਸ ਪ੍ਰਸ਼ਾਸ਼ਨ ਅਤੇ ਪੰਜਾਬ ਸਰਕਾਰ ਤੋਂ ਸਤਵੀਰ ਸਿੰਘ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ। ਮ੍ਰਿਤਕ ਦੇ ਰਿਸ਼ਤੇਦਾਰ ਜਗਦੀਪ ਸਿੰਘ ਜੋਧਪੁਰ ਪਾਖਰ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਗੁਰਸੇਵਕ ਸਿੰਘ ਆਪਣੇ ਘਰ 'ਚ ਦੋ ਭੈਣਾ ਦਾ ਇਕਲੌਤਾ ਭਰਾ ਸੀ ਅਤੇ ਘਰ ਦੀ ਪੂਰੀ ਜਿੰਮੇਵਾਰੀ ਖੁਦ ਸੰਭਾਲਦਾ ਸੀ ਅਤੇ ਪ੍ਰਾਈਵੇਟ ਤੌਰ 'ਤੇ ਵਾਟਰ ਵਰਕਸ ਦੀ ਨੌਕਰੀ ਵੀ ਕਰਦਾ ਸੀ। ਹੁਣ ਉਸ ਦੀ ਮੌਤ ਨਾਲ ਗੁਰਸੇਵਕ ਸਿੰਘ ਦਾ ਪਰਿਵਾਰ ਹਰ ਪੱਖੋਂ ਖਤਮ ਹੋ ਗਿਆ ਹੈ। ਉਨ੍ਹਾਂ ਪੁਲਸ ਪ੍ਰਸ਼ਾਸ਼ਨ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿੰਡਾਂ 'ਚ ਇਸ ਤਰ੍ਹਾਂ ਤੇਜ਼ ਰਫ਼ਤਾਰ ਨਾਲ ਚੱਲਦੇ ਟਰੈਕਟਰ ਟਰਾਲੀਆਂ ਤੇ ਸਿਕੰਜ਼ਾ ਕਸਿਆ ਜਾਵੇ ਅਤੇ ਲਾਪ੍ਰਵਾਹੀ ਨਾਲ ਟਰੈਕਟਰ ਟਰਾਲੀ ਚਲਾਉਣ ਵਾਲੇ ਸਤਵੀਰ ਸਿੰਘ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਲਾਪ੍ਰਵਾਹੀ ਨਾਲ ਵਾਹਣ ਚਲਾਉਣ ਵਾਲਿਆਂ ਨੂੰ ਸਬਕ ਮਿਲ ਸਕੇ ਅਤੇ ਅਣਮੋਲ ਜਿੰਦਾਂ ਨੂੰ ਮੌਤ ਦੇ ਮੂੰਹ 'ਚ ਜਾਣ ਤੋਂ ਬਚਾਇਆ ਜਾ ਸਕੇ।

# ਅੰਤਾਂ ਦੀ ਗਰਮੀ 'ਚ ਪੰਜਾਬੀਆਂ ਸਾਹਮਣੇ ਖੜ੍ਹੀ ਹੋਈ ਵੱਡੀ ਚਿੰਤਾ

ਚੰਡੀਗੜ੍ਹ 22 ਮਈ। ਪੰਜਾਬ 'ਚ 'ਲੂ' ਦੇ ਕਹਿਰ ਨੇ ਲੋਕਾਂ ਦਾ ਜਿਊਣਾ ਮੁਸ਼ਕਲ ਕਰ ਛੱਡਿਆ ਹੈ। ਮੌਸਮ ਵਿਭਾਗ ਵਲੋਂ ਸੂਬੇ ਦੇ 4 ਜ਼ਿਲ੍ਹਿਆਂ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ 'ਚ ਗਰਮੀ ਨੂੰ ਲੈ ਕੇ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਸੂਬੇ 'ਚ ਇਸ ਸਮੇਂ ਹੱਦੋਂ ਵੱਧ ਗਰਮੀ ਪੈ ਰਹੀ ਹੈ ਅਤੇ ਮੌਸਮ ਮਾਹਿਰਾਂ ਵਲੋਂ ਅੰਦਾਜਾ ਲਾਇਆ ਜਾ ਰਿਹਾ ਹੈ ਕਿ ਸੂਬੇ ਦੇ ਤਾਪਮਾਨ 49 ਡਿਗਰੀ ਤੱਕ ਪੁੱਜਣ ਦੀ ਸੰਭਾਵਨਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਪੰਜਾਬ 'ਚ ਗਰਮੀ ਦਾ ਪਿਛਲੇ 46 ਸਾਲਾਂ ਦਾ ਰਿਕਾਰਡ ਟੁੱਟ ਜਾਵੇਗਾ। ਮੌਸਮ ਵਿਭਾਗ ਦੇ ਮੁਤਾਬਕ ਪੰਜਾਬ ਦੇ ਜ਼ਿਲ੍ਹਿਆਂ 'ਚ 25 ਮਈ ਨੂੰ ਤਾਪਮਾਨ 48 ਡਿਗਰੀ ਤੱਕ ਪਹੁੰਚ ਜਾਵੇਗਾ ਪਰ ਇਹ ਵਾਧਾ ਇੱਥੇ ਹੀ ਰੁਕਣ ਵਾਲਾ ਨਹੀਂ ਹੈ। 26 ਅਤੇ 27 ਮਈ ਨੂੰ ਤਾਪਮਾਨ 49 ਡਿਗਰੀ ਤੱਕ ਪਹੁੰਚ ਜਾਵੇਗਾ। ਜੇਕਰ ਅਜਿਹਾ ਹੁੰਦਾ ਹੈ ਤਾਂ ਇਹ 46 ਸਾਲ ਪਹਿਲਾਂ 47.7 ਡਿਗਰੀ ਤਾਪਮਾਨ ਵਲੋਂ ਕਰੀਬ 1 ਡਿਗਰੀ ਵੱਧ ਹੋਵੇਗਾ। ਜਿੱਥੇ ਮੌਸਮ ਵਿਭਾਗ ਨੇ ਸੂਬੇ ਦੇ 4 ਜ਼ਿਲ੍ਹਿਆਂ 'ਚ ਰੈੱਡ ਅਲਰਟ ਜਾਰੀ ਕੀਤਾ ਹੈ, ਉੱਥੇ ਹੀ 7 ਜ਼ਿਲ੍ਹਿਆਂ ਨੂੰ ਆਰੇਂਜ ਅਲਰਟ 'ਤੇ ਰੱਖਿਆ ਗਿਆ ਹੈ। ਇਹ ਅਲਰਟ ਅੰਮ੍ਰਿਤਸਰ, ਤਰਨਤਾਰਨ, ਫਿਰੋਜਪੁਰ, ਫਰੀਦਕੋਟ, ਮੋਗਾ, ਬਰਨਾਲਾ ਅਤੇ ਸੰਗਰੂਰ 'ਚ ਜਾਰੀ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ 'ਚ ਤਾਪਮਾਨ 45 ਡਿਗਰੀ ਦੇ ਆਸ-ਪਾਸ ਰਹਿਣ ਦਾ ਅੰਦਾਜਾ ਹੈ। ਇਸ ਦੇ ਨਾਲ ਹੀ ਬਾਕੀ ਸਾਰੇ 12 ਜ਼ਿਲ੍ਹਿਆਂ 'ਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਮੁਤਾਬਕ ਅਜੇ ਗਰਮੀ ਹੋਰ ਵਧੇਗੀ। ਸਥਿਤੀ ਇਹ ਹੈ ਕਿ ਦਿਨ ਦੇ ਨਾਲ-ਨਾਲ ਰਾਤ ਨੂੰ ਵੀ ਗਰਮੀ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਖਾਸ ਕਰਕੇ ਦੁਪਹਿਰ ਵੇਲੇ ਤਾਂ ਸੜਕਾਂ ਤੇ ਬਾਜ਼ਾਰ ਖਾਲੀ ਨਜ਼ਰ ਆਉਂਦੇ ਹਨ, ਜਦੋਂ ਕਿ ਸਾਮ ਵੇਲੇ ਆਦਰਸ਼ ਨਗਰ ਤੇ ਮਾਡਲ ਟਾਊਨ ਦੀ ਚੌਪਾਟੀ 'ਚ ਵੀ ਰੌਣਕ ਘੱਟ ਗਈ ਹੈ। ਕਾਰਨ ਇਹ ਹੈ ਕਿ ਹਰ ਕੋਈ ਭਿਆਨਕ ਗਰਮੀ ਨਾਲ ਜੂਝ ਰਿਹਾ ਹੈ ਤੇ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਗੁਰੇਜ ਕਰ ਰਹੇ ਹਨ।

## ਇਮੀਗ੍ਰੇਸ਼ਨ ਕੰਪਨੀ ਦੀ ਮਾਲਕ ਕੁੜੀ ਦੀ ਕਾਰ ਨੂੰ ਲਗਾਈ ਅੱਗ

ਖੰਨਾ 22 ਮਈ। ਖੰਨਾ 'ਚ ਇਕ ਇਮੀਗ੍ਰੇਸ਼ਨ ਕੰਪਨੀ ਦੀ ਮਾਲਕ ਲੜਕੀ ਦੇ ਘਰ ਦੇ ਬਾਹਰ ਖੜ੍ਹੀ ਕਾਰ ਨੂੰ ਇਕ ਵਿਅਕਤੀ ਨੇ ਅੱਗ ਲਗਾ ਦਿੱਤੀ। ਦਰਅਸਲ ਇਕ ਵਿਅਕਤੀ ਦੀ ਬੇਟੀ ਦੇ ਸਟੱਡੀ ਵੀਜੇ ਦੀ ਫਾਈਲ ਨਾ ਲੱਗਣ ਕਾਰਣ ਉਸਨੇ ਕਾਰ ਨੂੰ ਅੱਗ ਲਗਾਈ ਹੈ। ਇਸਦੀ ਵੀਡੀਓ ਵੀ ਸਾਹਮਣੇ ਆਈ ਹੈ। ਮਾਮਲੇ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜਮ ਨੂੰ ਕਾਬੂ ਕਰ ਲਿਆ ਹੈ। ਪੀੜਤ ਪਰਿਵਾਰਕ ਮੈਂਬਰ ਚਰਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਕਿਸੇ ਵਿਅਕਤੀ ਨਾਲ ਰੰਜਿਸ ਚੱਲਦੀ ਆ ਰਹੀ ਸੀ ਤਾਂ ਉਸਨੇ ਪੈਸੇ ਦੇ ਕੇ ਦੋ ਵਿਅਕਤੀਆਂ ਤੋਂ ਇਸ ਘਟਨਾ ਨੂੰ ਅੰਜਾਮ ਦਿਵਾਇਆ ਹੈ। ਅੱਗ ਲਗਾਉਣ ਦੀ ਇਹ ਘਟਨਾ ਸੀ. ਸੀ. ਟੀ. ਵੀ. ਵਿਚ ਵੀ ਕੈਦ ਹੋ ਗਈ ਹੈ। ਉਥੇ ਹੀ ਡੀ. ਐੱਸ. ਪੀ. ਹਰਜਿੰਦਰ ਸਿੰਘ ਗਿੱਲ ਨੇ ਕਿਹਾ ਕਿ ਇਸ ਘਟਨਾ ਸੰਬੰਧੀ 10 ਕਿਲੋਮੀਟਰ ਇਲਾਕੇ 'ਚ ਕੈਮਰੇ ਦੇਖੇ ਗਏ ਤਾਂ ਸਾਰੀ ਪੋਲ ਖੁੱਲ੍ਹ ਗਈ। ਮਾਮਲੇ ਵਿਚ ਇਕ ਦੋਸੀ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ, ਜਿਸ 'ਤੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਫੇਸਬੁੱਕ-ਇੰਸਟਾਗ੍ਰਾਮ ਨੇ ਚੋਣਾਂ ਦੌਰਾਨ ਨਫਰਨ ਫੈਲਾਉਣ ਵਾਲੇ ਇਸ਼ਤਿਹਾਰਾਂ ਰਾਹੀਂ ਕੀਤੀ ਮੋਟੀ ਕਮਾਈ

**ਸਰਦੂਲ ਸਿੰਘ**

ਗੈਜੇਟ ਡੈਸਕ 22 ਮਈ। ਆਮ ਚੋਣਾਂ ਵਿੱਚ ਸੋਸਲ ਮੀਡੀਆ ਪਲੇਟਫਾਰਮਾਂ ਦੀ ਦੁਰਵਰਤੋਂ ਦਾ ਖਦਸ਼ਾ ਸੱਚ ਸਾਬਤ ਹੋਇਆ ਹੈ। ਫੇਸਬੁੱਕ ਅਤੇ ਇੰਸਟਾਗ੍ਰਾਮ ਵਰਗੇ ਸੋਸਲ ਮੀਡੀਆ ਪਲੇਟਫਾਰਮਾਂ ਦਾ ਸੰਚਾਲਨ ਕਰਨ ਵਾਲੀ ਕੰਪਨੀ ਮੈਟਾ ਚੋਣਾਂ 'ਚ ਝੂਠਾ ਪ੍ਰਚਾਰ, ਨਫਰਤ ਭਰੇ ਭਾਸਣ ਅਤੇ ਹਿੰਸਾ ਨੂੰ ਉਤਸਾਹਿਤ ਕਰਨ ਵਾਲੇ ਏ.ਆਈ. ਦੁਆਰਾ ਤਿਆਰ ਕੀਤੇ ਵਾਲੇ ਇਸਤਿਹਾਰਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਬਲਾਕ ਕਰਨ ਵਿੱਚ ਅਸਫਲ ਰਹੀ ਹੈ। ਇਸ ਤੋਂ ਉਸ ਨੇ ਕਾਫੀ ਕਮਾਈ ਕੀਤੀ। ਇਹ ਤੱਥ ਕਾਰਪੋਰੇਟ ਜਵਾਬਦੇਹੀ ਸਮੂਹ 'ਈਕੋ' ਦੁਆਰਾ ਇੰਡੀਆ ਸਿਵਲ ਵਾਚ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਤਾਜਾ ਅਧਿਐਨ ਵਿੱਚ ਸਾਹਮਣੇ ਆਇਆ ਹੈ। ਅਧਿਐਨ ਦੇ ਇਹ ਹੈਰਾਨ ਕਰਨ ਵਾਲੇ ਖੁਲਾਸੇ ਅਜਿਹੇ ਸਮੇਂ 'ਚ ਸਾਹਮਣੇ ਆਏ ਹਨ ਜਦੋਂ ਦੇਸ 'ਚ ਆਮ ਚੋਣਾਂ ਹੋ ਰਹੀਆਂ ਹਨ। ਬ੍ਰਿਟਿਸ ਅਖਬਾਰ 'ਦਿ ਗਾਰਡੀਅਨ' ਨਾਲ ਸਾਂਝੇ ਕੀਤੇ ਗਏ ਈਕੋ ਦੇ ਅਧਿਐਨ ਤੋਂ ਪਤਾ ਲੱਗਾ ਹੈ ਕਿ ਫੇਸਬੁੱਕ ਨੇ ਭਾਰਤ 'ਚ ਮੁਸਲਮਾਨਾਂ ਵਿਰੁੱਧ ਅਪਮਾਨਜਨਕ ਭਾਸਾ ਵਾਲੇ ਇਸਤਿਹਾਰਾਂ ਨੂੰ ਮਨਜ਼ੂਰੀ ਦਿੱਤੀ। ਅਜਿਹੇ ਇਸਤਿਹਾਰਾਂ ਵਿੱਚ 'ਆਓ ਇਸ ਕੀੜੇ ਨੂੰ ਸਾੜ ਦਿਓ' ਅਤੇ 'ਹਿੰਦੂ ਖੂਨ ਫੈਲ ਰਿਹਾ ਹੈ, ਇਨ੍ਹਾਂ ਹਮਲਾਵਰਾਂ ਨੂੰ ਸਾੜ ਦੇਣਾ ਚਾਹੀਦਾ ਹੈ' ਵਰਗੇ ਸਬਦ ਵਰਤੇ ਗਏ ਸਨ। ਕੁਝ ਨੇਤਾਵਾਂ ਨੇ ਪ੍ਰਚਾਰ ਲਈ ਹਿੰਦੂ ਸਰਵਉੱਚਤਾਵਾਦੀ ਭਾਸਾ ਦੀ ਵਰਤੋਂ ਕੀਤੀ। ਈਕੋ ਨੇ ਪਹਿਲਾਂ ਚਿਤਾਵਨੀ ਦਿੱਤੀ ਸੀ ਕਿ ਕਈ ਸਿਆਸੀ ਪਾਰਟੀਆਂ ਗੁੰਮਰਾਹਕੁੰਨ ਇਸਤਿਹਾਰਾਂ 'ਤੇ ਵੱਡੀ ਰਕਮ ਖਰਚਣ ਲਈ ਤਿਆਰ ਹਨ। ਮੈਟਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਇਸਤਿਹਾਰ ਉਨ੍ਹਾਂ ਦੀਆਂ ਨੀਤੀਆਂ ਦੀ ਉਲੰਘਣਾ ਕਰਦੇ ਹਨ। ਚੋਣਾਂ 'ਚ ਗਲਤ ਜਾਣਕਾਰੀ ਅਤੇ ਕੰਸੀਪੇਰੇਸੀ ਥਿਊਰੀ ਦੇ ਪ੍ਰਸਾਰ ਨੂੰ ਸੁਵਿਧਾਜਨਕ ਬਣਾ ਕੇ ਮੈਟਾ ਨੇ ਅਮਰੀਕਾ ਅਤੇ ਬ੍ਰਾਜੀਲ ਦੀ ਤਰ੍ਹਾਂ ਭਾਰਤ 'ਚ ਵੀ ਫਿਰਕੂ ਝਗੜੇ ਪੈਦਾ ਕਰਨ ਅਤੇ ਕਦੇ-ਕਦੇ ਹਿੰਸਾ ਭੜਕਾਉਣ 'ਚ ਯੋਗਦਾਨ ਦਿੱਤਾ ਹੈ। ਅਜਿਹੇ ਕਿਰਦਾਰਾਂ ਨੇ ਨੈੱਟਵਰਕ ਦਾ ਵੀ ਖੁਲਾਸਾ ਕੀਤਾ ਗਿਆ ਜਿਨ੍ਹਾਂ ਨੇ ਨਫਰਤ ਫੈਲਾਉਣ ਵਾਲੇ ਇਸ਼ਤਿਹਾਰਾਂ ਦਾ ਚੁਣਾਵੀ ਹਥਿਆਰ ਦੀ ਤਰ੍ਹਾਂ ਇਸਤੇਮਾਲ ਕੀਤਾ। ਇਸ ਨਾਲ ਮੈਟਾ ਨੂੰ ਆਰਥਿਕ ਲਾਭ ਮਿਲਿਆ। 8 ਮਈ ਤੋਂ 13 ਮਈ ਵਿਚਕਾਰ ਮੈਟਾ ਨੇ 14 ਬੇਹੱਦ ਭੜਕਾਊ ਇਸ਼ਤਿਹਾਰਾਂ ਨੂੰ ਮਨਜ਼ੂਰੀ ਦਿੱਤੀ। ਇਨ੍ਹਾਂ ਇਸ਼ਤਿਹਾਰਾਂ 'ਚ ਮੁਸਲਿਮ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਹਿੰਸਾ ਲਈ ਉਕਸਾਉਣ ਦੀ ਕੋਸ਼ਿਸ਼ ਕੀਤੀ ਗਈ। ਭਾਰਤੀ ਰਾਜਨੀਤਿਕ ਦ੍ਰਿਸ਼





ਵਿੱਚ ਪਹਿਲਾਂ ਹੀ ਪ੍ਰਚਲਿਤ ਸਾਜ਼ਿਸ ਦੇ ਸਿਧਾਂਤਾਂ ਦਾ ਫਾਇਦਾ ਉਠਾਉਂਦੇ ਹੋਏ, ਗਲਤ ਜਾਣਕਾਰੀ ਫੈਲਾਈ ਗਈ ਅਤੇ ਹਿੰਦੂ ਸਰਵਉੱਚਤਾਵਾਦੀ ਕਹਾਣੀਆਂ ਸੁਣਾ ਕੇ ਹਿੰਸਾ ਭੜਕਾਉਣ ਦੀ ਕੋਸ਼ਿਸ ਕੀਤੀ ਗਈ। ਗ੍ਰਹਿ ਮੰਤਰੀ ਦੀ ਵੀਡੀਓ ਨੂੰ ਮੋਰਫ ਕਰਕੇ ਇੱਕ ਇਸਤਿਹਾਰ ਦਿੱਤਾ ਗਿਆ ਸੀ, ਜਿਸ ਵਿੱਚ ਦਲਿਤਾਂ ਲਈ ਬਣਾਈਆਂ ਗਈਆਂ ਨੀਤੀਆਂ ਨੂੰ ਹਟਾਉਣ ਦੀ ਧਮਕੀ ਦਿੱਤੀ ਗਈ ਸੀ। ਇਸ ਕਾਰਨ ਵਿਰੋਧੀ ਧਿਰ ਦੇ ਆਗੂਆਂ ਨੂੰ ਨੋਟਿਸ ਦਿੱਤੇ ਗਏ ਅਤੇ ਗ੍ਰਿਫਤਾਰੀਆਂ ਕੀਤੀਆਂ ਗਈਆਂ। ਅਜਿਹੇ ਹਰ ਇਸਤਿਹਾਰ ਵਿੱਚ, ਏਆਈ ਟੂਲਸ ਦੀ ਵਰਤੋਂ ਕਰਕੇ ਫੋਟੋਆਂ ਬਣਾਈਆਂ ਗਈਆਂ ਸਨ। ਇਹ ਦਰਸਾਉਂਦਾ ਹੈ ਕਿ ਇਸ ਨਵੀਂ ਤਕਨੀਕ ਦੀ ਵਰਤੋਂ ਹਾਨੀਕਾਰਕ ਸਮੱਗਰੀ ਨੂੰ ਵਧਾਉਣ ਲਈ ਕਿੰਨੀ ਜਲਦੀ ਅਤੇ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਚੋਣਾਂ ਤੋਂ ਪਹਿਲਾਂ ਮੈਟਾ ਨੇ ਵਾਅਦਾ ਕੀਤਾ ਸੀ ਕਿ ਇਹ 'ਗਲਤ ਜਾਣਕਾਰੀ ਫੈਲਾਉਣ ਲਈ ਦੁਆਰਾ ਤਿਆਰ ਸਮੱਗਰੀ ਦੀ ਦੁਰਵਰਤੋਂ ਨੂੰ ਰੋਕੇਗੀ ਅਤੇ ਅਜਿਹੀ ਸਮੱਗਰੀ ਨੂੰ ਖੋਜਣ ਅਤੇ ਹਟਾਉਣ ਨੂੰ ਤਰਜੀਹ ਦੇਵੇਗੀ'। ਹਾਲਾਂਕਿ, ਸਿਸਟਮਿਕ ਅਸਫਲਤਾਵਾਂ ਦੇ ਕਾਫੀ ਸਬੂਤ ਹੋਣ ਦੇ ਬਾਵਜੂਦ ਮੈਟਾ ਢੁਕਵੇਂ ਸੁਧਾਰਾਤਮਕ ਉਪਾਵਾਂ ਨੂੰ ਲਾਗੂ ਕਰਨ ਵਿੱਚ ਅਸਫਲ ਰਹੀ ਹੈ।

## ਪੇਕੇ ਜਾਣ ਲਈ ਘਰੋਂ ਨਿਕਲੀ ਪਤਨੀ ਤਿੰਨ ਬੱਚਿਆਂ ਸਣੇ ਸ਼ੱਕੀ ਹਾਲਾਤ 'ਚ ਲਾਪਤਾ

ਮਾਛੀਵਾੜਾ ਸਾਹਿਬ 22 ਮਈ। ਪੇਕੇ ਜਾਣ ਲਈ ਤਿੰਨ ਬੱਚਿਆਂ ਸਮੇਤ ਬੱਸ 'ਚ ਬੈਠੀ ਔਰਤ ਸ਼ੱਕੀ ਹਾਲਾਤ 'ਚ ਲਾਪਤਾ ਹੋ ਗਈ। ਮਾਛੀਵਾੜਾ ਦੇ ਵਿਅਕਤੀ ਨੇ ਸ਼ਨੀਵਾਰ ਨੂੰ ਆਪਣੀ ਪਤਨੀ ਤੇ ਬੱਚਿਆਂ ਨੂੰ ਨਵਾਂਸ਼ਹਿਰ ਦੀ ਬੱਸ 'ਚ ਚੜ੍ਹਾਇਆ ਸੀ ਪਰ ਔਰਤ ਨਾ ਤਾਂ ਪੇਕੇ ਪਹੁੰਚੀ ਤੇ ਨਾ ਹੀ ਘਰ ਵਾਪਸ ਆਈ। ਉਨ੍ਹਾਂ ਦੀ ਪਛਾਣ ਮਾਂ ਨਰਿੰਦਰ ਕੌਰ, ਬੇਟੀ ਗੁਰਨੀਲ (10), ਹਰਲੀਨ (8) ਅਤੇ ਬੇਟੇ ਮਨਕਰਨ (5) ਵਜੋਂ ਹੋਈ ਹੈ। ਪਤੀ ਪ੍ਰਿਤਪਾਲ ਸਿੰਘ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਨੇ ਮਾਮਲਾ ਦਰਜ ਕਰ ਕੇ ਚਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਫ਼ਿਲਹਾਲ ਅਜੇ ਤੱਕ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ। ਪ੍ਰਿਤਪਾਲ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸਦਾ ਵਿਆਹ 2013 'ਚ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਰੁੜਕੀ ਮੁਗਲਾ ਦੀ ਨਰਿੰਦਰ ਕੌਰ ਨਾਲ ਹੋਇਆ ਸੀ। ਉਸਦੇ ਤਿੰਨ ਬੱਚੇ ਪੈਦਾ ਹੋਏ। ਉਸਨੇ ਪਤਨੀ ਤੇ ਤਿੰਨੇ ਬੱਚਿਆਂ ਨੂੰ 18 ਮਈ ਨੂੰ ਮਾਛੀਵਾੜਾ ਤੋਂ ਨਵਾਂਸ਼ਹਿਰ ਦੀ ਬੱਸ 'ਚ ਚੜ੍ਹਾਇਆ ਸੀ ਪਰ ਉਹ ਉੱਥੇ ਨਹੀਂ ਪੁੱਜੇ। ਜਦੋਂ ਉਸਨੇ ਪਤਨੀ ਨੂੰ ਫੋਨ ਕੀਤਾ ਤਾਂ ਉਸਦਾ ਨੰਬਰ ਬੰਦ ਆ ਰਿਹਾ ਸੀ। ਉਸਨੇ ਸਹੁਰੇ ਘਰ ਪਤਾ ਕੀਤਾ ਤਾਂ ਉਨ੍ਹਾਂ ਨੇ ਵੀ ਚਾਰਾਂ ਦੇ ਨਾ ਪਹੁੰਚਣ ਦੀ ਜਾਣਕਾਰੀ ਦਿੱਤੀ। ਪ੍ਰਿਤਪਾਲ ਮੁਤਾਬਕ ਉਸਨੇ ਪਤਨੀ ਤੇ ਬੱਚਿਆਂ ਦੀ ਭਾਲ ਕੀਤੀ ਪਰ ਕੋਈ ਸੁਰਾਗ ਨਹੀਂ ਮਿਲਿਆ। ਮਾਛੀਵਾੜਾ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪਤੀ ਪ੍ਰਿਤਪਾਲ ਦੇ ਬਿਆਨ 'ਤੇ ਪਰਚਾ ਦਰਜ ਕਰ ਚਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।